ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

17-23 ਮਈ 2023

ਸਾਲ 14ਵਾਂ - ਅੰਕ 21
email : info@sadelok.com
Ph. : 510-706-1300
Fax : 925-373-1300

## ਇੰਡੋਨੇਸ਼ੀਆ ਏਅਰਪੋਰਟ ’ਤੇ ਦੋ ਪੰਜਾਬੀ ਕਤਲ ਕੇਸ ’ਚ ਗ੍ਰਿਫ਼ਤਾਰ
## ਹੋ ਸਕਦੀ ਹੈ ਸਜ਼ਾ-ਏ ਮੌਤ
### ਕਮਿਊਨਿਟੀ ਵਲੋਂ ਭਾਰਤ ਸਰਕਾਰ ਨੂੰ ਮਦਦ ਦੀ ਅਪੀਲ



(ਦੇਖੋ ਸਫ਼ਾ 30 ’ਤੇ)



ਸ਼ਹੀਦਾਂ ਦੇ ਸਰਤਾਜ
**ਸ੍ਰੀ ਗੁਰੂ ਅਰਜਨ ਦੇਵ ਜੀ**
ਦੇ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਨੂੰ ਕੋਟਿ-ਕੋਟਿ ਪ੍ਰਣਾਮ 32

**ਸ. ਸਤਨਾਮ ਸਿੰਘ ਬੱਲ ਤੇ ਪ੍ਰਵਾਰ ਨੂੰ ਭਾਰੀ ਸਦਮਾ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਪਿਆਰ ਕੌਰ ਜੀ ਨਹੀਂ ਰਹੇ**



28

**ਜਲੰਧਰ ਜ਼ਿਮਨੀ ਚੋਣ: ‘ਆਪ’ ਨੇ ਢਾਹਿਆ ਕਾਂਗਰਸ ਦਾ ਕਿਲਾ**



18

# ਗੁਰੂਘਰਾਂ ’ਚ ਲਗਾਤਾਰ ਹੋ ਰਹੀ ਬੇਅਦਬੀ
## ਦੁਨੀਆਂ ਭਰ ਦੇ ਸਿੱਖਾਂ ’ਚ ਭਾਰੀ ਰੋਸ

ਪਟਿਆਲਾ : ਇਥੋਂ ਦੇ ਇਤਿਹਾਸਕ ਗੁਰਦੁਆਰਾ ਦੂਖ-ਨਿਵਾਰਨ ਸਾਹਿਬ ਵਿਚ ਦੇਰ ਕਥਿਤ ਸ਼ਰਾਬੀ ਔਰਤ ਨੂੰ ਸ਼ਰਧਾਲੂ ਨੇ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਔਰਤ ਦੇ ਆਧਾਰ ਕਾਰਡ ਤੋਂ ਉਸ ਦੀ ਪਛਾਣ ਪਰਵਿੰਦਰ ਕੌਰ (32) ਹੋਈ ਹੈ ਪਰ ਆਧਾਰ ਕਾਰਡ ’ਤੇ ਦਿੱਤੇ ਪਤੇ ਅਨੁਸਾਰ ਇਹ ਔਰਤ ਇੱਥੇ ਨਹੀਂ ਰਹਿੰਦੀ ਸੀ। ਕਥਿਤ ਤੌਰ ’ਤੇ ਗੋਲੀਆਂ ਮਾਰਨ ਵਾਲੇ ਨਿਰਮਲਜੀਤ ਸਿੰਘ ਨੇ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਪੁਲੀਸ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ। ਪੁਲੀਸ ਨੇ ਕੇਸ ਦਰਜ ਕਰ ਲਿਆ ਹੈ। ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਘਟਨਾ ਦੀ ਹੋਰ ਜਾਂਚ ਕਰ ਰਹੀ ਹੈ। ਪਰਵਿੰਦਰ ਕੌਰ ਗੁਰਦੁਆਰੇ ਦੇ ਸਰੋਵਰ ਦੀ ਪਰਿਕਰਮਾ ਤੇ ਕਥਿਤ ਤੌਰ ’ਤੇ ਜ਼ਰਦਾ ਮਲ ਰਹੀ ਹੈ, ਜਿਸ ਬਾਰੇ ਸੇਵਾਦਾਰਾਂ ਨੂੰ ਪਤਾ ਲੱਗਾ ਤਾਂ ਸੇਵਾਦਾਰਾਂ ਨੇ ਉਸ ਔਰਤ ਨੂੰ ਰੋਕਿਆ ਪਰ ਉਹ ਔਰਤ ਨਾ ਮੰਨੀ।

ਸੇਵਾਦਾਰ ਜਦੋਂ ਉਸ ਔਰਤ ਨੂੰ ਮੈਨੇਜਰ ਕੋਲ ਲੈ ਜਾਣ ਲੱਗੇ ਤਾਂ ਔਰਤ ਨੇ ਸੇਵਾਦਾਰ ’ਤੇ ਹਮਲਾ ਕਰ ਦਿੱਤਾ। ਇਸ ਔਰਤ ਕੋਲ ਕਥਿਤ ਸ਼ਰਾਬ ਦਾ ਪਊਆ ਵੀ ਨਿਕਲਿਆ। ਗੁਰਦੁਆਰੇ ਦੇ ਐਡੀਸ਼ਨਲ ਮੈਨੇਜਰ ਕਰਨੈਲ ਸਿੰਘ ਵਿਰਕ ਨੇ ਦੱਸਿਆ ਜਦੋਂ ਇਹ ਔਰਤ ਦਫਤਰ ਵਿਚ ਲਿਆਂਦੀ ਗਈ ਤਾਂ ਇਸ ਦੀ ਹਾਲਤ ਦੇਖ ਕੇ ਪੁਲੀਸ ਬੁਲਾ ਲਈ ਗਈ, ਜਦੋਂ ਪੁਲੀਸ ਇਸ ਔਰਤ ਨੂੰ ਲੈ ਕੇ ਜਾ ਰਹੀ ਸੀ ਤਾਂ ਨਿਰਮਲਜੀਤ ਸਿੰਘ ਔਰਤ ਨੂੰ ਆਪਣੇ ਲਾਇਸੈਂਸੀ ਰਿਵਾਲਵਰ ਨਾਲ ਗੋਲੀਆਂ ਮਾਰ ਦਿੱਤੀਆਂ। ਪਹਿਲੀ ਗੋਲੀ ਪੇਟ ਵਿਚ ਲੱਗੀ ਆਖਰੀ ਗੋਲੀ ਸਿਰ ਵਿਚ। ਸੂਤਰਾਂ ਅਨੁਸਾਰ ਔਰਤ ਦਾ ਦੋ ਵਾਰ ਤਲਾਕ ਹੋ ਚੁੱਕਿਆ ਹੈ। ਔਰਤ ਨਸ਼ੇੜੀ ਸੀ, ਜਿਸ ਦੀ ਡਾਕਟਰਾਂ ਕੋਲੋਂ ਦਵਾਈ ਵੀ ਚੱਲ ਰਹੀ ਸੀ। ਇਸ ਔਰਤ ਨੂੰ ਸ਼ਰਾਬ ਪੀਣ ਤੋਂ ਡਾਕਟਰਾਂ ਨੇ ਮਨ੍ਹਾਂ ਕੀਤਾ ਸੀ। ਔਰਤ ਨੂੰ ਘਰਦਿਆਂ ਵਲੋਂ ਬੇਦਖਲ ਕੀਤਾ ਹੋਇਆ ਹੈ। ਆਮ ਤੌਰ ’ਤੇ ਇਹ ਬਿਊਟੀ ਪਾਰਲਰ ’ਤੇ ਕੰਮ ਕਰਦੀ ਸੀ। ਇਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਗੁਰਦੁਆਰਾ ਦੂਖਨਿਵਾਰਨ ਸਾਹਿਬ ਦੀ ਨਿੱਜੀ ਸੁਰੱਖਿਆ ਦੀ ਮੌਜੂਦਗੀ ਵਿਚ ਔਰਤ ਸ਼ਰੇਆਮ ਨਸ਼ਾ ਕਰ ਰਹੀ ਹੈ ਤੇ ਸੁਰੱਖਿਆ ਕੁਝ ਵੀ ਨਹੀਂ ਕਰ ਸਕੀ।ਇਸ ਦੌਰਾਨ ਸਾਗਰ

(ਦੇਖੋ ਸਫ਼ਾ 24 ’ਤੇ)

## ਕੈਲੀਫੋਰਨੀਆ ’ਚ ਜਾਤੀ ਆਧਾਰਿਤ ਭੇਦਭਾਵ ’ਤੇ ਪਾਬੰਦੀ ਲਗਾਉਣ ਵਾਲਾ ਬਿੱਲ ਪਾਸ



ਵਾਸ਼ਿੰਗਟਨ : ਅਮਰੀਕਾ ’ਚ ਕੈਲੀਫੋਰਨੀਆ ਸਟੇਟ ਸੀਨੇਟ ਨੇ ਜਾਤੀ ਆਧਾਰਿਤ ਭੇਦਭਾਵ ’ਤੇ ਪਾਬੰਦੀ ਲਗਾਉਣ ਲਈ ਵੀਰਵਾਰ ਨੂੰ ਇਕ ਬਿੱਲ ਪਾਸ ਕੀਤਾ। ਇਸ ਬਿੱਲ ਨੂੰ ਇਕ ਦੇ ਮੁਕਾਬਲੇ 34 ਵੋਟਾਂ ਨਾਲ ਪਾਸ ਕੀਤਾ ਗਿਆ। ਇਸ ਨਾਲ ਕੈਲੀਫੋਰਨੀਆ ਅਮਰੀਕਾ ਦਾ ਪਹਿਲਾ ਸੂਬੇ ਬਣ ਜਾਏਗਾ, ਜੋ ਆਪਣੇ ਭੇਦਭਾਵ ਰੋਕੂ ਬਿੱਲਾਂ ’ਚ ਜਾਤੀ ਦੀ ਸ਼੍ਰੇਣੀ ਵੀ ਜੋੜੇਗਾ।

ਇਸ ਬਿੱਲ ਨੂੰ ਪੇਸ਼ ਕਰਨ ਵਾਲੇ ਲੋਕਾਂ ਨੇ ਦੱਸਿਆ ਕਿ ਸੂਬੇ ਦੀ ਪ੍ਰਤੀਨਿਧੀ ਸਭਾ ਵਿੱਚ ਵੀ ਅਜਿਹਾ ਹੀ ਇਕ ਬਿੱਲ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਤੋਂ ਬਾਅਦ ਇਸ ਨੂੰ ਕਾਨੂੰਨ ਦਾ ਰੂਪ ਦੇਣ ਲਈ ਗਵਰਨਰ ਕੋਲ ਦਸਤਖ਼ਤ

(ਦੇਖੋ ਸਫ਼ਾ 3 ’ਤੇ)

## ਫਰਿਜ਼ਨੋ ਕੈਲੀਫੋਰਨੀਆ ਵਿਖੇ ਭਿਆਨਕ ਸੜਕ ਹਾਦਸੇ ’ਚ ਪਿਓ-ਪੁੱਤ ਦੀ ਮੌਤ



ਫਰਿਜ਼ਨੋ/ਕੈਲੀਫੋਰਨੀਆ : ਅਮਰੀਕਾ ਦੇ ਸ਼ਹਿਰ ਫਰਿਜ਼ਨੋ ਤੋਂ ਦੁਖ਼ਦਾਇਕ ਖ਼ਬਰ ਸਾਹਮਣੇ ਆਈ ਹੈ। ਡਾਕਟਰੀ ਦੀ ਪੜ੍ਹਾਈ ਪੂਰੀ ਕਰਕੇ ਡਿਗਰੀ ਲੈਣ ਮਗਰੋਂ ਪਰਿਵਾਰ ਨਾਲ ਡਿਗਰੀ ਮਿਲਣ ਦੀ ਖ਼ੁਸ਼ੀ ’ਚ ਪਾਰਟੀ ਕਰਨ ਜਾ ਰਹੇ ਨੌਜਵਾਨ ਡਾਕਟਰ ਅਤੇ ਉਸ ਦੇ ਪਿਤਾ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਇਸ ਹਾਦਸੇ ਵਿਚ ਮਾਂ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਈ। ਨੌਜਵਾਨ ਡਾਕਟਰ ਦੇ ਪਿਤਾ ਪੇਸ਼ੇ ਵਜੋਂ ਵਕੀਲ ਸਨ।

ਮਰਨ ਵਾਲੇ ਪਿਓ-ਪੁੱਤ ਦੀ ਪਛਾਣ ਕਸਬਾ ਭੁਲੱਥ ਦੇ ਨਜ਼ਦੀਕੀ ਪਿੰਡ ਬੋਪਾਰਾਏ ਦੇ ਵਕੀਲ ਕੁਲਵਿੰਦਰ ਸਿੰਘ ਹੰਸਪਾਲ ਅਤੇ ਉਨ੍ਹਾਂ ਦੇ ਬੇਟੇ ਸੁਖਵਿੰਦਰ ਸਿੰਘ ਦੇ ਰੂਪ ’ਚ ਹੋਈ ਹੈ। ਉਥੇ ਹੀ ਕੁਲਵਿੰਦਰ ਸਿੰਘ ਦੀ ਪਤਨੀ ਬਲਬੀਰ ਕੌਰ ਹਾਦਸੇ ’ਚ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਕੁਲਵਿੰਦਰ ਸਿੰਘ ਹੰਸਪਾਲ ਦੇ ਭਰਾ ਹਰਜਿੰਦਰ ਸਿੰਘ ਵਾਸੀ ਪਿੰਡ ਬੋਪਾਰਾਏ ਨੇ ਦੱਸਿਆ ਕਿ ਉਨ੍ਹਾਂ ਦਾ ਭਰਾ ਕੁਲਵਿੰਦਰ ਸਿੰਘ ਹੰਸਪਾਲ ਪਿਛਲੇ ਕਰੀਬ 15 ਸਾਲ ਤੋਂ ਅਮਰੀਕਾ ’ਚ ਆਪਣੀ ਪਤਨੀ ਅਤੇ ਬੇਟੇ ਨਾਲ ਰਹਿ ਰਿਹਾ ਸੀ।

10 ਮਈ ਨੂੰ ਕੁਲਵਿੰਦਰ ਸਿੰਘ ਆਪਣੇ ਬੇਟੇ ਸੁਖਵਿੰਦਰ ਸਿੰਘ ਅਤੇ ਪਤਨੀ ਬਲਬੀਰ ਕੌਰ ਨਾਲ ਆਪਣੇ ਬੇਟੇ ਨੂੰ

(ਦੇਖੋ ਸਫ਼ਾ 3 ’ਤੇ)

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ ’ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases
44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ ’ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
info@khalsaaffairs.com
(925) 243-1300

Bhatia & Co, Inc
Certified Public Accountants
AICPA
Our Services :
- Business Tax (C crop/S corp/LLC etc)
- Individual Tax
- Estate Tax
- Internation Tax (FBAR/FATCA/5471/5472 etc)
- Non-Profit entities (Formation,IRS,FTB&DOJ approval)
- Accounting & Payroll
- Sales & Other Taxes
- Financial Audit & Review
- Tax Audit & Representation (IRS/FTB/BOE etc)
- Collection, Lien & Back Taxes
- Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
- ਪੌਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ
- BIA ਅਪੀਲ • 9 Circuit ਅਪੀਲ
- ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu
Attorney at Law
510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਕੈਲੀਫੋਰਨੀਆ 'ਚ ਜਾਤੀ ਆਧਾਰਿਤ ਭੇਦਭਾਵ 'ਤੇ ਪਾਬੰਦੀ ਲਗਾਉਣ ਵਾਲਾ ਬਿੱਲ ਪਾਸ



ਵਾਸ਼ਿੰਗਟਨ : ਅਮਰੀਕਾ 'ਚ ਕੈਲੀਫੋਰਨੀਆ ਸਟੇਟ ਸੀਨੇਟ ਨੇ ਜਾਤੀ ਆਧਾਰਿਤ ਭੇਦਭਾਵ 'ਤੇ ਪਾਬੰਦੀ ਲਗਾਉਣ ਲਈ ਵੀਰਵਾਰ ਨੂੰ ਇਕ ਬਿੱਲ ਪਾਸ ਕੀਤਾ। ਇਸ ਬਿੱਲ ਨੂੰ ਇਕ ਦੇ ਮੁਕਾਬਲੇ 34 ਵੋਟਾਂ ਨਾਲ ਪਾਸ ਕੀਤਾ ਗਿਆ। ਇਸ ਨਾਲ ਕੈਲੀਫੋਰਨੀਆ ਅਮਰੀਕਾ ਦਾ ਪਹਿਲਾ ਸੂਬੇ ਬਣ ਜਾਏਗਾ, ਜੋ ਆਪਣੇ ਭੇਦਭਾਵ ਰੋਕੂ ਬਿੱਲਾਂ 'ਚ ਜਾਤੀ ਦੀ ਸ਼੍ਰੇਣੀ ਵੀ ਜੋੜੇਗਾ।

ਇਸ ਬਿੱਲ ਨੂੰ ਪੇਸ਼ ਕਰਨ ਵਾਲੇ ਲੋਕਾਂ ਨੇ ਦੱਸਿਆ ਕਿ ਸੂਬੇ ਦੀ ਪ੍ਰਤੀਨਿਧੀ ਸਭਾ ਵਿੱਚ ਵੀ ਅਜਿਹਾ ਹੀ ਇਕ ਬਿੱਲ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਤੋਂ ਬਾਅਦ ਇਸ ਨੂੰ ਕਾਨੂੰਨ ਦਾ ਰੂਪ ਦੇਣ ਲਈ ਗਵਰਨਰ ਕੋਲ ਦਸਤਖ਼ਤ ਲਈ ਭੇਜਿਆ ਜਾਵੇਗਾ। ਕੈਲੀਫੋਰਨੀਆ ਦੀ ਸੀਨੇਟਰ ਆਯਸ਼ਾ ਵਹਾਬ ਵੱਲੋਂ ਪੇਸ਼ ਕੀਤਾ ਬਿੱਲ 'ਐੱਸ. ਬੀ. 403' ਇਕ ਮੌਜੂਦਾ ਕਾਨੂੰਨ 'ਚ ਜਾਤੀ ਨੂੰ ਸੁਰੱਖਿਅਤ ਸ਼੍ਰੇਣੀ ਦੇ ਰੂਪ ਵਿੱਚ ਜੋੜਦਾ ਹੈ। ਕੈਲੀਫੋਰਨੀਆ 'ਚ ਜਾਤੀ ਵਿਤਕਰੇ 'ਤੇ ਲੱਗੇਗੀ ਰੋਕ : ਬਿੱਲ ਪਾਸ ਹੋਣ ਤੋਂ ਬਾਅਦ ਜੇਕਰ ਕੋਈ ਵਿਅਕਤੀ ਕੈਲੀਫੋਰਨੀਆ 'ਚ ਜਾਤ ਦੇ ਆਧਾਰ 'ਤੇ ਵਿਤਕਰਾ ਕਰਦਾ ਹੈ ਤਾਂ ਇਸ ਨੂੰ ਅਪਰਾਧ ਮੰਨਿਆ ਜਾਵੇਗਾ। ਬਿੱਲ ਨੂੰ ਪਾਸ ਕਰਨ ਦੇ ਪੱਖ 'ਚ 34 ਵੋਟਾਂ ਪਈਆਂ, ਜਦਕਿ ਇਸ ਦੇ ਵਿਰੋਧ 'ਚ ਸਿਰਫ 1 ਵੋਟ ਪਈ। ਇਹ ਕਾਨੂੰਨ ਕੈਲੀਫੋਰਨੀਆ ਰਾਜ ਦੇ ਸਾਰੇ ਲੋਕਾਂ ਨੂੰ ਸਾਰੇ ਵਪਾਰਕ ਅਦਾਰਿਆਂ ਵਿੱਚ ਰਿਹਾਇਸ਼, ਸਹੂਲਤਾਂ, ਵਿਸ਼ੇਸ਼ ਅਧਿਕਾਰਾਂ ਜਾਂ ਸੇਵਾਵਾਂ ਦੇ ਬਰਾਬਰ ਅਧਿਕਾਰ ਦੇਵੇਗਾ।

# ਫਰਿਜ਼ਨੋ ਕੈਲੀਫੋਰਨੀਆ ਵਿਖੇ ਭਿਆਨਕ ਸੜਕ ਹਾਦਸੇ 'ਚ ਪਿਓ-ਪੁੱਤ ਦੀ ਮੌਤ





ਫਰਿਜ਼ਨੋ/ਕੈਲੀਫੋਰਨੀਆ : ਅਮਰੀਕਾ ਦੇ ਸ਼ਹਿਰ ਫਰਿਜ਼ਨੋ ਤੋਂ ਦੁਖ਼ਦਾਇਕ ਖ਼ਬਰ ਸਾਹਮਣੇ ਆਈ ਹੈ। ਡਾਕਟਰੀ ਦੀ ਪੜ੍ਹਾਈ ਪੂਰੀ ਕਰਕੇ ਡਿਗਰੀ ਲੈਣ ਮਗਰੋਂ ਪਰਿਵਾਰ ਨਾਲ ਡਿਗਰੀ ਮਿਲਣ ਦੀ ਖ਼ੁਸ਼ੀ 'ਚ ਪਾਰਟੀ ਕਰਨ ਜਾ ਰਹੇ ਨੌਜਵਾਨ ਡਾਕਟਰ ਅਤੇ ਉਸ ਦੇ ਪਿਤਾ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਇਸ ਹਾਦਸੇ ਵਿਚ ਮਾਂ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਈ। ਨੌਜਵਾਨ ਡਾਕਟਰ ਦੇ ਪਿਤਾ ਪੇਸ਼ੇ ਵਜੋਂ ਵਕੀਲ ਸਨ। ਮਰਨ ਵਾਲੇ ਪਿਓ-ਪੁੱਤ ਦੀ ਪਛਾਣ ਕਸਬਾ ਭੁਲੱਥ ਦੇ ਨਜ਼ਦੀਕੀ ਪਿੰਡ ਬੋਪਾਰਾਏ ਦੇ ਵਕੀਲ ਕੁਲਵਿੰਦਰ ਸਿੰਘ ਹੰਸਪਾਲ ਅਤੇ ਉਨ੍ਹਾਂ ਦੇ ਬੇਟੇ ਸੁਖਵਿੰਦਰ ਸਿੰਘ ਦੇ ਰੂਪ 'ਚ ਹੋਈ ਹੈ। ਉਥੇ ਹੀ ਕੁਲਵਿੰਦਰ ਸਿੰਘ ਦੀ ਪਤਨੀ ਬਲਬੀਰ ਕੌਰ ਹਾਦਸੇ 'ਚ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਕੁਲਵਿੰਦਰ ਸਿੰਘ ਹੰਸਪਾਲ ਦੇ ਭਰਾ ਹਰਜਿੰਦਰ ਸਿੰਘ ਵਾਸੀ ਪਿੰਡ ਬੋਪਾਰਾਏ ਨੇ ਦੱਸਿਆ ਕਿ ਉਨ੍ਹਾਂ ਦਾ ਭਰਾ ਕੁਲਵਿੰਦਰ ਸਿੰਘ ਹੰਸਪਾਲ ਪਿਛਲੇ ਕਰੀਬ 15 ਸਾਲ ਤੋਂ ਅਮਰੀਕਾ 'ਚ ਆਪਣੀ ਪਤਨੀ ਅਤੇ ਬੇਟੇ ਨਾਲ ਰਹਿ ਰਿਹਾ ਸੀ। 10 ਮਈ ਨੂੰ ਕੁਲਵਿੰਦਰ ਸਿੰਘ ਆਪਣੇ ਬੇਟੇ ਸੁਖਵਿੰਦਰ ਸਿੰਘ ਅਤੇ ਪਤਨੀ ਬਲਬੀਰ ਕੌਰ ਨਾਲ ਆਪਣੇ ਬੇਟੇ ਨੂੰ ਡਾਕਟਰ ਦੀ ਡਿਗਰੀ ਮਿਲਣ ਦੀ ਖ਼ੁਸ਼ੀ 'ਚ ਪਾਰਟੀ ਕਰਨ ਆਪਣੀ ਕਾਰ 'ਚ ਜਾ ਰਹੇ ਸਨ ਤਾਂ ਰਸਤੇ 'ਚ ਇਕ ਹੋਰ ਕਾਰ ਦਾ ਟਾਇਰ ਖੁੱਲ੍ਹ ਕੇ ਇਨ੍ਹਾਂ ਦੀ ਗੱਡੀ ਨਾਲ ਟਕਰਾਅ ਗਿਆ। ਇਸ ਦੌਰਾਨ ਕੁਲਵਿੰਦਰ ਦੀ ਗੱਡੀ ਦਾ ਸੰਤੁਲਨ ਵਿਗੜ ਗਿਆ ਅਤੇ ਗੱਡੀ ਪਲਟ ਗਈ। ਇਸ ਦੌਰਾਨ ਸੁਖਵਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਕੁਲਵਿੰਦਰ ਸਿੰਘ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਦੋ ਦਿਨ ਬਾਅਦ ਉਨ੍ਹਾਂ ਦੀ ਵੀ ਮੌਤ ਹੋ ਗਈ। ਉਥੇ ਹੀ ਦੂਜੇ ਪਾਸੇ ਮੌਤ ਦੀ ਖ਼ਬਰ ਸੁਣਦੇ ਹੀ ਪਰਿਵਾਰ ਅਤੇ ਪਿੰਡ ਬੋਪਾਰਾਏ ਵਿਚ ਸੋਗ ਦੀ ਲਹਿਰ ਛਾ ਗਈ ਹੈ।

# ਭਾਰਤੀ ਮੂਲ ਦੀ ਪ੍ਰਤਿਮਾ ਨੂੰ ਨਿਊਯਾਰਕ ਪੁਲਸ ਵਿਭਾਗ 'ਚ ਮਿਲਿਆ ਸਰਵਉਚ ਰੈਂਕ



ਨਿਊਯਾਰਕ : ਅਮਰੀਕਾ ਵਿਚ ਨਿਊਯਾਰਕ ਪੁਲਸ ਵਿਭਾਗ ਵਿਚ ਭਾਰਤੀ ਮੂਲ ਦੀ ਅਧਿਕਾਰੀ ਕੈਪਟਨ ਪ੍ਰਤਿਮਾ ਭੁੱਲਰ ਮਾਲਡੋਨਾਡੋ ਸਰਵਉੱਚ ਰੈਂਕ ਵਾਲੀ ਦੱਖਣੀ ਏਸ਼ੀਆਈ ਮਹਿਲਾ ਬਣ ਗਈ ਹੈ। ਪ੍ਰਤਿਮਾ ਨੂੰ ਹਾਲ ਹੀ ਵਿਚ ਇਸ ਅਹੁਦੇ 'ਤੇ ਤਰੱਕੀ ਦਿੱਤੀ ਗਈ ਸੀ। ਮਾਲਡੋਨਾਡੋ ਕੁਈਨਜ਼ ਸਥਿਤ ਸਾਊਥ ਰਿਚਮੰਡ ਹਿੱਲ ਵਿਚ 102ਵੇਂ ਪੁਲਸ ਕੰਪਲੈਕਸ ਵਿਚ ਤਾਇਨਾਤ ਹੈ। ਸੀ.ਬੀ.ਐੱਸ. ਨਿਊਜ਼ ਮੁਤਾਬਕ ਉਨ੍ਹਾਂ ਨੂੰ ਪਿਛਲੇ ਮਹੀਨੇ ਕੈਪਟਨ ਦੇ ਅਹੁਦੇ 'ਤੇ ਤਰੱਕੀ ਦਿੱਤੀ ਗਈ ਸੀ। ਚਾਰ ਬੱਚਿਆਂ ਦੀ ਮਾਂ ਪ੍ਰਤਿਮਾ ਦਾ ਜਨਮ ਪੰਜਾਬ ਵਿਚ ਹੋਇਆ ਸੀ ਅਤੇ ਉਹ ਉਥੇ 9 ਸਾਲ ਦੀ ਉਮਰ ਤੱਕ ਰਹੀ। ਇਸ ਤੋਂ ਬਾਅਦ ਉਹ ਨਿਊਯਾਰਕ ਦੇ ਕੁਈਨਜ਼ ਆ ਗਈ। ਨਿਊਯਾਰਕ ਪੁਲਸ ਵਿਭਾਗ ਮੁਤਾਬਕ ਉਨ੍ਹਾਂ ਦੇ ਵਿਭਾਗ ਵਿਚ ਕੁੱਲ 33,787 ਮੈਂਬਰ ਹਨ, ਜਿਨ੍ਹਾਂ ਵਿਚੋਂ 10.5 ਫ਼ੀਸਦੀ ਏਸ਼ੀਆਈ ਮੂਲ ਦੇ ਹਨ। ਪ੍ਰਤਿਮਾ ਨੇ ਕਿਹਾ, 'ਮੇਰੇ ਪਿਤਾ ਜੀ ਅਸਲ ਵਿਚ ਕਈ ਸਾਲਾਂ ਤੋਂ ਟੈਕਸੀ ਚਲਾਉਂਦੇ ਸਨ। ਉਨ੍ਹਾਂ ਨੇ ਸਾਡਾ ਸਾਥ ਦਿੱਤੀ। ਉਹ ਮਿਹਨਤੀ ਸਨ। ਸਾਲ 2006 ਵਿਚ ਮੇਰੇ ਪੁਲਸ ਮੁਲਾਜ਼ਮ ਬਨਣ ਤੋਂ ਪਹਿਲਾਂ ਉਨ੍ਹਾਂ ਦਾ ਦਿਹਾਂਤ ਹੋ ਗਿਆ ਸੀ। ਜੇਕਰ ਉਹ ਅੱਜ ਹੁੰਦੇ ਤਾਂ ਉਨ੍ਹਾਂ ਨੂੰ ਮਾਣ ਹੁੰਦਾ।'

# ਅਮਰੀਕੀ ਸੈਨਟ ਵੱਲੋਂ ਗੀਤਾ ਰਾਓ ਗੁਪਤਾ ਦੀ ਔਰਤਾਂ ਦੇ ਮੁੱਦਿਆਂ ਬਾਰੇ ਕੌਮਾਂਤਰੀ ਰਾਜਦੂਤ ਵਜੋਂ ਨਿਯੁਕਤੀ ਦੀ ਪੁਸ਼ਟੀ

ਵਾਸ਼ਿੰਗਟਨ (ਏਐਨਆਈ): ਅਮਰੀਕੀ ਸੈਨੇਟ ਨੇ ਭਾਰਤੀ-ਅਮਰੀਕੀ ਡਾਕਟਰ ਗੀਤਾ ਰਾਓ ਗੁਪਤਾ ਨੂੰ ਵਿਦੇਸ਼ ਵਿਭਾਗ ਵਿੱਚ ਔਰਤਾਂ ਨਾਲ ਸਬੰਧਤ ਗਲੋਬਲ ਮੁੱਦਿਆਂ ਲਈ 'ਅੰਬੈਸੇਡਰ-ਐਟ-ਲਾਰਜ' 'ਤੇ ਨਿਯੁਕਤ ਕਰਨ 'ਤੇ ਮੁਹਰ ਲਗਾ ਦਿੱਤੀ ਹੈ। ਸਕੱਤਰ ਦੇ ਦਫ਼ਤਰ ਨੇ ਟਵੀਟ ਕੀਤਾ ਕਿ 'ਡਾ. ਗੀਤਾ ਰਾਓ ਗੁਪਤਾ ਦੀ ਅਮਰੀਕੀ ਸੈਨੇਟ ਦੁਆਰਾ ਗਲੋਬਲ ਵੂਮੈਨਜ਼ ਇਸ਼ੂਜ਼ ਦੇ ਦਫ਼ਤਰ ਲਈ ਰਾਜਦੂਤ-ਐਟ-ਲਾਰਜ ਵਜੋਂ ਪੁਸ਼ਟੀ ਕੀਤੀ ਗਈ ਸੀ। @StateDept ਅਮਰੀਕੀ ਵਿਦੇਸ਼ ਨੀਤੀ ਦੁਆਰਾ ਔਰਤਾਂ ਅਤੇ ਕੁੜੀਆਂ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਦੇ ਯਤਨਾਂ ਤੋਂ ਕਾਫੀ ਪ੍ਰਭਾਵਿਤ ਹੈ'। ਰਾਸ਼ਟਰਪਤੀ ਜੋਅ ਬਾਈਡੇਨ ਨੇ ਗੁਪਤਾ ਨੂੰ ਇਸ ਭੂਮਿਕਾ ਲਈ ਨਾਮਜ਼ਦ ਕੀਤਾ ਅਤੇ ਉਸ ਨੂੰ ਇਸ ਹਫ਼ਤੇ ਦੇ ਸ਼ੁਰੂ ਵਿੱਚ 51-47 ਦੇ ਵੋਟ ਨਾਲ ਉਸ ਦੇ ਨਾਮ ਦੀ ਪੁਸ਼ਟੀ ਹੋਈ। ਅਮਰੀਕੀ ਵਿਦੇਸ਼ ਵਿਭਾਗ ਨੇ ਉਨ੍ਹਾਂ ਦੀ ਨਿਯੁਕਤੀ ਦਾ ਸਵਾਗਤ ਕੀਤਾ ਹੈ। ਗੁਪਤਾ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲਿੰਗ ਸਮਾਨਤਾ ਅਤੇ ਔਰਤਾਂ ਦੀ ਆਰਥਿਕ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਵਾਲੇ ਨੇਤਾ ਵਜੋਂ ਜਾਣਿਆ ਜਾਂਦਾ ਹੈ। ਵਿਦੇਸ਼ ਵਿਭਾਗ ਨੇ ਸ਼ੁੱਕਰਵਾਰ ਨੂੰ ਟਵੀਟ ਕੀਤਾ ਕਿ 'ਅਮਰੀਕਾ ਦੀ ਵਿਦੇਸ਼ ਨੀਤੀ ਰਾਹੀਂ ਔਰਤਾਂ ਅਤੇ ਕੁੜੀਆ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਉਸ ਦੇ ਯਤਨਾਂ ਦੀ ਉਮੀਦ ਹੈ।÷ ਗੁਪਤਾ ਨੇ ਸੰਯੁਕਤ ਰਾਸ਼ਟਰ ਦੀਆਂ ਵੱਖ-ਵੱਖ ਏਜੰਸੀਆਂ ਅਤੇ ਪ੍ਰੋਗਰਾਮਾਂ ਨਾਲ ਮਿਲ ਕੇ ਕੰਮ ਕੀਤਾ। ਉਸਨੇ ਕੁੜੀਆਂ ਅਤੇ ਔਰਤਾਂ ਲਈ UN ਫਾਊਂਡੇਸ਼ਨ ਦੇ 34 ਪ੍ਰੋਗਰਾਮ ਦੀ ਕਾਰਜਕਾਰੀ ਨਿਰਦੇਸ਼ਕ ਵਜੋਂ ਕੰਮ ਕੀਤਾ ਉਹ ਔਰਤਾਂ ਅਤੇ ਏਡਜ਼ 'ਤੇ UNAIDS ਗਲੋਬਲ ਕੋਲੀਸ਼ਨ ਨੂੰ ਵੀ ਸਲਾਹ ਦਿੰਦੀ ਹੈ ਅਤੇ ਇੰਟਰਐਕਸ਼ਨ ਅਤੇ ਮੋਰੀਆ ਫੰਡ ਦੇ ਬੋਰਡਾਂ 'ਚ ਹੈ।

ਉਸਨੇ ਸਿੱਖਿਆ ਅਤੇ ਲਿੰਗ ਸਮਾਨਤਾ 'ਤੇ ਸੰਯੁਕਤ ਰਾਸ਼ਟਰ ਦੇ ਮਿਲੇਨੀਅਮ ਪ੍ਰੋਜੈਕਟ ਟਾਸਕ ਫੋਰਸ ਦੀ ਸਹਿ-ਚੇਅਰ ਦਾ ਅਹੁਦਾ ਵੀ ਸੰਭਾਲਿਆ ਹੈ। ਸੰਯੁਕਤ ਰਾਸ਼ਟਰ ਫਾਊਂਡੇਸ਼ਨ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਪੀਟਰ ਯਿਓ ਨੇ ਕਿਹਾ ਕਿ ਗੁਪਤਾ ਦੀ ਨਿਯੁਕਤੀ ਅਜਿਹੇ ਸਮੇਂ ਵਿੱਚ ਲਿੰਗਕ ਬਰਾਬਰੀ ਲਈ ਅਮਰੀਕਾ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਜਦੋਂ ਦੁਨੀਆ ਭਰ ਵਿੱਚ ਔਰਤਾਂ ਦੇ ਬੁਨਿਆਦੀ ਮਨੁੱਖੀ ਅਧਿਕਾਰ ਅਤੇ ਕਲਿਆਣ ਖਤਰੇ ਵਿੱਚ ਹੈ। ਸੰਯੁਕਤ ਰਾਸ਼ਟਰ ਫਾਊਂਡੇਸ਼ਨ ਦੀ ਗਰਲਜ਼ ਐਂਡ ਵੂਮੈਨ ਸਟ ?ਰੈਟਜੀ ਦੇ ਉਪ ਪ੍ਰਧਾਨ ਮਿਸ਼ੇਲ ਮਿਲਫੋਰਡ ਮੋਰਸ ਨੇ ਕਿਹਾ ਕਿ 'ਡਾ. ਗੁਪਤਾ ਗਲੋਬਲ ਵੂਮੈਨਜ਼ ਮੁੱਦਿਆਂ ਦੇ ਦਫਤਰ ਦੇ ਤਰਜੀਹੀ ਖੇਤਰਾਂ ਵਿੱਚ ਵਿਆਪਕ ਅਨੁਭਵ ਦੇ ਨਾਲ ਇੱਕ ਡੂੰਘੇ ਪ੍ਰਸ਼ੰਸਾਯੋਗ ਨੇਤਾ ਹਨ। ਇਹ ਅਮਰੀਕੀ ਗਲੋਬਲ ਲੀਡਰਸ਼ਿਪ ਲਈ ਇੱਕ ਮਹੱਤਵਪੂਰਨ ਭੂਮਿਕਾ ਹੈ ਅਤੇ ਡਾ: ਗੁਪਤਾ ਇਸ ਨੂੰ ਬੜੀ ਬਰੀਕੀ ਨਾਲ ਪੂਰਾ ਕਰਨਗੇ'।



ਲਿੰਗ ਅਤੇ ਵਿਕਾਸ ਵਿੱਚ ਗੁਪਤਾ ਦੀ ਮੁਹਾਰਤ ਕਈ ਦਹਾਕਿਆਂ ਤੱਕ ਫੈਲੀ ਹੋਈ ਹੈ। ਉਸਨੇ ਵਿਸ਼ਵ ਸਿਹਤ ਸੰਗਠਨ ਦੇ ਸਿਹਤ ਐਮਰਜੈਂਸੀ ਪ੍ਰੋਗਰਾਮ ਲਈ ਇੱਕ ਨਿਗਰਾਨੀ ਕਮੇਟੀ ਵਿੱਚ ਸੇਵਾ ਕੀਤੀ ਹੈ ਅਤੇ ਵਿਸ਼ਵ ਬੈਂਕ ਦੀ ਗਲੋਬਲ ਲਿੰਗ-ਅਧਾਰਤ ਹਿੰਸਾ ਟਾਸਕ ਫੋਰਸ ਦੀ ਸਹਿ-ਪ੍ਰਧਾਨਗੀ ਕੀਤੀ ਹੈ। ਇਸ ਤੋਂ ਇਲਾਵਾ ਗੁਪਤਾ ਨੇ ਇੰਟਰਨੈਸ਼ਨਲ ਸੈਂਟਰ ਫਾਰ ਰਿਸਰਚ ਆਨ ਵੂਮੈਨ ਵਿਖੇ ਪ੍ਰਧਾਨ ਦਾ ਅਹੁਦਾ ਸੰਭਾਲਿਆ ਹੈ ਅਤੇ ਹਾਰਵਰਡ ਯੂਨੀਵਰਸਿਟੀ ਤੋਂ 2006 ਦਾ ਐਨੀ ਰੋਅ ਅਵਾਰਡ ਅਤੇ ਵਾਸ਼ਿੰਗਟਨ ਬਿਜ਼ਨਸ ਜਰਨਲ ਤੋਂ 2007 ਦਾ ÷ਵੂਮੈਨ ਹੂ ਮੀਨ ਬਿਜ਼ਨਸ÷ ਅਵਾਰਡ ਸਮੇਤ ਕਈ ਪੁਰਸਕਾਰ ਪ੍ਰਾਪਤ ਕੀਤੇ ਹਨ। ਡਾ: ਗੁਪਤਾ ਦੇ ਵਿਦਿਅਕ ਪਿਛੋਕੜ ਵਿੱਚ ਭਾਰਤ ਦੀ ਬੰਗਲੌਰ ਯੂਨੀਵਰਸਿਟੀ ਤੋਂ ਸਮਾਜਿਕ ਮਨੋਵਿਗਿਆਨ ਵਿੱਚ ਪੀਐਚਡੀ, ਨਾਲ ਹੀ ਦਿੱਲੀ ਯੂਨੀਵਰਸਿਟੀ ਤੋਂ ਐਮਫਿਲ ਅਤੇ ਐਮਏ ਸ਼ਾਮਲ ਹੈ। ਉਸ ਦਾ ਤਜਰਬਾ ਅਤੇ ਪ੍ਰਸਿੱਧੀ ਉਸ ਨੂੰ ਵਿਸ਼ਵ ਪੱਧਰ 'ਤੇ ਔਰਤਾਂ ਦੇ ਅਧਿਕਾਰਾਂ ਨੂੰ ਅੱਗੇ ਵਧਾਉਣ ਵਿੱਚ ਇਸ ਮਹੱਤਵਪੂਰਨ ਭੂਮਿਕਾ ਲਈ ਇੱਕ ਵਧੀਆ ਵਿਕਲਪ ਬਣਾਉਂਦੀ ਹੈ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਅਮਰੀਕਾ ਦੇ ਟੈਕਸਾਸ ਰਾਜ ਦੇ ਤੱਟੀ ਖੇਤਰ ਵਿਚ ਆਏ ਜਬਰਦਸਤ ਤੂਫਾਨ ਵਿੱਚ 1 ਮੌਤ ਅਨੇਕਾਂ ਹੋਰ ਜਖਮੀ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਟੈਕਸਾਸ ਰਾਜ ਦੇ ਦੱਖਣੀ ਤੱਟ ਦੇ ਨਾਲ ਮੈਕਸੀਕੋ ਸਰਹੱਦ ਨੇੜੇ ਆਏ ਜਬਰਸਤ ਤੂਫਾਨ ਕਾਰਨ  ਇਕ ਵਿਅਕਤੀ ਦੀ ਮੌਤ ਹੋਣ ਤੇ ਅਨੇਕਾਂ ਲੋਕਾਂ ਦੇ ਜਖਮੀ ਹੋਣ ਦੀ ਖਬਰ ਹੈ। ਇਹ ਜਾਣਕਾਰੀ ਕੈਮਰੋਨ ਕਾਊਂਟੀ ਦੇ ਇਕ ਅਧਿਕਾਰੀ ਨੇ ਦਿੱਤੀ ਹੈ। ਕੈਮਰੋਨ ਕਾਊਂਟੀ ਜੱਜ ਏਡੀ ਟਰੈਵਿਨੋ ਜੂਨੀਅਰ ਨੇ ਕਿਹਾ ਹੈ ਕਿ ਤੂਫਾਨ ਕਾਰਨ ਇਕ ਮੋਬਾਇਲ ਘਰ ਦੇ ਤਬਾਹ ਹੋ ਜਾਣ ਦੇ ਸਿੱਟੇ ਵਜੋਂ ਇਕ ਵਿਅਕਤੀ ਮਾਰਿਆ ਗਿਆ। ਉਨਾਂ ਕਿਹਾ ਕਿ 12 ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ ਹਾਲਾਂ ਕਿ ਉਨਾਂ ਦੇ ਜਖਮ ਜਾਨ ਲੇਵਾ ਨਜਰ ਨਹੀਂ ਆ ਰਹੇ। ਕੌਮੀ ਮੌਸਮ ਸੇਵਾ ਨੇ ਤੂਫਾਨ ਕਾਰਨ ਹੋਏ ਨੁਕਸਾਨ ਬਾਰੇ ਮੁੱਢਲੇ ਜਾਇਜ਼ੇ ਵਿਚ ਕਿਹਾ ਹੈ ਕਿ ਸੰਭਾਵੀ 86 ਮੀਲ ਤੋਂ 110 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਆਏ ਤੂਫਾਨ ਕਾਰਨ ਕਈ ਘਰ ਨੁਕਸਾਨੇ ਗਏ ਹਨ। ਕੌਮੀ ਮੌਸਮ ਸੇਵਾ ਅਨੁਸਾਰ ਇਸ ਖੇਤਰ ਵਿਚ ਤੂਫਾਨ ਬਹੁਤ ਘਟ ਆਉਂਦੇ ਹਨ ਤੇ ਆਮ ਤੌਰ 'ਤੇ ਕਈ ਸਾਲਾਂ ਬਾਅਦ ਤੂਫਾਨ ਆਉਂਦਾ ਹੈ। ਉਨਾਂ ਕਿਹਾ ਕਿ ਪੋਰਟ ਈਸਾਬੈਲ ਵਿਚ 38 ਲੋਕਾਂ ਨੂੰ ਆਰਜੀ ਪਨਾਹ ਦਿੱਤੀ ਗਈ ਹੈ ਤੇ ਕਾਊਂਟੀ ਹੰਗਾਮੀ ਸਥਿੱਤੀ ਐਲਾਣਨ ਬਾਰੇ ਵਿਚਾਰ ਕਰ ਰਹੀ ਹੈ।

# ਮੈਕਸੀਕੋ ਨੇ ਹਜ਼ਾਰਾਂ ਪ੍ਰਵਾਸੀਆਂ ਨੂੰ ਅਮਰੀਕੀ ਸਰਹੱਦ 'ਤੇ ਜਾਣ ਦੀ ਦਿੱਤੀ ਇਜਾਜ਼ਤ



ਮੈਕਸੀਕੋ ਸਿਟੀ : ਮੈਕਸੀਕੋ ਨੇ ਅਪ੍ਰੈਲ ਦੇ ਅਰੰਭ ਤੋਂ ਹਜ਼ਾਰਾਂ ਲੋਕਾਂ ਨੂੰ ਅਮਰੀਕੀ ਸਰਹੱਦ ਵੱਲ ਜਾਂਦੇ ਹੋਏ ਆਪਣੇ ਖੇਤਰ ਨੂੰ ਪਾਰ ਕਰਨ ਦਿੱਤਾ ਹੈ। ਸਰਕਾਰੀ ਅੰਕੜਿਆਂ ਵਿਚ ਇਹ ਜਾਣਕਾਰੀ ਦਿੱਤੀ ਗਈ। ਇੱਕ ਯੂ.ਐੱਸ. ਇਮੀਗ੍ਰੇਸ਼ਨ ਉਪਾਅ ਦੀ ਮਿਆਦ ਪੁੱਗਣ ਤੋਂ ਪਹਿਲਾਂ ਇਸ ਵਿਚ ਇੱਕ ਵੱਡਾ ਵਾਧਾ ਹੋਇਆ ਹੈ, ਜਿਸ ਨੇ ਜ਼ਿਆਦਾਤਰ ਪ੍ਰਵਾਸੀਆਂ ਨੂੰ ਅਮਰੀਕਾ ਵਿਚ ਸ਼ਰਣ ਦਾ ਦਾਅਵਾ ਕਰਨ ਵਿਚ ਸਮਰੱਥ ਹੋਣ ਤੋਂ ਨੂੰ ਰੋਕ ਦਿੱਤਾ ਹੈ। ਅਮਰੀਕਾ ਤੋਂ 'ਟਾਈਟਲ 42' ਦੀ ਸਮਾਂ ਸੀਮਾ ਖ਼ਤਮ ਹੋਣ ਨਾਲ ਪ੍ਰਵਾਸੀਆਂ 'ਚ ਉਮੀਦ ਦੀ ਨਵੀਂ ਕਿਰਨ ਜਾਗੀ ਹੈ। ਮੈਕਸੀਕਨ ਪ੍ਰਵਾਸੀ ਬਿਹਤਰ ਜ਼ਿੰਦਗੀ ਦੀ ਭਾਲ ਵਿਚ ਅਮਰੀਕਾ ਵਿਚ ਪਰਵਾਸ ਕਰਨ ਲਈ ਬੇਤਾਬ ਹਨ। ਹਾਲਾਂਕਿ ਸਰਹੱਦ ਦੇ ਦੋਵੇਂ ਪਾਸੇ ਪ੍ਰਵਾਸੀਆਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮੈਕਸੀਕੋ ਨੂੰ ਪਾਰ ਕਰਨ ਦੀ ਇਜਾਜ਼ਤ ਦਿੱਤੇ ਗਏ ਲੋਕਾਂ ਨੇ ਸੰਭਾਵਤ ਤੌਰ 'ਤੇ ਯੂ.ਐੱਸ-ਮੈਕਸੀਕੋ ਸਰਹੱਦ 'ਤੇ ਇਕੱਠੇ ਹੋਏ ਪ੍ਰਵਾਸੀਆਂ ਦੀ ਵੱਧ ਰਹੀ ਗਿਣਤੀ ਵਿੱਚ ਯੋਗਦਾਨ ਪਾਇਆ ਹੈ ਕਿਉਂਕਿ ਬਾਈਡੇਨ ਪ੍ਰਸ਼ਾਸਨ ਵੀਰਵਾਰ ਰਾਤ ਨੂੰ 'ਟਾਈਟਲ 42' ਨਾਮਕ ਮਹਾਮਾਰੀ-ਯੁੱਗ ਦੀ ਪਾਬੰਦੀ ਹਟਾਉਣ ਦੀ ਤਿਆਰੀ ਕਰਦਾ ਹੈ, ਜਿਸ ਨੇ ਸੰਯੁਕਤ ਰਾਜ ਨੂੰ ਗੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਤੁਰੰਤ ਬਾਹਰ ਕੱਢਣ ਦੀ ਇਜਾਜ਼ਤ ਦਿੱਤੀ ਹੈ।

**ਮੈਕਸੀਕੋ ਨੇ ਵੱਡੀ ਗਿਣਤੀ ਵਿਚ ਜਾਰੀ ਕੀਤੇ ਵੀਜ਼ੇ** : ਮੈਕਸੀਕੋ ਦੇ ਵਿਦੇਸ਼ ਮੰਤਰਾਲੇ ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਮਾਈਗ੍ਰੇਸ਼ਨ ਨੇ ਸਰਕਾਰ ਦੀ ਇਮੀਗ੍ਰੇਸ਼ਨ ਨੀਤੀ ਵਿੱਚ ਕਿਸੇ ਵੀ ਤਬਦੀਲੀ ਬਾਰੇ ਟਿੱਪਣੀ ਲਈ ਬੇਨਤੀਆਂ ਦਾ ਜਵਾਬ ਨਹੀਂ ਦਿੱਤਾ। ਮੈਕਸੀਕੋ ਦੇ ਨੈਸ਼ਨਲ ਇੰਸਟੀਚਿਊਟ ਆਫ਼ ਮਾਈਗ੍ਰੇਸ਼ਨ ਦੁਆਰਾ ਜਾਰੀ ਅੰਕੜਿਆਂ ਅਨੁਸਾਰ 2 ਅਪ੍ਰੈਲ ਤੋਂ 3 ਮਈ ਤੱਕ ਗੁਆਟੇਮਾਲਾ ਦੇ ਨਾਲ ਲੱਗਦੀ ਸਰਹੱਦ ਨਾਲ ਲੱਗਦੇ ਚਿਆਪਾਸ ਰਾਜ ਵਿੱਚ ਪ੍ਰਵਾਸੀਆਂ ਨੂੰ ਲਗਭਗ 30,000 ਮਾਨਵਤਾਵਾਦੀ ਵੀਜ਼ੇ ਜਾਰੀ ਕੀਤੇ ਗਏ ਸਨ, ਜੋ ਕਿ ਪਹਿਲੇ ਤਿੰਨ ਮਹੀਨਿਆਂ ਵਿੱਚ ਮਾਸਿਕ ਔਸਤ ਨਾਲੋਂ ਤਿੰਨ ਗੁਣਾ ਵੱਧ ਹਨ। ਪਰ ਪਿਛਲੇ ਮਹੀਨੇ ਵਿੱਚ ਵੀਜ਼ਾ ਸੰਖਿਆ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। 2022 ਵਿੱਚ ਮੈਕਸੀਕਨ ਅਧਿਕਾਰੀਆਂ ਨੇ 444,000 ਤੋਂ ਵੱਧ ਪ੍ਰਵਾਸੀਆਂ ਨੂੰ ਹਿਰਾਸਤ ਵਿੱਚ ਲਿਆ, ਜੋ ਕਿ ਸਭ ਤੋਂ ਉੱਚਾ ਹੈ। ਮੈਕਸੀਕੋ ਵੱਲੋਂ ਜਾਰੀ ਕੀਤੇ ਗਏ ਵੀਜ਼ਾ ਪ੍ਰਵਾਸੀਆਂ ਨੂੰ ਦੇਸ਼ ਦੇ ਅੰਦਰ ਯਾਤਰਾ ਕਰਨ, ਬੱਸ ਟਿਕਟਾਂ ਅਤੇ ਹਵਾਈ ਕਿਰਾਇਆ ਖਰੀਦਣ ਅਤੇ ਸੰਯੁਕਤ ਰਾਜ ਦੀ ਸਰਹੱਦ ਤੱਕ ਜਾਣ ਦੀ ਆਗਿਆ ਦਿੰਦਾ ਹੈ। ਮੈਕਸੀਕਨ ਸਰਕਾਰ ਨੇ ਲੰਬੇ ਸਮੇਂ ਤੋਂ ਪ੍ਰਵਾਸੀਆਂ ਨੂੰ ਅਜਿਹੇ ਹਜ਼ਾਰਾਂ ਦਸਤਾਵੇਜ਼ ਜਾਰੀ ਕੀਤੇ ਹਨ, ਖ਼ਾਸਕਰ ਹੈਤੀ ਅਤੇ ਵੈਨੇਜ਼ੁਏਲਾ ਵਰਗੇ ਦੇਸ਼ਾਂ ਤੋਂ ਆਉਣ ਵਾਲੇ ਮਨੁੱਖਤਾਵਾਦੀ ਸੰਕਟ ਦਾ ਸਾਹਮਣਾ ਕਰ ਰਹੇ ਹਨ।

**ਨਵੀਆਂ ਨੀਤੀਆਂ ਗੈਰ-ਕਾਨੂੰਨੀ ਪਰਵਾਸ 'ਤੇ ਸ਼ਿਕੰਜਾ ਕੱਸਦੀਆਂ ਹਨ** : ਰਾਸ਼ਟਰਪਤੀ ਜੋਅ ਬਾਈਡੇਨ ਦੇ ਪ੍ਰਸ਼ਾਸਨ ਨੇ ਟਾਈਟਲ 42 ਨੂੰ ਬਦਲਣ ਲਈ ਸਖ਼ਤ ਨਵੇਂ ਨਿਯਮ ਬਣਾਏ ਹਨ। ਜਿਸਦਾ ਮਤਲਬ ਇਹ ਸਪੱਸ਼ਟ ਹੈ ਕਿ ਸਰਹੱਦ ਪਾਰ ਕਰਨ ਦੀ ਗੈਰ-ਕਾਨੂੰਨੀ ਕੋਸ਼ਿਸ਼ ਕਰਨ ਨਾਲ ਪ੍ਰਵਾਸੀਆਂ ਨੂੰ ਮਹਿੰਗਾ ਪੈ ਸਕਦਾ ਹੈ। ਬਾਈਡੇਨ ਪ੍ਰਸ਼ਾਸਨ ਦੀਆਂ ਨਵੀਆਂ ਨੀਤੀਆਂ ਗੈਰ-ਕਾਨੂੰਨੀ ਇਮੀਗ੍ਰੇਸ਼ਨ 'ਤੇ ਸ਼ਿਕੰਜਾ ਕੱਸਦੀਆਂ ਹਨ। ਅਜਿਹੇ 'ਚ ਪ੍ਰਵਾਸੀਆਂ ਨੂੰ ਅਮਰੀਕਾ 'ਚ ਦਾਖਲ ਹੋਣ ਲਈ ਅਪਲਾਈ ਕਰਨਾ ਹੋਵੇਗਾ। ਇਸ ਤੋਂ ਬਾਅਦ ਪਿਛੋਕੜ ਦੀ ਜਾਂਚ ਕੀਤੀ ਜਾਵੇਗੀ। ਬਾਈਡੇਨ ਦਾ ਮੰਨਣਾ ਹੈ ਕਿ ਕੁਝ ਸਮੇਂ ਲਈ ਸਰਹੱਦ 'ਤੇ ਹਫੜਾ-ਦਫੜੀ ਵਾਲੀ ਸਥਿਤੀ ਰਹੇਗੀ।

**ਟਰੰਪ ਪ੍ਰਸ਼ਾਸਨ ਨੇ ਲਾਗੂ ਕੀਤਾ ਸੀ 'ਟਾਈਟਲ 42'** : ਟਾਈਟਲ 42, ਜੋ ਕਿ ਕੋਵਿਡ-19 ਮਹਾਮਾਰੀ ਦੇ ਮੱਦੇਨਜ਼ਰ 2020 ਵਿੱਚ ਲਾਗੂ ਹੋਇਆ ਸੀ, ਅਮਰੀਕੀ ਸਰਹੱਦੀ ਅਧਿਕਾਰੀਆਂ ਨੂੰ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਅਤੇ ਅਮਰੀਕਾ ਵਿੱਚ ਸ਼ਰਣ ਮੰਗਣ ਵਾਲਿਆਂ ਨੂੰ ਆਪਣੇ ਆਪ ਦੇਸ਼ ਨਿਕਾਲਾ ਦੇਣ ਦੀ ਇਜਾਜ਼ਤ ਦਿੰਦਾ ਹੈ। ਹਾਲਾਂਕਿ ਲੰਬੇ ਇੰਤਜ਼ਾਰ ਤੋਂ ਬਾਅਦ ਟਾਈਟਲ 42, ਜਿਸਨੂੰ ਉਸ ਸਮੇਂ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਲਾਗੂ ਕੀਤਾ ਗਿਆ ਸੀ, ਦੀ ਮਿਆਦ ਖ਼ਤਮ ਹੋਣ ਵਾਲੀ ਹੈ।


American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience




(209) 405-1544

127 Darcy Parkway,Lathrop,CA 95330

# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

### ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਅਮਰੀਕਾ ਵਿਚ ਜਬਰਜਿਨਾਹ ਦੇ ਮਾਮਲੇ 'ਚ 29 ਸਾਲ ਜੇਲ ਕੱਟਣ ਉਪਰੰਤ ਇਕ ਵਿਅਕਤੀ ਨੂੰ ਨਿਰਦੋਸ਼ ਐਲਾਨਿਆ, ਹੋਈ ਰਿਹਾਈ



ਰਿਹਾਈ ਉਪਰੰਤ ਪੈਟਰਿਕ ਬਰਾਊਨ (ਵਿਚਕਾਰ) ਆਪਣੇ ਪਰਿਵਾਰਕ ਮੈਂਬਰਾਂ ਨਾਲ ਹੱਥ ਉਪਰ ਕਰਕੇ ਰੱਬ ਦਾ ਸ਼ੁੱਕਰ ਕਰਦਾ ਹੋਇਆ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ): ਅਮਰੀਕਾ ਦੇ ਲੋਇਸੀਆਨਾ ਰਾਜ ਵਿਚ ਨਿਊ ਓਰਲੀਨਜ ਸ਼ਹਿਰ ਦੇ ਵਸਨੀਕ ਇਕ ਵਿਅਕਤੀ ਨੂੰ ਜਬਰਜਿਨਾਹ ਦੇ ਮਾਮਲੇ ਵਿਚ 29 ਸਾਲ ਕੈਦ ਕੱਟਣ ਉਪਰੰਤ ਨਿਰਦੋਸ਼ ਕਰਾਰ ਦੇ ਕੇ ਰਿਹਾਅ ਕਰਨ ਦੀ ਖਬਰ ਹੈ। ਪੈਟਰਿਕ ਬਰਾਊਨ ਨਾਮੀ ਵਿਅਕਤੀ ਨੂੰ 1994 ਵਿਚ ਮਤਰੇਈ ਧੀ ਨਾਲ ਜਬਰਜਿਨਾਹ ਕਰਨ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ ਜਦ ਕਿ ਪੈਟਰਿਕ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਸੀ ਤੇ ਕਿਹਾ ਸੀ ਕਿ ਉਸ ਨੂੰ ਫਸਾਇਆ ਗਿਆ ਹੈ। ਓਰਲੀਨਜ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਵੱਲੋਂ ਜਾਰੀ ਬਿਆਨ ਅਨੁਸਾਰ ਉਸ ਸਮੇ ਬੱਚੀ ਦੀ ਅਦਾਲਤ ਵਿਚ ਗਵਾਹੀ ਨਹੀਂ ਹੋਈ ਸੀ ਬਲਕਿ ਉਸ ਦੀ ਤਰਫੋਂ ਕੁਝ ਹੋਰ ਲੋਕਾਂ ਨੇ ਗਵਾਹੀ ਦਿੱਤੀ ਸੀ। 2002 ਤੋਂ ਬਾਅਦ ਬੱਚੀ ਨੇ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਨੂੰ ਵਾਰ-ਵਾਰ ਬੇਨਤੀ ਕੀਤੀ ਕਿ ਮਾਮਲੇ ਦੀ ਦੁਬਾਰਾ ਜਾਂਚ ਕੀਤੀ ਜਾਵੇ ਤੇ ਅਸਲ ਦੋਸ਼ੀ ਨੂੰ ਸਜ਼ਾ ਦਿੱਤੀ ਜਾਵੇ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਦੀ ਮਨੁੱਖੀ ਹੱਕਾਂ ਬਾਰੇ ਇਕਾਈ ਨੇ ਮਾਮਲੇ ਦੀ ਨਵੇਂ ਸਿਰੇ ਤੋਂ ਜਾਂਚ ਉਪਰੰਤ ਸਿੱਟਾ ਕੱਢਿਆ ਕਿ ਪੈਟਰਿਕ ਵਿਰੁੱਧ ਸਬੂਤ ਮੰਨਘੜਤ ਹਨ। ਉਸ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਫੈਸਲੇ ਨੂੰ ਸੋਧਿਆ ਜਾਵੇ। ਕ੍ਰਿਮੀਨਲ ਡਿਸਟ੍ਰਿਕਟ ਕੋਰਟ ਦੇ ਜੱਜ ਕੈਲਵਿਨ ਜੌਹਨਸਨ ਵੱਲੋਂ ਸਜ਼ਾ ਰੱਦ ਕਰਨ ਦਾ ਫੈਸਲਾ ਸੁਣਾਉਣ ਉਪਰੰਤ ਬਰਾਊਨ ਨੂੰ ਤੁਰੰਤ ਰਿਹਾਅ ਕਰ ਦਿੱਤਾ ਗਿਆ। ਬਿਆਨ ਅਨੁਸਾਰ ਅਦਾਲਤ ਵਿਚ ਪੀੜਤ ਬੱਚੀ ਮੌਜੂਦ ਸੀ ਤੇ ਉਸ ਨੇ ਆਪਣਾ ਬਿਆਨ ਦਰਜ ਕਰਵਾਇਆ ਹੈ।

# ਐਲਾਮੀਡਾ ਕਾਊਂਟੀ ਸੁਪਰਵਾਈਜਰ, ਕੈਲੀਫੋਰਨੀਆ ਵਲੋਂ ਸਮਾਜ ਸੇਵਕ ਕਸ਼ਮੀਰ ਸਿੰਘ ਸ਼ਾਹੀ ਦਾ ਸ਼ਾਹੀ ਢੰਗ ਨਾਲ ਸਨਮਾਨ

ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) : ਬੇ ਏਰੀਆ ਵਿੱਚ ਵੱਖ ਵੱਖ ਖਿੱਤਿਆਂ ਚ ਸਮਾਜ ਸੇਵਾ ਦੇ ਕੰਮ ਕਰਨ ਬਦਲੇ ਚਰਚਾ ਚ ਰਹਿਣ ਵਾਲੇ ਕਸ਼ਮੀਰ ਸਿੰਘ ਸ਼ਾਹੀ ਦਾ ਐਲਾਮੀਡਾ ਕਾਊਂਟੀ ਸੁਪਰਵਾਈਜਰ ਵਲੋਂ ਸ਼ਾਹੀ ਢੰਗ ਨਾਲ ਸਨਮਾਨ ਕੀਤਾ ਗਿਆ। ਏਸ਼ੀਅਨ ਅਮਰੀਕਨ ਅਤੇ ਪੈਸੀਫਿਕ ਆਈਲੈਂਡਰ (ਏਏਪੀਆਈ) ਵਲੋਂ ਇਸ ਮਹੀਨੇ ਨੂੰ ਹੈਰੀਟੇਜ ਮਹੀਨੇ ਵਜੋਂ ਘੋਸ਼ਿਤ ਕੀਤਾ ਗਿਆ ਹੈ। ਏਏਪੀਆਈ ਜੋ ਏਸ਼ੀਅਨ ਅਮਰੀਕਨਾਂ, ਨੇਟਿਵ ਹਵਾਈਅਨੀਆਂ, ਅਤੇ ਪੈਸੀਫਿਕ ਆਈਲੈਂਡਰਜ਼ 'ਤੇ ਵ ?ਹਾਈਟ ਹਾਊਸ ਇਨੀਸ਼ੀਏਟਿਵ ਦੁਆਰਾ ਅਪਣਾਇਆ ਗਿਆ ਇਹ ਸਮੂਹ ਹੈ।

ਅਮਰੀਕਾ ਵਿੱਚ ਏਸ਼ੀਆਈ ਲੋਕਾਂ ਦੇ ਯੋਗਦਾਨ ਨੂੰ 1978 ਤੋਂ ਰਾਸ਼ਟਰੀ ਪੱਧਰ 'ਤੇ ਮਾਨਤਾ ਦਿੱਤੀ ਗਈ ਸੀ ਤੇ ਮਈ ਦਾ ਮਹੀਨਾ ਇਸ ਲਈ ਚੁਣਿਆ ਗਿਆ ਸੀ ਕਿਉਂਕਿ ਇਹ 1843 ਵਿੱਚ ਸੀਮਤ ਰਾਜਾਂ ਵਿੱਚ ਪਹਿਲੇ ਜਾਪਾਨੀ ਪ੍ਰਵਾਸੀਆਂ ਦੇ ਆਉਣ ਦੀ ਯਾਦ ਦਿਵਾਉਂਦਾ ਹੈ ਤੇ 1869 ਵਿੱਚ ਰੇਲਮਾਰਗ, 20.000 ਚੀਨੀ ਪ੍ਰਵਾਸੀਆਂ ਦੀ ਮਿਹਨਤ ਨਾਲ ਬਣਾਇਆ ਗਿਆ ਸੀ। ਬੇ



ਏਰੀਆ ਹੁਣ 2 ਮਿਲੀਅਨ ਤੋਂ ਵੱਧ ਏਸ਼ੀਅਨ ਲੋਕਾਂ ਦਾ ਘਰ ਹੈ ਤੇ ਭਾਰੀ ਗਿਣਤੀ ਪੰਜਾਬੀ ਖਾਸ ਕਰ ਸਿੱਖ ਭਾਈਚਾਰਾ ਵੀ ਇਨਾਂ ਕਾਊਂਟੀਆਂ ਚ ਰਹਿੰਦਾ ਹੇ। ਇਨ੍ਹਾਂ ਕਾਊਟੀਆਂ ਵਿੱਚ ਪੰਜਾਬੀਆਂ ਤੋ ਇਲਾਵਾ ਅਫਗਾਨੀ, ਬੰਗਲਾਦੇਸ਼ੀ, ਭੂਟਾਨੀ, ਬਰਮੀ, ਕੰਬੋਡੀਅਨ, ਚੀਨੀ ਫਿਲੀਪੀਨੋ, ਗੁਆਮਾਨੀਅਨ, ਹਵਾਈਅਨ, ਹੇਨੋਂਗ, ਭਾਰਤੀ, ਇੰਡੋਨੇਸ਼ੀਆਈ, ਜਾਪਾਨੀ, ਕੋਰੀਅਨ, ਲਾਓਸ਼ੀਅਨ, ਮਲੇਸ਼ੀਅਨ, ਮਿਏਨ ਮੰਗੋਲੀਆਈ ਨੇਪਾਲੀ, ਪਾਕਿਸਤਾਨੀ, ਸਮੋਆਨ, ਸ੍ਰੀਲੰਕਾ, ਤਾਈਵਾਨੀ, ਥਾਈ, ਟੋਂਗਨ, ਵੀਅਤਨਾਮੀ, ਅਤੇ ਹੋਰ ਏਸ਼ੀਆਈ ਮੂਲ ਦੇ ਲੋਕ ਰਹਿੰਦੇ ਹਨ, ਜਦੋਂ ਕਿ ਇਹਨਾਂ ਸਮੂਹਾਂ ਚ ਚੱਲ ਰਹੇ ਵਿਤਕਰੇ ਅਤੇ ਹੋਰ ਹੁੰਦੀਆਂ ਘਟਨਾਵਾਂ ਦੇ ਬਾਵਜੂਦ ਸਮਾਜ ਸੇਵਕ ਕਸ਼ਮੀਰ ਸਿੰਘ ਸ਼ਾਹੀ ਵਰਗੇ ਲੋਕਾਂ ਨੇ ਇਨਾਂ ਵੱਖ ਵੱਖ ਭਾਸ਼ਾ ਤੇ ਸੋਚ ਰੱਖਣ ਵਾਲੇ ਲੋਕਾਂ ਨੂੰ ਸੱਭਿਆਚਾਰਕ ਪੱਖੋਂ ਜੋੜ ਕੇ ਰੱਖਿਆ ਹੈ। ਇਸ ਲਈ ਸੁਪਰਵਾਈਜ਼ਰਾਂ ਦੇ ਇਸ ਬੋਰਡ ਕਾਉਂਟੀ ਆਫ਼ ਐਲਾਮੀਡਾ, ਨੇ ਕਸ਼ਮੀਰ ਸਿੰਘ ਸ਼ਾਹੀ ਦਾ ਸਨਮਾਨ ਕੀਤਾ ਤੇ ਇਸ ਸਨਮਾਨ ਮੌਕੇ ਵੱਖ ਵੱਖ ਕਾਊਂਟੀਆਂ ਦੇ ਸੁਪਰਵਾਈਜਰ ਵੀ ਸਟੇਜ ਤੇ ਮੌਜੂਦ ਸਨ।

# ਵਿਰਸਾ ਫਾਉਡੇਸ਼ਨ ਦੇ ਸ਼ੋਅ 'ਚ ਜਾਸਰ ਹੁਸੈਨ ਅਤੇ ਰਾਜੀ ਮੁਸੱਵਰ ਨੇ ਕੀਲੇ ਸ੍ਰੋਤੇ



ਫਰਿਜਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਫਰਿਜਨੋ ਸ਼ਹਿਰ ਜਿਸਨੂੰ ਪੰਜਾਬੀਆ ਦੀ ਰਾਜਧਾਨੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਇੱਥੇ ਹਰ ਸ਼ੋਅ, ਹਰ ਮੇਲਾ ਪੰਜਾਬੀਆ ਦੀ ਭਾਰੀ ਸ਼ਮੂਲੀਅਤ ਮਾਣਦਾ ਨੱਕੋਂ ਨੱਕ ਭਰ ਜਾਂਦਾ ਹੈ। ਇਸੇ ਕਰਕੇ ਹਰ ਪ੍ਰਮੋਟਰ ਅਤੇ ਹਰੇਕ ਕਲਾਕਾਰ ਦੀ ਦਿਲੀ ਚਾਹਤ ਹੁੰਦੀ ਹੈ ਕਿ ਮੇਰਾ ਪ੍ਰੋਗਰਾਮ ਫਰਿਜਨੋ ਜ਼ਰੂਰ ਹੋਵੇ। ਸ਼ੋਆਂ ਦਾ ਮੌਸਮ ਸ਼ੁਰੂ ਹੋ ਚੁੱਕਿਆ ਹੈ, ਇਸੇ ਕੜੀ ਤਹਿਤ ਵਿਰਸਾ ਫਾਊਡੇਸ਼ਨ ਨੇ ਫੋਕ ਲੋਰ ਦੇ ਸਹਿਯੋਗ ਨਾਲ ਸਕਿੱਚ ਆਰਟਿਸਟ ਰਾਜੀ ਮੁਸੱਵਰ ਦੀ ਸਕਿੱਚ ਪ੍ਰਦ੍ਰਸ਼ਨੀ ਲਗਾਈ, ਅਤੇ ਗਾਇਕ ਜਾਸਰ ਹੁਸੈਨ ਦਾ ਸ਼ੋਅ ਸਥਾਨਿਕ ਰੀਜੈਂਸੀ ਹਾਲ ਵਿੱਚ ਕਰਵਾਇਆ ਗਿਆ। ਜਿੱਥੇ ਵੱਡੀ ਗਿਣਤੀ ਵਿੱਚ ਲੋਕ ਪਰਿਵਾਰਾਂ ਸਮੇਤ ਪਹੁੰਚੇ ਹੋਏ ਸਨ। ਇਸ ਮੌਕੇ ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸ਼ਾਇਰਾਨਾ ਅੰਦਾਜ ਵਿੱਚ ਸਭਨਾ ਨੂੰ ਨਿੱਘੀ ਜੀ ਆਇਆਂ ਆਖਕੇ ਕੀਤੀ। ਉਪਰੰਤ ਆਸਟਰੇਲੀਆ ਤੋਂ ਪਹੁੰਚੇ ਸਕਿੱਚ ਆਰਟਿਸਟ ਰਾਜੀ ਮੁਸੱਵਰ ਦੀ ਸਕਿੱਚ ਪ੍ਰਦ੍ਰਸ਼ਨੀ ਦਾ ਲੋਕਾਂ ਨੇ ਭਰਪੂਰ ਅਨੰਦ ਲਿਆ ਅਤੇ ਰਾਜੀ ਨੇ ਸਟੇਜ ਤੋਂ ਆਪਣੇ ਆਰਟ ਸਬੰਧੀ ਲੋਕਾਂ ਨਾਲ ਵਿਚਾਰ ਸਾਂਝੇ ਕੀਤੇ। ਉਹਨਾਂ ਕਿਹਾ ਕਿ ਮੈਂ ਸਕਿੱਚ ਨਹੀਂ ਵਹੁੰਦਾ, ਬਲਕਿ ਜਿਹੜੇ ਲੋਕਾਂ ਦੇ ਦਾਦੇ, ਨਾਨੇ ਜਾਂ ਮਾਪੇ ਇਸ ਜਹਾਨ ਤੋਂ ਕੂਚ ਕਰ ਗਏ ਨੇ ਉਹਨਾਂ ਦੀਆਂ ਰੂਹਾਂ ਨੂੰ ਤਸਵੀਰਾਂ ਰਾਹੀਂ ਤਰਾਸ਼ਕੇ ਰਿਸ਼ਤੇ ਨਾਤੇ ਬਣਾਉਣਾ ਹਾਂ। ਉਹਨਾਂ ਕਿਹਾ ਕਿ ਮੇਰੀਆਂ ਤਸਵੀਰਾਂ ਕਵਿੱਤਾ ਕਹਿੰਦੀਆਂ ਨੇ, ਗ਼ਜ਼ਲਾਂ ਗਾਉਂਦੀਆਂ ਨੇ। ਉਹਨਾਂ ਨੇ ਦੱਸਿਆ ਕਿ ਕਿਵੇਂ ਗੁਰਦਾਸ ਮਾਨ ਸਾਬ ?ਹ ਨੇ ਮੇਰਾ ਤਖ਼ੱਲਸ ਮੁਸੱਵਰ ਚੁਣਿਆ। ਅਤੇ ਕਮੇਡੀ ਕਲਾਕਾਰ ਕਪਿਲ ਸ਼ਰਮਾ ਦਾ ਉਹਨਾਂ ਦੀ ਇਸ ਕਲਾ ਨੂੰ ਚਮਕਾਉਣ ਵਾਸਤੇ ਕੀ ਯੋਗਦਾਨ ਰਿਹਾ। ਉਹ ਕਵਿੱਤਾ ਵੀ ਬਾ-ਕਮਾਲ ਲਿੱਖਦੇ ਨੇ ਅਤੇ ਗਜ਼ਲ ਵੀ ਖੂਬਸੂਰਤ ਗਾਉਂਦੇ ਨੇ, ਸਟੇਜ ਤੋਂ ਉਹਨਾਂ ਆਪਣੀ ਸ਼ਾਇਰੀ ਗਾਕੇ ਵੀ ਹਾਜ਼ਰੀ ਲਵਾਈ। ਉਪਰੰਤ ਗਾਇਕ ਜਾਸਰ ਹੂਸੈਨ ਨੇ ਲੋਕ ਗਾਇਕੀ ਦਾ ਐਸਾ ਖੂਹ ਗੇੜਿਆ ਕਿ ਹਰਕੋਈ ਨੱਕੋਂ ਨੱਕ ਭਰ ਗਿਆ। ਉਹਨਾਂ ਲਗਤਾਰ ਚਾਰ ਘੰਟੇ ਲੋਕ ਗੀਤ ਗਾਕੇ, ਅਤੇ ਟੱਪੇ ਸੁਣਾਂਗੇ ਹਰ ਕਿਸੇ ਨੂੰ ਪੰਜਾਬੀਅਤ ਦੇ ਰੰਗ ਵਿੱਚ ਰੰਗਿਆ। ਉਹਨਾਂ ਨੇ ਐਸੀ ਢੋਲ ਦੇ ਡੱਗੇ ਤੇ ਧਮਾਲ ਪਾਈ ਕਿ ਦਰਸ਼ਕ ਨੱਚ ਨੱਚਕੇ ਦੂਹਰੇ ਹੋ ਗਏ। ਅਖੀਰ ਵਿੱਚ ਵਿਰਸਾ ਫਾਊਡੇਸ਼ਨ ਦੇ ਮੈਂਬਰ ਬਿੱਟੂ ਕੁਸਾ ਨੇ ਸਭਨਾ ਦਾ ਧੰਨਵਾਦ ਕੀਤਾ ਅਤੇ ਫੋਕ ਲੋਰ ਦੇ ਮਨਗੀਤ ਲੱਧੜ ਨੇ ਸ਼ੋਅ ਦੀ ਰੱਜਕੇ ਤਰੀਫ਼ ਕੀਤੀ। ਰੀਜੈਂਸੀ ਹਾਲ ਦੇ ਸੁਆਦਿਸਟ ਫੂਡ ਦਾ ਲੋਕਾਂ ਨੇ ਡਾਢਾ ਲੁੱਤਫ ਲਿਆ, ਅਤੇ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗ੍ਰਾਮ ਯਾਦਗਾਰੀ ਹੋ ਨਿਬੜਿਆ।

# ਅਮਰੀਕੀ ਅਦਾਲਤ ਵੱਲੋਂ 2 ਬੱਚਿਆਂ ਦੇ ਕਤਲ ਤੇ ਪਤੀ ਦੀ ਪਹਿਲੀ ਪਤਨੀ ਦੀ ਹੱਤਿਆ ਦੀ ਸਾਜਿਸ਼ ਦੇ ਮਾਮਲੇ 'ਚ ਔਰਤ ਦੋਸ਼ੀ ਕਰਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਕ ਅਮਰੀਕੀ ਜਿਊਰੀ ਨੇ ਆਪਣੇ ਦੋ ਬੱਚਿਆਂ ਦੀ ਹੱਤਿਆ ਕਰਨ ਤੇ ਪਤੀ ਦੀ ਪਹਿਲੀ ਪਤਨੀ ਦੀ ਹੱਤਿਆ ਲਈ ਸਾਜਿਸ਼ ਰਚਣ ਦੇ ਦੋਸ਼ਾਂ ਤਹਿਤ ਲੌਰੀ ਵਾਲੋਅ ਡੇਬੈਲ ਨਾਮੀ ਔਰਤ ਨੂੰ ਦੋਸ਼ੀ ਕਰਾਰ ਦਿੱਤਾ ਹੈ। ਡੇਬੈਲ ਜਿਸ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਸੀ, ਵਿਰੁੱਧ 2019 ਵਿਚ ਆਪਣੇ ਮਤਰੇਏ ਬੱਚਿਆਂ 17 ਸਾਲਾ ਟਾਈਲੀ ਰੀਆਨ ਤੇ 7 ਸਾਲਾ ਜੋਸ਼ੂਆ ਵਾਲੋਅ ਦੀਆਂ ਮੌਤਾਂ ਦੇ ਮਾਮਲੇ ਵਿਚ ਫਸਟ ਡਿਗਰੀ ਹੱਤਿਆਵਾਂ ਤੇ ਆਪਣੇ ਪਤੀ ਚੈਡ ਡੇਬੈਲ ਦੀ ਪਹਿਲੀ ਪਤਨੀ ਟੈਮੀ ਡੇਬੈਲ ਦੀ ਹੱਤਿਆ ਦੇ ਮਾਮਲੇ ਵਿਚ ਸਾਜਿਸ਼ ਰਚਣ ਦੇ ਦੋਸ਼ ਆਇਦ ਕੀਤੇ ਗਏ ਸਨ। ਉਸ ਨੂੰ ਘਟੋ ਘਟ ਉਮਰ ਭਰ ਲਈ ਜੇਲ ਦੀ ਸਜਾ ਹੋ ਸਕਦੀ ਹੈ। 7 ਮਰਦ ਜੱਜਾਂ ਤੇ 5 ਔਰਤ ਜੱਜਾਂ 'ਤੇ ਅਧਾਰਤ ਜਿਊਰੀ ਨੇ ਬੀਤੇ ਵੀਰਵਾਰ ਇਸ ਮਾਮਲੇ 'ਤੇ ਸੁਣਵਾਈ ਸ਼ੁਰੂ ਕੀਤੀ ਸੀ। ਬਹਿਸ ਉਪੰਰਤ ਜਿਊਰੀ ਨੇ ਸਰਬਸੰਮਤੀ ਨਾਲ ਲੌਰੀ ਵਾਲੋਅ ਡੇਬੈਲ ਨੂੰ ਦੋਸ਼ੀ ਕਰਾਰ ਦਿੱਤਾ। ਜਦੋਂ ਫੈਸਲਾ ਪੜਿਆ ਜਾ ਰਿਹਾ ਸੀ ਤਾਂ ਲੌਰੀ ਡੇਬੈਲ ਦੇ ਚੇਹਰੇ 'ਤੇ



ਜਾਹਿਰਾ ਤੌਰ 'ਤੇ ਕੋਈ ਪ੍ਰਤੀਕਰਮ ਨਜਰ ਨਹੀਂ ਆਇਆ। ਉਹ ਚੁੱਪ ਚਾਪ ਫੈਸਲਾ ਸੁਣਦੀ ਰਹੀ। ਸਜ਼ਾ ਪ੍ਰਕ੍ਰਿਆ ਵਾਸਤੇ ਉਸ ਨੂੰ ਅਡਾ ਕਾਊਂਟੀ ਤੋਂ ਫਰੀਮਾਂਟ ਕਾਊਂਟੀ ਤਬਦੀਲ ਕੀਤਾ ਜਾਵੇਗਾ। ਜੱਜ ਸਟੀਵਨ ਬਾਈਸ ਨੇ ਕਿਹਾ ਕਿ ਸਜ਼ਾ 3 ਮਹੀਨੇ ਦੇ ਅੰਦਰ ਸੁਣਾਈ ਜਾਵੇਗੀ। ਚੈਡ ਡੇਬੈਲ ਜਿਸ ਨੇ ਵੀ ਇਸ ਮਾਮਲੇ ਵਿਚ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ, ਵਿਰੁੱਧ ਵੱਖਰੇ ਤੌਰ 'ਤੇ ਮੁਕੱਦਮਾ ਚਲਾਇਆ ਜਾਵੇਗਾ। ਇਥੇ ਜਿਕਰਯੋਗ ਹੈ ਕਿ ਟੈਮੀ ਡੇਬੈਲ ਦੀ ਅਕਤੂਬਰ 2019 ਵਿਚ ਸੁੱਤੇ ਪਿਆਂ ਹੀ ਮੌਤ ਹੋ ਗਈ ਸੀ। ਇਸ ਤੋਂ ਕੁਝ ਹਫਤਿਆਂ ਬਾਅਦ ਹੀ ਵਾਲੋਅ ਡੇਬੈਲ ਨੇ ਚੈਡ ਡੇਬੈਲ ਨਾਲ ਵਿਆਹ ਰਚਾ ਲਿਆ ਸੀ। ਜੂਨ 2020 ਵਿਚ ਫਰੀਮਾਊਂਟ ਕਾਊਂਟੀ, ਈਦਾਹੋ ਵਿਚ ਲਾਅ ਇਨਫੋਰਸਮੈਂਟ ਅਧਿਕਾਰੀਆਂ ਨੇ ਵਾਲੋਅ ਡੇਬੈਲ ਦੇ ਮਤਰੇਏ ਬੱਚਿਆਂ ਦੀਆਂ ਗਲੀਆਂ ਸੜੀਆਂ ਲਾਸ਼ਾਂ ਮਕਾਨ ਦੇ ਪਿਛਵਾੜਿਉਂ ਬਰਾਮਦ ਕੀਤੀਆਂ ਸਨ।

# ਪੱਤਰਕਾਰ ਕੁਲਵੰਤ ਊਭੀ ਧਾਲੀਆਂ ਦੇ ਪੁੱਤਰ ਬਣੇ ਡਿਪਟੀ ਸ਼ੈਰਫ





ਫਰਿਜਨੋ (ਕੈਲੇਫੋਰਨੀਆ) ਨੀਟਾ ਮਾਛੀਕੇ- ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਫਰਿਜਨੋ ਰਾਹੀਂ ਪੱਤਰਕਾਰਤਾ ਵਿੱਚ ਸੇਵਾਵਾਂ ਨਿਭਾਉਣ ਵਾਲੇ ਕੁਲਵੰਤ ਊਭੀ ਧਾਲੀਆਂ ਦੇ ਹੋਣਹਾਰ ਸਪੁੱਤਰ ਇਕਰਾਜ ਸਿੰਘ ਊਭੀ ਨੇ ਫਰਿਜਨੋ ਸ਼ੈਰਫ ਕਰਿਮੀਨੌਲਜੀ 108 ਅਕੈਡਮੀ ਤੋ ਗਰੈਜੂਟੇ ਹੋਕੇ ਪੂਰੇ ਪੰਜਾਬੀ ਭਾਈਚਾਰੇ ਦਾ ਨਾਮ ਰੌਸ਼ਨ ਕੀਤਾ ਹੈ। ਇੱਥੇ ਵੀ ਜਿਕਰਯੋਗ ਹੈ ਕਿ ਉਹਨਾਂ ਨੇ ਇਹ ਮੱਲ ਪੂਰੇ ਸਿੱਖੀ ਸਰੂਪ ਵਿੱਚ ਰਹਿਕੇ ਮਾਰੀ ਤੇ ਬਹੁਤ ਜਲਦ ਹੋ ਡਿਪਟੀ ਸ਼ੈਰਫ ਦੇ ਤੌਰ ਤੇ ਸੇਵਾਵਾਂ ਦੇਣਗੇ। ਇਸ ਖੁਸ਼ੀ ਦੇ ਮੌਕੇ ਤੇ ਹਰਕੋਈ ਊਭੀ ਪਰਿਵਾਰ ਨੂੰ ਵਧਾਈਆਂ ਦੇ ਰਿਹਾ ਹੈ, ਇਸ ਬੱਚੇ ਲਈ ਸ਼ੁੱਭਕਾਮਨਾਵਾਂ ਭੇਜ ਰਿਹਾ ਹੈ, ਅਤੇ ਆਸ ਕਰਦੇ ਹਾਂ ਕਿ ਇਹ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਕੇ ਭਾਈਚਾਰੇ ਦਾ ਸਿਰ ਫ਼ਖਰ ਨਾਲ ਉੱਚਾ ਕਰਦਾ ਰਹੇਗਾ।




# Fresno California

## ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪੋ੍ਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336

ਸਾਡਾ ਆ.ਫਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।



**209-481-7750**

**510-472-0608**

**PH. : 209-624-3919**

ਸ੍ਰ. ਹਰਮਿੰਦਰ ਸਿੰਘ ਸਮਾਣਾ
ਆ.ਫਿਸ ਮੈਨੇਜਰ



Anthony Nwosu
Attorney at Law

# ਤਜਰਬੇ ਤੋਂ ਉੱਤਮ ਕੋਈ ਉਸਤਾਦ ਨਹੀਂ



ਵਕਤ ਨਾਲ, ਨਾ ਚਾਹੁੰਦਿਆਂ ਵੀ, ਇਨਸਾਨ ਤਕਰੀਬਨ ਤਕਰੀਬਨ ਆਪਣੇ ਮਾਂ-ਬਾਪ ਜਿਹਾ ਹੀ ਬਣ ਜਾਂਦਾ ਹੈ। ਉਹੋ ਹੀ ਸੁਭਾਅ, ਲਹਿਜ਼ਾ ਤੇ ਵਹਿਮ-ਭਰਮ। ਐਵੇਂ ਨਹੀਂ ਕਹਿੰਦੇ ਕਿ ਜੈਨੇਟਿਕ ਪ੍ਰੋਗਰਾਮਿੰਗ ਦੇ ਆਧਾਰ 'ਤੇ ਹੀ ਇਨਸਾਨ ਦੀ ਸਾਰੀ ਸ਼ਖ਼ਸੀਅਤ ਘੜੀ ਜਾਂਦੀ ਹੈ। ਇਕ ਹੱਦ ਟੱਪ ਕੇ ਉਹੋ ਸਾਰੀਆਂ ਗੱਲਾਂ ਜਿਹੜੀਆਂ ਇਨਸਾਨ ਨੂੰ ਬਤੌਰ ਔਲਾਦ ਮਾਂ-ਪਿਓ 'ਚ ਚੁੱਭਦੀਆਂ ਰਹੀਆਂ, ਉਹਦੇ ਵਿਚੋਂ ਦੀ ਉਸ ਦੀ ਔਲਾਦ ਵਿਚ ਵੀ ਉਹੀ ਗੱਲਾਂ ਝਲਕਣਗੀਆਂ। ਉਮਰ ਆਪਣੇ-ਆਪ ਵਿਚ ਬਹੁਤ ਸਾਰੇ ਮਸਲਿਆਂ ਦਾ ਹੱਲ ਹੈ। ਵਕਤ ਨਾਲ ਸਿਆਣਪ ਦੇ ਆਉਣ ਦੀ ਉਡੀਕ ਰਹਿੰਦੀ ਹੈ। ਹਰੇਕ 'ਤੇ ਤਾਂ ਨਹੀਂ ਆਉਂਦੀ। ਕਈਆਂ ਬਾਰੇ ਤਾਂ ਇੰਜ ਜਾਪਦਾ ਹੈ ਜਿਵੇਂ ਪੰਜਾਹ ਸਾਲ ਦੀ ਉਮਰ ਵਿਚ ਵੀ ਪੰਜ ਨਿਆਣੇ ਦੱਸਾਂ-ਦੱਸਾਂ ਸਾਲਾਂ ਦੇ ਇਕੱਠੇ ਕੀਤੇ ਹੋਣ। ਪਰ ਉਂਝ ਤਜਰਬੇ ਤੋਂ ਉੱਤਮ ਕੋਈ ਉਸਤਾਦ ਨਹੀਂ। ਆਮ ਤੌਰ 'ਤੇ ਵਕੀਲ ਜਾਂ ਡਾਕਟਰ ਵੱਡੀ ਉਮਰੇ ਲੋਕਾਂ ਦਾ ਭਰੋਸਾ ਸੌਖਿਆਂ ਜਿੱਤ ਲੈਂਦੇ ਹਨ। ਚਿੱਟੇ ਵਾਲ ਆਪਣੇ-ਆਪ ਵਿਚ ਇਕ ਪ੍ਰਮਾਣ ਪੱਤਰ ਸਾਬਿਤ ਹੁੰਦੇ ਹਨ।

ਸਾਡੇ ਘਰ ਦੇ ਬਜ਼ੁਰਗ ਬੱਚਿਆਂ ਨੂੰ ਸੋਹਲ ਰੱਖਣ ਦੇ ਹੱਕ ਵਿਚ ਨਹੀਂ ਸੀ ਹੁੰਦੇ। ਅਕਸਰ ਕਹਿ ਛੱਡਦੇ, ਇਨ੍ਹਾਂ ਨੂੰ ਸੇਕ ਲੱਗ ਲੈਣ ਦਿਓ ਨਹੀਂ, ਤਾਂ ਇਹ ਮਾੜੀ ਜਿਹੀ ਧੁੱਪ ਵਿਚ ਮੁਰਝਾ ਜਿਹਾ ਕਰਨਗੇ। ਤੁਰਨਾ ਆਪਣੇ ਪੈਰਾਂ 'ਤੇ ਹੀ ਸਿੱਖਿਆ ਜਾਂਦਾ ਹੈ, ਮਾਂ ਦੀ ਬੁੱਕਲ 'ਚ ਬੈਠ ਕੇ ਨਹੀਂ। ਸ਼ਾਇਦ ਇਹੋ ਇਕ ਵਜ ?ਹਾ ਹੈ ਕਿ ਜਿਨ੍ਹਾਂ ਨੂੰ ਜਜ਼ਬਾਤੀ ਤੇ ਦੁਨਿਆਵੀ ਸੁਰੱਖਿਆ ਮਿਲੀ, ਉਹ ਜ਼ਿੰਦਗੀ ਦੀ ਪੇਚੀਦਾ ਜੰਗ ਲਈ ਦਾਅ ਪੇਚ ਨਹੀਂ ਸਿੱਖ ਸਕੇ। ਲੋੜ ਹੀ ਨਹੀਂ ਪਈ। ਆਮ ਤੌਰ 'ਤੇ ਕਿਸੇ ਹੰਢੇ ਹੋਏ ਸਿਆਸਤਦਾਨ ਬਾਰੇ ਕਹਿ ਦਿੱਤਾ ਜਾਂਦਾ ਹੈ ਕਿ ਉਹ r}sen from the ranks ਹੈ। ਭਾਵ ਦਰਜਾ ਦਰ ਦਰਜਾ ਉੱਠਿਆ ਹੈ। ਇਸ ਲਈ ਹਰ ਤਰ੍ਹਾਂ ਦੇ ਰੰਗਾਂ ਨਾਲ ਵਾਕਫ਼ਿਅਤ ਹੈ। ਜੇਕਰ ਅਗਲਾ ਪੈਰਾਸ਼ੂਟ ਤੋਂ ਸਿੱਧਾ ਉਤਰਿਆ ਹੋਵੇ, ਸਿੰਘਾਸਨ 'ਤੇ ਪੈਰ ਜਮਾਉਣੇ ਬਹੁਤ ਔਖੇ ਹੋ ਜਾਂਦੇ ਹਨ। ਨਰਮ ਗੱਦੇ, ਢੂਈ ਨੂੰ ਕਮਜ਼ੋਰ ਕਰ ਦਿੰਦੇ ਹਨ। ਅਸਲ ਸਮਰੱਥਾ ਤਾਂ ਤਾਕਤ ਪਰਖਦੀ ਹੈ, ਦੌਲਤ ਨਹੀਂ। ਤਾਕਤ ਉਹ ਹੈ ਜੋ ਹਾਲਾਤ ਨੂੰ ਹਰਾ ਮਾਰੇ। ਕਿਉਂਕਿ ਠੰਢੇ ਦਿਮਾ.ਗ ਦੀ ਹੀ ਸੋਚ ਡੂੰਘੀ ਹੁੰਦੀ ਹੈ। ਜਿਹੜਾ ਭਖ ਗਿਆ, ਉਹ ਤਾਂ ਦੌੜ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੈਦਾਨ ਵਿਚੋਂ ਬਾਹਰ ਹੋਣ ਦਾ ਕੰਮ ਕਰਦਾ ਹੈ। ਕੁਰਸੀ ਤੱਕ ਪਹੁੰਚਣ ਤੋਂ ਪਹਿਲਾਂ ਦੀ ਜੰਗ ਹੀ ਅਸਲ ਬਾਜ਼ੀ ਹੈ। ਉਸ ਤੋਂ ਮਗਰੋਂ ਤਾਂ ਘੱਟ ਹੀ ਕੋਈ ਵੇਖਿਆ ਹੈ, ਜਿਹੜਾ ਹਾ-ਭਾਅ ਨਾ ਬਦਲੇ, ਆਪਣੀ ਭਾਸ਼ਾ ਰੋਅਬਦਾਰ ਨਾ ਕਰੇ। ਪਰ ਜਿੰਨੀ ਦੇਰ, ਉਥੇ ਪਹੁੰਚਾਉਣ ਦੀ ਤਾਕਤ ਲੋਕਾਂ ਵਿਚ ਹੁੰਦੀ ਹੈ, ਉਨ੍ਹੀਂ ਦੇਰ ਬਹੁਤ ਸਾਰੇ ਲੋਕ ਬੱਝੇ ਹੱਥਾਂ ਨਾਲ ਉਸ ਤਾਕਤ ਦਾ ਸੌਦਾ ਕਰਦੇ ਹਨ। ਅਗਲੇ ਦਾ ਭਰੋਸਾ ਜਿੱਤਣ ਲਈ ਆਪਣੀ ਅਣਖ ਤੱਕ ਹਾਰ ਜਾਂਦੇ ਹਨ। ਇਕ ਸਾਬਕਾ ਮੁੱਖ ਮੰਤਰੀ ਸਾਹਿਬ ਚੋਣਾਂ ਤੋਂ ਪਹਿਲਾਂ ਲੋਕਾਂ ਦੇ ਸਨਮੁੱਖ ਹੋਏ ਕਿਸੇ ਪਿੰਡ ਵਿਚ, ਅਗਲਿਆਂ ਨੇ ਚੰਗੀ ਲਾਹ-ਪੱਤ ਕੀਤੀ। ਪਿੰਡ ਦੀਆਂ ਟੂਟੀਆਂ ਤੋਂ ਲੈ ਕੇ ਪਸ਼ੂਆਂ ਦੀਆਂ ਬਿਮਾਰੀਆਂ ਤੱਕ ਸਭ ਕੁਝ ਸਰਦਾਰ ਸਾਹਿਬ ਨੂੰ ਦਿੱਤੇ ਮਿਹਣਿਆਂ ਵਿਚ ਸ਼ਾਮਿਲ ਸੀ। ਨਾਲ ਦੇ ਸਹਾਇਕ ਅਫ਼ਸਰ ਵੀ ਤਰੇਲੋ-ਤਰੇਲੀ ਹੋ ਰਹੇ ਸਨ, ਉਹ ਬਿਲਕੁਲ ਠੰਢੇ ਚਿੱਤ ਸਿਰ ਹਿਲਾਉਂਦੇ ਰਹੇ। ਅਖ਼ੀਰ ਕਹਿਣ ਲੱਗੇ, ਮੈਂ ਥੋੜੇ ਨਾਲ ਇਥੇ ਧੂੜ-ਪੱਟੀਆਂ ਗੱਲੀਆਂ 'ਚ ਖੜੋਤਾ ਤਾਂ ਮੈਂ ਕੁਝ ਕਰ ਨਹੀਂ ਸਕਦਾ। ਜੇ ਤੁਸੀਂ ਮੈਨੂੰ ਜਿਤਾ ਕੇ, ਉਸ ਵੱਡੀ ਕੁਰਸੀ ਤੇ ਬਿਠਾਉਂਗੇ ਤਾਂ ਆਪਾਂ ਸਾਰਾ ਹੱਲ ਕੱਢਾਂਗੇ। ਵੇਖੋ ਨਾ, ਹੱਸਦਿਆਂ ਦੀਆਂ ਸਿਠਣੀਆਂ, ਲੜਦਿਆਂ ਦੇ ਮਿਹਣੇ। ਸਾਰੇ ਸਿਰ-ਮੱਥੇ ਹਨ। ਪਰ ਆਹ ਵੀ ਤਾਂ ਵੇਖੋ ਨਾ, ਮੈਨੂੰ ਛੱਡ ਜਦੋਂ ਤੁਸੀਂ ਦੂਜੇ ਪਾਸੇ ਤੁਰ ਪੈਂਦੇ ਹੋ, ਫੇਰ ਕੀ ਲੱਭ ਜਾਂਦਾ ਹੈ ਤੁਹਾਨੂੰ ? ਮੈਂ ਕਦੇ ਲੜਨ ਆਇਆਂ ਤੁਹਾਡੇ ਨਾਲ ਬਈ ਲੈ ਲਵੋ ਜੇ ਕੁਝ ਲੱਭਦਾ ਹੈ, ਇਨ੍ਹਾਂ ਤੋਂ ? ਮੈਂ ਫਿਰ ਉਵੇਂ ਹੀ ਭਰੋਸਾ ਰੱਖਦਾ ਹਾਂ ਤੁਹਾਡੇ 'ਤੇ।" ਲਫਜ਼ਾਂ ਦੀ ਸਿਆਣਪ ਨੇ ਪੁਲ ਬੰਨ੍ਹ ਦਿੱਤਾ ਸੀ। ਉਸ ਵਾਰ ਫੇਰ ਬਾਜ਼ੀ ਪਲਟ ਗਈ। ਸਿਆਣਪ, ਵਕਤ ਦਾ ਦਿੱਤਾ ਨਿੱਜੀ ਸਬਕ ਜੋ ਹੋਇਆ। ਚੌੜੇ ਪਲੰਘਾਂ 'ਤੇ ਸੁੱਤਿਆਂ ਇਹ ਕਿਸੇ ਨੂੰ ਨਹੀਂ ਮਿਲਿਆ। ਵਕਤ ਮਿਹਰਬਾਨ ਹੁੰਦਾ ਹੀ ਉਨ੍ਹਾਂ 'ਤੇ ਹੈ, ਜਿਨ੍ਹਾਂ ਨੇ ਤਪਦੀ ਸੜਕ 'ਤੇ ਨੰਗੇ ਪੈਰ ਤੁਰ ਕੇ ਵੇਖਿਆ ਹੁੰਦਾ ਹੈ। ਆਮ ਤੌਰ 'ਤੇ ਸੁਨਿਆਰੇ 24 ਕੈਰਟ ਸੋਨੇ ਦੇ ਗਹਿਣੇ ਨਹੀਂ ਘੜਦੇ। ਟਿਕਦੇ ਨਹੀਂ। ਥੋੜ੍ਹਾ ਜਿਹਾ ਪਿੱਤਲ ਰਲਾ ਕੇ ਹੀ ਘੜਤ ਆਉਂਦੀ ਹੈ। ਮਾੜੀ ਜਿਹੀ ਖੋਟ ਜਾਂ ਕਹਿ ਲਵੋ ਕਲਾਕਾਰੀ ਵੀ ਸੁਭਾਅ 'ਚ ਲਾਜ਼ਮੀ ਹੈ, ਪਰ ਸ਼ਰਤ ਇਹ ਹੈ ਕਿ ਬਾਕੀ ਦੀ ਤਬੀਅਤ ਪੂਰੀ ਖਰੀ ਹੋਵੇ। ਨਹੀਂ ਤਾਂ ਗੱਲ ਲੰਮੀ ਚੱਲ ਨਹੀਂ ਸਕਦੀ।

ਅਕਸਰ ਕਹਿੰਦੇ ਸੁਣਿਆ ਹੈ ਸਿਆਣਿਆਂ ਨੂੰ ਨਸਲਾਂ ਏਸ ਲਈ ਨਹੀਂ ਪਰਖੀਦੀਆਂ ਕਿ ਦਿਖਾਵਾ ਜ਼ਰੂਰੀ ਹੈ। ਬਲਕਿ ਹਰ ਬੰਦੇ ਦੀ ਅੰਦਰੂਨੀ ਤਸਵੀਰ, ਉਸ ਦੇ ਪਿਛੋਕੜ ਦੀ ਝਲਕ ਹੋਵੇਗੀ। ਸੁਲਝੀਆਂ ਤਬੀਅਤਾਂ ਇਕ ਹੱਦ ਤੋਂ ਹੇਠਾਂ ਡਿੱਗ ਨਹੀਂ ਸਕਦੀਆਂ। ਉਲਝੇ ਲੋਕ ਬਹੁਤੀ ਦੇਰ ਨਿਭਾਅ ਨਹੀਂ ਸਕਦੇ। ਗੱਲਾਂ ਦਾ ਅਸਰ ਵਕਤੀ ਹੁੰਦਾ ਹੈ। ਗੱਲ ਕਹਿਣ ਵਾਲਾ ਕੀ ਹੈ, ਕੌਣ ਹੈ, ਇਹ ਹੀ ਅਸਲ ਪਰਖ ਹੈ। ਜਿਨ੍ਹਾਂ ਨੇ ਮਿਹਨਤ ਕਰਕੇ ਨਹੀਂ ਵੇਖੀ, ਉਨ੍ਹਾਂ ਨੂੰ ਅੰਦਾਜ਼ਾ ਹੀ ਨਹੀਂ ਕਿ ਕਿਲ੍ਹੇ ਬਣਦੇ ਕਿਵੇਂ ਹਨ ?

-ਬੱਬੂ ਤੀਰ

# ਨ.ਫਰਤ ਸਿਹਤ ਲਈ ਵੀ ਗੰਭੀਰ ਖਤਰਾ ਹੈ

**ਡਾ. ਅਰੁਣ ਮਿੱਤਰਾ**



*ਕੱਟੜਤਾ ਤੇ ਨਫਰਤ ਮਨੁੱਖੀ ਵਿਹਾਰ ਦਾ ਹਿੱਸਾ ਨਹੀਂ ਹੈ। ਲੋਕ ਹਮੇਸ਼ਾ ਸ਼ਾਂਤੀ ਨਾਲ ਰਹਿਣ ਲਈ ਤਰਸਦੇ ਰਹੇ ਹਨ। ਦੂਸਰਿਆਂ ਵਿਰੁੱਧ ਨ.ਫਰਤ ਘਟੀਆ ਮਨੋਰਥ ਨਾਲ ਫੈਲਾਈ ਜਾਂਦੀ ਹੈ। ਅੰਗਰੇਜ਼ਾਂ ਦੇ ਭਾਰਤ ਆਉਣ ਤੋਂ ਪਹਿਲਾਂ ਹਿੰਦੂਆਂ ਅਤੇ ਮੁਸਲਮਾਨਾਂ ਦੇ ਇੱਕ ਦੂਜੇ ਦੇ ਵਿਰੁੱਧ ਲੜਨ ਦੀਆਂ ਬਹੁਤ ਘੱਟ ਰਿਪੋਰਟਾਂ ਹਨ।*

12 ਅਪਰੈਲ 2023 ਦੀ ਨਵ ਭਾਰਤ ਟਾਈਮਜ਼ ਵਿੱਚ ਛਪੀ ਖਬਰ ਦੇ ਅਨੁਸਾਰ, ਇੱਕ ਪੋਸਟ ਦਾ ਹਵਾਲਾ ਦਿੰਦੇ ਹੋਏ, ਜਿਸ ਵਿੱਚ ਇੱਕ ਬੱਚੇ ਦੀ ਮਾਂ ਨੇ ਦੱਸਿਆ ਸੀ ਕਿ ਉਸ ਦੀ ਧੀ ਅੱਜ ਰੋਂਦੀ ਹੋਈ ਘਰ ਆਈ ਤੇ ਉਸ ਨੇ ਪੁੱਛਿਆ ਕਿ 'ਕੀ ਅਸੀਂ ਮੁਸਲਮਾਨ ਇੰਨੇ ਗੰਦੇ ਹਾਂ'? ਛੇਵੀਂ ਜਮਾਤ ਵਿੱਚ ਉਸ ਦੀ ਜਮਾਤਣ ਵੱਲੋਂ ਉਸ ਦੇ ਮੂੰਹ 'ਤੇ ਥੁੱਕਣ ਤੋਂ ਬਾਅਦ ਹੋਇਆ, ਜਦੋਂਕਿ ਉਸ ਨੂੰ ਪਤਾ ਲੱਗਿਆ ਕਿ ਉਹ ਮੁਸਲਮਾਨ ਹੈ। ਇਹ ਬਹੁਤ ਚਿੰਤਾ ਦਾ ਵਿਸ਼ਾ ਹੈ ਅਤੇ ਇਹ ਉਸ ਗੱਲ ਦਾ ਪ੍ਰਤੀਬਿੰਬ ਹੈ, ਜੋ ਕੁਝ ਘਰਾਂ ਵਿੱਚ ਲਗਾਤਾਰ ਚਰਚਾ ਕੀਤੀ ਜਾ ਰਹੀ ਹੈ ਅਤੇ ਬੱਚਿਆਂ ਦੇ ਦਿਮਾਗ ਵਿੱਚ ਪਾਈ ਜਾ ਰਹੀ ਹੈ। ਉਸ ਉਮਰ ਦੇ ਬੱਚੇ ਧਾਰਮਿਕ ਵਖਰੇਵਿਆਂ, ਧਰਮ, ਜਾਤ, ਨਸਲ ਜਾਂ ਲਿੰਗ ਦੇ ਆਧਾਰ 'ਤੇ ਕਿਸੇ ਨਾਲ ਨ.ਫਰਤ ਕਰਨ ਦੀ ਗੱਲ ਨਹੀਂ ਕਰਦੇ ਪਰ ਲਗਾਤਾਰ ਨਕਾਰਾਤਮਕ ਚਰਚਾਵਾਂ ਬੱਚੇ ਦੇ ਵਿਕਾਸਸ਼ੀਲ ਮਨ 'ਤੇ ਲੰਬੇ ਸਮੇਂ ਲਈ ਪ੍ਰਭਾਵ ਪਾਉਂਦੀਆਂ ਹਨ। ਗੁਜਰਾਤ ਵਿੱਚ ਹੋਏ ਦੰਗਿਆਂ ਤੋਂ ਬਾਅਦ 7 ਮਈ, 2002 ਦੇ ਟਾਈਮਜ਼ ਆਫ਼ ਇੰਡੀਆ ਨੇ ਰਿਪੋਰਟ ਦਿੱਤੀ ਸੀ ਕਿ "ਧਰਮ ਨਿਰਪੱਖਤਾ ਦੀ ਉਮੀਦ ਦੇ ਆਖਰੀ ਸਾਹ ਲੈ ਰਹੀ ਹੈ। ਖਾਸ ਤੌਰ 'ਤੇ ਬੱਚਿਆਂ ਦੇ ਮੂੰਹ 'ਚੋਂ ਅੱਗ ਬਰਸ ਰਹੀ ਹੈ। ਨ.ਫਰਤ ਦਾ ਬੀਜ ਜਵਾਨੀ ਤੱਕ ਪਹੁੰਚਣ ਤੋਂ ਪਹਿਲਾਂ ਹੀ ਬੱਚੇ ਦੇ ਮਨ ਵਿਚ ਬੀਜ ਦਿੱਤਾ ਜਾਂਦਾ ਹੈ।"

ਸਾਡੇ ਸਮਾਜ ਵਿਚ ਜਿੱਥੇ ਜਾਤ-ਪਾਤ ਅਤੇ ਧਰਮ ਦੇ ਆਧਾਰ 'ਤੇ ਭੇਦ-ਭਾਵ ਪਹਿਲਾਂ ਹੀ ਮੌਜੂਦ ਹਨ, ਉੱਥੇ ਦੂਜਿਆਂ ਪ੍ਰਤੀ ਨ.ਫਰਤ ਦੀਆਂ ਭਾਵਨਾਵਾਂ ਨੂੰ ਜਗਾਉਣਾ ਆਸਾਨ ਹੈ। ਜਰਮਨੀ ਦੇ ਨਾਜ਼ੀ ਸਿਆਸਤਦਾਨ ਪਾਲ ਜੋਸਫ਼ ਗੋਏਬਲਜ਼ ਜੋ ਕਿ ਨਾਜ਼ੀ ਪਾਰਟੀ ਦਾ ਮੁੱਖ ਪ੍ਰਚਾਰਕ ਸੀ ਅਤੇ 1933 ਤੋਂ 1945 ਤੱਕ ਪ੍ਰਚਾਰ ਮੰਤਰੀ ਰਿਹਾ, ਨੇ ਇਸ ਸਿਧਾਂਤ 'ਤੇ ਕੰਮ ਕੀਤਾ ਕਿ 'ਜੇਕਰ ਤੁਸੀਂ ਇੱਕ ਝੂਠ ਨੂੰ ਅਕਸਰ ਦੁਹਰਾਉਂਦੇ ਹੋ ਤਾਂ ਲੋਕ ਇਸ 'ਤੇ ਵਿਸ਼ਵਾਸ ਕਰਨਗੇ, ਇਥੋਂ ਤੱਕ ਕਿ ਤੁਸੀਂ ਆਪ ਵੀ ਇਸ ਨੂੰ ਸੱਚ ਮੰਨਣ ਲਗ ਜਾਓਗੇ। ਇੱਕ ਵਾਰ ਬੋਲਿਆ ਗਿਆ ਝੂਠ, ਝੂਠ ਹੀ ਰਹਿੰਦਾ ਹੈ ਪਰ ਹਜ਼ਾਰ ਵਾਰ ਬੋਲਿਆ ਗਿਆ ਝੂਠ ਸੱਚ ਬਣ ਜਾਂਦਾ ਹੈ।"

ਉਸ ਨੇ ਯਹੂਦੀਆਂ ਦੇ ਵਿਰੁੱਧ ਇੱਕ ਯੋਜਨਾਬੱਧ ਪ੍ਰਚਾਰ ਕੀਤਾ। ਇਹ ਪ੍ਰਚਾਰਿਆ ਗਿਆ ਕਿ ਯਹੂਦੀ ਖੁੰਬਾਂ ਵਾਂਗ ਵਧਦੇ ਹਨ ਅਤੇ ਉਹ ਜਰਮਨੀ ਦੀਆਂ ਸਮੱਸਿਆਵਾਂ ਦਾ ਕਾਰਨ ਹਨ। ਉਸ ਤੋਂ ਬਾਅਦ ਨਾਜ਼ੀਆਂ ਨੇ ਯਹੂਦੀਆਂ ਦੀ ਨਸਲਕੁਸ਼ੀ ਕੀਤੀ। ਨਾਜ਼ੀ ਦੌਰ ਵਿੱਚ 60 ਲੱਖ ਯਹੂਦੀ ਮਾਰੇ ਗਏ ਸਨ। ਇਨ੍ਹਾਂ ਵਿਚੋਂ 30 ਲੱਖ ਯਹੂਦੀ ਪੋਲੈਂਡ ਵਿੱਚ ਕਤਲ ਕੀਤੇ ਗਏ। ਯੂਰਪ ਤੇ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਯਹੂਦੀ-ਵਿਰੋਧ (Anti-semitism) ਅਜੇ ਵੀ ਲੋਕਾਂ ਦੀ ਮਾਨਸਿਕਤਾ ਦਾ ਹਿੱਸਾ ਹੈ। ਹੁਟੂਸ ਦੁਆਰਾ ਤੂਤਸੀਆਂ ਦੇ ਵਿਰੁੱਧ ਪ੍ਰਚਾਰ ਦੇ ਕਾਰਨ 1994 ਵਿੱਚ ਰਾਵਾਂਡਾ ਵਿੱਚ ਕਬਾਇਲੀ ਯੁੱਧ ਹੋਇਆ, ਜਿਸ ਵਿੱਚ ਸਿਰਫ 100 ਦਿਨਾਂ ਦੇ ਅੰਤਰਾਲ ਵਿੱਚ 8,00,000 ਤੋਂ ਵੱਧ ਲੋਕ ਮਾਰੇ ਗਏ ਸਨ। ਭਾਰਤ ਦੀ ਵੰਡ ਦੌਰਾਨ 10 ਲੱਖ ਲੋਕ ਮਾਰੇ ਗਏ ਸਨ। ਮਨੀਪੁਰ ਵਿੱਚ ਹਿੰਸਾ ਦੀਆਂ ਤਾਜ਼ਾ ਘਟਨਾਵਾਂ ਆਉਣ ਵਾਲੇ ਦਹਾਕਿਆਂ ਤੱਕ ਕੁਕੀ ਅਤੇ ਮਿਤਈ ਲੋਕਾਂ ਨੂੰ ਇੱਕ ਦੂਜੇ ਤੋਂ ਦੂਰ ਕਰ ਦੇਣਗੀਆਂ।

ਇਹ ਨੋਟ ਕਰਨਾ ਸਭ ਤੋਂ ਘਿਣਾਉਣੀ ਗੱਲ ਸੀ ਕਿ ਮਹਾਮਾਰੀ ਦੌਰਾਨ ਵੀ ਜਦੋਂ ਲੋਕਾਂ ਨੂੰ ਇਕਜੁਟ ਹੋਣ ਦੀ ਜ਼ਰੂਰਤ ਸੀ, ਤਬਲੀਗੀਆਂ ਦੇ ਵਿਰੁੱਧ ਇੱਕ ਝੂਠਾ ਪ੍ਰਚਾਰ ਸ਼ੁਰੂ ਕੀਤਾ ਗਿਆ ਅਤੇ ਬਿਨਾਂ ਕਿਸੇ ਸਬੂਤ ਦੇ ਕੋਵਿਡ ਫੈਲਾਉਣ ਦਾ ਦੋਸ਼ ਲਗਾ ਕੇ ਉਨ੍ਹਾਂ ਨੂੰ ਫੜ ਲਿਆ ਗਿਆ ਸੀ। ਹਾਲਾਂਕਿ ਬਾਅਦ ਵਿਚ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਸੀ।

ਜਦੋਂ ਕੁਝ ਔਰਤਾਂ ਨਾਗਰਿਕ ਸੋਧ ਬਿੱਲ ਵਿਰੁੱਧ ਸ਼ਾਹੀਨ ਬਾਗ ਵਿੱਚ ਧਰਨੇ 'ਤੇ ਬੈਠੀਆਂ ਤਾਂ ਉਨ੍ਹਾਂ ਦਾ ਮਜ਼ਾਕ ਉਡਾਇਆ ਗਿਆ। ਕੁਝ ਮਹੀਨੇ ਪਹਿਲਾਂ ਹੀ ਗੁਜਰਾਤ ਸਰਕਾਰ ਵੱਲੋਂ ਬਿਲਕਿਸ ਬਾਨੋ ਦੇ ਪਰਿਵਾਰ ਦੇ ਕਾਤਲਾਂ ਅਤੇ ਬਲਾਤਕਾਰੀਆਂ ਨੂੰ ਉਸੇ ਸਮੇਂ ਰਿਹਾਅ ਕਰ ਦਿੱਤਾ ਗਿਆ, ਜਦੋਂ ਪ੍ਰਧਾਨ ਮੰਤਰੀ 15 ਅਗਸਤ 2022 ਨੂੰ ਲਾਲ ਕਿਲ੍ਹੇ ਤੋਂ ਔਰਤਾਂ ਦੀ ਇੱਜ਼ਤ ਬਚਾਉਣ ਦੀ ਆਪਣੀ ਵਚਨਬੱਧਤਾ ਬਾਰੇ ਗੱਲ ਕਰ ਰਹੇ ਸਨ। ਹੁਣ ਅਸੀਂ ਦੇਖ ਰਹੇ ਹਾਂ ਕਿ ਜੰਤਰ-ਮੰਤਰ ਨਵੀਂ ਦਿੱਲੀ ਵਿੱਚ ਧਰਨੇ 'ਤੇ ਬੈਠੀਆਂ ਔਰਤਾਂ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਕਰ ਰਹੀਆਂ ਹਨ, ਜਿਸ 'ਤੇ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਜਾ ਰਹੀ ਹਨ। ਇਹ ਔਰਤਾਂ ਕਿਸੇ ਵੀ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਨਹੀਂ ਹਨ। ਉਹ ਜਾਟ ਭਾਈਚਾਰੇ ਤੋਂ ਆਉਂਦੀਆਂ ਹਨ। ਇਹ ਇੱਕ ਸਪੱਸ਼ਟ ਸੰਦੇਸ਼ ਹੈ ਕਿ ਨ.ਫਰਤ ਦੇ ਬਿਰਤਾਂਤ ਵਿਚ ਕਿਸੇ ਨੂੰ ਬਖਸ਼ਿਆ ਨਹੀਂ ਜਾਂਦਾ।

ਇਹ ਸਮਝਣ ਦਾ ਸਮਾਂ ਹੈ ਕਿ ਨ.ਫਰਤ ਦਾ ਬਿਰਤਾਂਤ ਕਿਸੇ ਇੱਕ ਫਿਰਕੇ ਜਾਂ ਨਸਲੀ ਸਮੂਹ 'ਤੇ ਨਹੀਂ ਰੁਕਦਾ। ਇਹ ਕਮਜ਼ੋਰ ਵਰਗਾਂ ਦੇ ਵਿਰੁੱਧ ਇੱਕ ਮਾਨਸਿਕਤਾ ਬਣ ਜਾਂਦੀ ਹੈ। ਕਮਜ਼ੋਰ ਲੋਕਾਂ ਨੂੰ ਸਾਰੀਆਂ ਬੁਰਾਈਆਂ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਹਿਟਲਰ ਯਹੂਦੀਆਂ ਨੂੰ ਖ਼ਤਮ ਕਰਨਾ ਚਾਹੁੰਦਾ ਸੀ ਅਤੇ ਆਪਣੇ ਆਪ ਨੂੰ ਸੱਚਾ ਈਸਾਈ ਸਾਬਤ ਕਰਨਾ ਚਾਹੁੰਦਾ ਸੀ ਪਰ ਅਖੀਰ ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਮਾਰੇ ਗਏ ਸਾਡੇ ਪੰਜ ਕਰੋੜ ਤੋਂ ਵੱਧ ਲੋਕਾਂ ਵਿੱਚੋਂ ਬਹੁਤ ਸਾਰੇ ਈਸਾਈ ਸਨ।

ਕੱਟੜਤਾ ਤੇ ਨਫਰਤ ਮਨੁੱਖੀ ਵਿਹਾਰ ਦਾ ਹਿੱਸਾ ਨਹੀਂ ਹੈ। ਲੋਕ ਹਮੇਸ਼ਾ ਸ਼ਾਂਤੀ ਨਾਲ ਰਹਿਣ ਲਈ ਤਰਸਦੇ ਰਹੇ ਹਨ। ਦੂਸਰਿਆਂ ਵਿਰੁੱਧ ਨ.ਫਰਤ ਘਟੀਆ ਮਨੋਰਥ ਨਾਲ ਫੈਲਾਈ ਜਾਂਦੀ ਹੈ। ਅੰਗਰੇਜ਼ਾਂ ਦੇ ਭਾਰਤ ਆਉਣ ਤੋਂ ਪਹਿਲਾਂ ਹਿੰਦੂਆਂ ਅਤੇ ਮੁਸਲਮਾਨਾਂ ਦੇ ਇੱਕ ਦੂਜੇ ਦੇ ਵਿਰੁੱਧ ਲੜਨ ਦੀਆਂ ਬਹੁਤ ਘੱਟ ਰਿਪੋਰਟਾਂ ਹਨ। ਦੇਸ਼ 'ਤੇ ਰਾਜ ਕਰਨ ਦੇ ਉਦੇਸ਼ ਨਾਲ ਬਸਤੀਵਾਦੀ ਸ਼ਕਤੀ ਨੇ ਸਮਾਜ ਨੂੰ ਵੰਡਣ ਲਈ ਸਾਰੇ ਸਾਧਨਾਂ ਦੀ ਵਰਤੋਂ ਕੀਤੀ ਤਾਂ ਜੋ ਦੇਸ਼ 'ਤੇ ਆਪਣੀ ਪਕੜ ਮਜ਼ਬੂਤ ਕੀਤੀ ਜਾ ਸਕੇ। ਉਹ ਦੇਸ਼ ਨੂੰ ਵੰਡਣ ਵਿੱਚ ਵੀ ਕਾਮਯਾਬ ਹੋ ਗਏ। ਹਾਲਾਂਕਿ ਇੱਥੇ ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਵੰਡ ਦੌਰਾਨ ਹੋਏ ਦੰਗਿਆਂ ਵਿੱਚ 10 ਲੱਖ ਤੋਂ ਵੱਧ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਦੇ ਮਾਰੇ ਜਾਣ ਦੇ ਬਾਵਜੂਦ, ਭਾਰਤ ਦੇ ਲੋਕਾਂ ਨੇ ਨ.ਫਰਤ ਦੀ ਰਾਜਨੀਤੀ ਨੂੰ ਨਕਾਰ ਦਿੱਤਾ ਅਤੇ ਆਜ਼ਾਦ ਭਾਰਤ ਵਿੱਚ ਪਹਿਲੀ ਵਾਰ ਹੋਈਆਂ ਚੋਣਾਂ ਵਿੱਚ ਫਿਰਕੂ ਫੁੱਟ ਪਾਊ ਤਾਕਤਾਂ ਨੂੰ ਹਰਾਇਆ ਅਤੇ ਧਰਮ, ਜਾਤ ਜਾਂ ਲਿੰਗ ਦੇ ਭੇਦਭਾਵ ਤੋਂ ਰਹਿਤ ਮਾਨਵਵਾਦ ਅਤੇ ਸਨਮਾਨ ਦੇ ਆਦਰਸ਼ਾਂ 'ਤੇ ਆਧਾਰਿਤ ਦੇਸ਼ ਦਾ ਨਿਰਮਾਣ ਕਰਨ ਦਾ ਨਿਰਣਾ ਕੀਤਾ। ਇਹ ਭਾਰਤ ਦਾ ਵਿਚਾਰ ਸੀ ਅਤੇ ਬਸਤੀਵਾਦੀ ਸ਼ਕਤੀ ਵਿਰੁੱਧ ਸਮੂਹਿਕ ਆਜ਼ਾਦੀ ਅੰਦੋਲਨ ਦਾ ਪ੍ਰਤੀਬਿੰਬ ਸੀ।

ਹੁਣ ਕੀ ਹੋਇਆ ਹੈ, ਇਹ ਇੱਕ ਵੱਡਾ ਸਵਾਲ ਹੈ ? ਭਾਰਤ ਦੇ ਲੋਕ ਉਨ੍ਹਾਂ ਤਾਕਤਾਂ ਦੇ ਪ੍ਰਭਾਵ ਵਿਚ ਕਿਉਂ ਭਟਕ ਰਹੇ ਹਨ, ਜਿਨ੍ਹਾਂ ਨੇ ਕਦੇ ਵੀ ਆਜ਼ਾਦੀ ਦੀ ਲੜਾਈ ਵਿੱਚ ਹਿੱਸਾ ਨਹੀਂ ਲਿਆ, ਸਗੋਂ ਬਸਤੀਵਾਦੀ ਮਾਲਕਾਂ ਦਾ ਸਾਥ ਦਿੱਤਾ।

ਵੱਡੇ ਹੋਣ ਦੀ ਪ੍ਰਕਿਰਿਆ ਦੌਰਾਨ ਸਮਾਜਿਕ ਸਿੱਖਿਆ ਅਤੇ ਮਨੋਵਿਗਿਆਨਕ ਬਣਤਰ, ਨੌਜਵਾਨ ਦਿਮਾਗਾਂ ਦੇ ਭਵਿੱਖ ਦੇ ਵਿਵਹਾਰ ਦੇ ਨਮੂਨਿਆਂ ਵਿੱਚ ਬਹੁਤ ਵੱਡਾ ਫ਼ਰਕ ਪਾਉਂਦੇ ਹਨ। ਉਹ ਆਪਣੀ ਪਰਵਰਿਸ਼ ਦੇ ਦੌਰਾਨ ਪੱਖਪਾਤ, ਨ.ਫਰਤ ਅਤੇ ਹੋਰ ਬਹੁਤ ਸਾਰੇ ਨਕਾਰਾਤਮਕ ਵਿਚਾਰਾਂ ਤੋਂ ਪ੍ਰਭਾਵਿਤ ਹੁੰਦੇ ਹਨ। ਇਸ ਲਈ ਇਸ ਦਾ ਗੰਭੀਰਤਾ ਨਾਲ ਅਧਿਐਨ ਕਰਨਾ ਅਤੇ ਇਸ ਤਰ੍ਹਾਂ ਦੇ ਅਸ਼ਲੀਲ ਵਿਵਹਾਰ ਨੂੰ ਵਾਪਰਨ ਤੋਂ ਰੋਕਣਾ ਜ਼ਰੂਰੀ ਹੈ। ਹੁਣ ਲੋਕਾਂ ਨੇ ਫੈਸਲਾ ਕਰਨਾ ਹੈ ਕਿ ਅਸੀਂ ਕਿਸ ਤਰ੍ਹਾਂ ਇਕਜੁੱਟ ਹੋ ਕੇ ਅੱਗੇ ਵਿਕਾਸ ਕਰਨਾ ਹੈ ? ਨ.ਫਰਤ ਸਮਾਜ ਨੂੰ ਵੰਡਦੀ, ਏਕਤਾ ਨੂੰ ਤੋੜਦੀ ਅਤੇ ਸ਼ਾਂਤੀਪੂਰਨ ਸਹਿ-ਹੋਂਦ ਨੂੰ ਖ਼ਤਰੇ 'ਚ ਪਾਉਂਦੀ ਹੈ। ਜਮਹੂਰੀ ਤਾਕਤਾਂ ਨੂੰ ਜਮਹੂਰੀ ਮੰਚਾਂ ਤੇ ਸੰਗਠਨਾਂ ਨੂੰ ਮਜ਼ਬੂਤ ਕਰਦੇ ਹੋਏ ਨ.ਫਰਤ ਵਿਰੁੱਧ ਲੜਣ ਦੀ ਲੋੜ ਹੈ।

ਸਾਡੇ ਲੋਕ
SADE LOK
ਮੁੱਖ ਸੰਪਾਦਕ: ਸਤਨਾਮ ਸਿੰਘ ਖਾਲਸਾ, ਸਟੂਡੈਂਟ ਐਡੀਟਰ: ਹਰਕਰਨ ਸਿੰਘ,
ਅਸਿਸਟੈਂਟ ਸੰਪਾਦਕ: ਰਵਿੰਦਰ ਸਿੰਘ ਟਾਂਡਾ, ਜਨਰਲ ਮੈਨੇਜਰ: ਹਰਪਾਲ ਸਿੰਘ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.

Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com




**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਨਪੁੰਸਿਕਤਾ :** ਨਿਪੁੰਨਸਿਕਤਾ ਯਾਨੀ ਨਾਮਰਦੀ ਦੀ ਗੱਲ ਕਰਦਿਆਂ ਆਮ ਤੌਰ 'ਤੇ ਇਹ ਹੀ ਸਮਝਿਆ ਜਾਂਦਾ ਹੈ ਕਿ ਸੈਕਸ ਕਰਨ ਲਈ ਮਰਦ ਇੰਦਰੀ ਵਿੱਚ ਲੋੜੀਂਦੇ ਅਕੜਾਅ ਦਾ ਨਾ ਹੋਣਾ। ਇਸਨੂੰ ਅਗਰ ਥੋੜੇ ਲਫਜਾਂ ਵਿੱਚ ਬਿਆਨ ਕਰਨਾ ਹੋਵੇ ਤਾਂ ਕਹਿ ਸਕਦੇ ਕਿ ਮਾਨਸਿਕ ਅਤੇ ਸਰੀਰਕ ਕਾਰਨਾਂ ਕਰਕੇ ਸੈਕਸ ਕਿਰਿਆ ਕਰਨ ਦੇ ਕਾਬਲ ਨਾ ਹੋਣਾ।

ਇਸ ਉਪਰੋਕਤ ਕਥਣ ਨਾਲ ਇਕ ਤਰ੍ਹਾਂ ਨਾਲ ਨਪੁੰਨਸਿਕਤਾ ਦੇ ਕਾਰਨਾ ਦੇ ਦੋ ਗਰੁਪ ਸਪਸ਼ਟ ਹੋ ਜਾਂਦੇ ਹਨ।

ਪਹਿਲਾ ਮਾਨਸਿਕ, ਦੂਸਰਾ ਸਰੀਰਕ

ਪਰ ਆਮ ਤੌਰ 'ਤੇ ਸਰੀਰਕ ਕਾਰਨ ਨੂੰ ਹੀ ਅਸਲ ਮੁੱਦਾ ਸਮਝਿਆ ਲਿਆ ਜਾਂਦਾ ਹੈ। ਪਰ ਜਦ ਇਸਦੇ ਸਾਰੇ ਕਾਰਨਾਂ ਦੀ ਘੋਖ ਕਰਨਦੀ ਕੋਸ਼ਿਸ਼ ਕਰਦੇ ਹਾਂ ਤਾਂ ਬਹੁਤੇ ਮਰੀਜਾ ਵਿੱਚ ਮਾਨਸਿਕ ਕਾਰਨ ਵੀ ਬਹੁਤ ਜ਼ਰੂਰੀ ਤੇ ਮਹੱਤਵ ਪੂਰਨ ਕਾਰਨ ਬਣਕੇ ਸਾਹਮਣੇ ਆਉਦੇ ਹਨ। ਬਲਕਿ ਮਾਨਸਿਕ ਕਾਰਨ ਹੀ ਇਸਦੇ ਅਸਲ ਕਾਰਨ ਜਾਪਦੇ ਹਨ।

ਪਿਛਲੇ ਲੈਕਚਰਾਂ ਵਿੱਚ ਹੁਣ ਤੱਕ ਅਸੀ ਮਰਦ ਸਰੀਰ ਦੇ ਔਰਤ ਨਾਲੋ ਵੱਖਰੇ ਸੈਕਸ ਅੰਗਾਂ ਦੀ ਜਿਹੜੀ ਵਿਆਖਿਆ ਕਰਦੇ ਆਏ ਹਾਂ ਉਹਨਾਂ ਵਿੱਚ ਬਹੁਤ ਥਾਵਾਂ 'ਤੇ ਇਹ ਗੱਲ ਸਪਸ਼ਟ ਹੁੰਦੀ ਆਈ ਹੈ ਕਿ ਇਹਨਾਂ ਸੈਕਸ ਅੰਗਾਂ ਦੀ ਕੁਦਰਤੀ ਤੇ ਸਹੀ ਕਾਰਕਰਦਗੀ ਉਹਨਾਂ ਅੰਗਾਂ ਦੀ ਕੁਦਰਤੀ ਬਣਤਰ ਦਾ ਸਹੀ ਨਾ ਹੋਣਾ ਵੀ ਹੁੰਦਾ ਹੈ।

ਜਿਸ ਤਰ੍ਹਾਂ ਐਪਸਪੇਡੀਏਸਿਸ ਜਾਂ ਹਾਪੋਸਪੇਡੀਏਸਿਸ ਯਾਨੀ ਇੰਦਰੀ ਦੇ ਅੰਦਰ ਦਾ ਸੁਰਾਖ ਸਿੱਧਾ ਸਾਹਮਣੇ ਇੰਦਰੀ ਦੇ ਐਨ ਵਿਚਕਾਰ ਨਾ ਖੁੱਲ੍ਹ ਕੇ ਹੇਠਾਂ ਉੱਪਰ ਜਾ ਬਿਲਕੁਲ ਪਿਛਲੇ ਪਾਸੇ ਖੁੱਲਦਾ ਹੈ ਜਿਸ ਨਾਲ ਬੇਸ਼ੱਕ ਇੰਦਰੀ ਵਿੱਚ ਅਕੜਾਅ ਤਾਂ ਪੂਰਾ ਆ ਸਕਦਾ ਹੈ ਪਰ ਬੱਚੇ ਪੈਦਾ ਕਰਨ ਦੀ ਕਿਰਿਆ ਵਿੱਚ ਕਈ ਵੇਰ ਸਭ ਕੁਝ ਸਹੀ ਹੁੰਦਿਆਂ ਵੀ ਵੀਰਜ ਔਰਤ ਦੀ ਯੋਨੀ ਵਿੱਚ ਨਹੀਂ ਪਹੁੰਚ ਸਕਦਾ। ਇਸ ਹਾਲਾਤ ਨੂੰ ਬੇਸ਼ਕ ਅਸੀ ਨਮਰਦਗੀ ਨਾਲੋਂ ਜ਼ਿਆਦਾ ਸਟਿਰਲਿਟੀ ਯਾਨੀ ਨਵਜੀਵਨ ਪੈਦਾ ਨਾ ਹੋ ਸਕਣ ਨਾਲ ਜੋੜ ਕੇ ਵੇਖ ਸਕਦੇ ਹਾਂ ਜਿਸ ਦਾ ਕਿ ਅੱਜ ਮੈਡੀਕਲ ਸਾਇੰਸ ਨੇ ਹੱਲ ਲੱਭ ਲਿਆ ਹੈ ਬਨਾਵਟੀ ਗਰਭ ਧਾਰਨ ਕਰਨ ਦੇ ਵੱਖ ਵੱਖ ਤਰੀਕਿਆਂ ਰਾਹੀਂ।

ਪਰ ਇਸ ਲੈਕਚਰ ਵਿੱਚ ਅਸੀਂ ਨਿਰੋਲ ਮਰਦਮੀ ਕਮਜ਼ੋਰੀ ਯਾਨੀ ਨਿਪੁਨਸਿਕਤਾ ਦੀ ਗੱਲ ਕਰਾਂਗੇ ਤੇ ਇਸਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ। ਜਿਸ ਦਾ ਮਤਲਬ ਹੈ ਸੈਕਸ ਕਰਨ ਦੀ ਸਰੀਰਕ ਕਮੀ ਪੇਸ਼ੀ। ਇਸ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ ਜਿਵੇਂਕਿ ਉੱਪਰ ਅਸਾਂ ਦੋਹਾਂ ਹਿੱਸਿਆਂ ਦਾ ਜ਼ਿਕਰ ਕੀਤਾ ਹੈ। ਮਾਨਸਿਕ ਕਾਰਨ ਤੇ ਸਰੀਰਕ ਕਾਰਨ।

ਮਰਦਾਂ ਵਿੱਚ ਨਿਪੁੰਨਸਿਕਤਾ ਦੇ ਮਾਨਸਿਕ ਕਾਰਨ ਆਮ ਤੌਰ 'ਤੇ ਇਹ ਮਾਨਸਿਕ ਕਾਰਨ ਕਿਸੇ ਵੇਲੇ ਕਿਸੇ ਵੀ ਮਰਦ ਨੂੰ ਪ੍ਰਭਾਵਤ ਕਰ ਸਕਦੇ ਹਨ ਜੋ ਆਮ ਤੌਰ 'ਤੇ ਬਿਲਕੁਲ ਸਿਹਤਯਾਬ ਹੋਣ ਤੇ ਗ੍ਰਿਸਤ ਜੀਵਨ ਵਿੱਚ ਵੀ ਠੀਕ ਠਾਕ ਠਾਕ ਵਿਚਰ ਰਹੇ ਹੋਣ ਪਰ ਅਚਨਚੇਤ ਕਿਸੇ ਮਾਨਸਿਕ ਪਰੇਸ਼ਾਨੀ ਯਾਨੀ ਸੈਕਸ ਕਰਨ ਦੀ ਖਾਹਸ ਦੀ ਕਮੀ ਪੈਦਾ ਹੋ ਜਾਵੇ। ਇੰਜ ਦੇ ਵਕਤੀ ਹਾਲਾਤ ਆਮ ਹੀ ਤੇ ਤੰਦਰੁਸਤ ਬੰਦਿਆਂ ਵਿੱਚ ਵੀ ਕਈ ਵਾਰ ਵਾਪਰ ਜਾਂਦੇ ਹਨ। ਇਸ ਦਾ ਜ਼ਿਆਦਾਤਰ ਹੱਲ ਆਪਣੇ ਆਪ ਨੂੰ ਪੜਚੋਲ ਕਰਕੇ ਵਕਤੀ ਕਾਰਨਾਂ ਨੂੰ ਵਿਸਾਰਨਾ ਹੀ ਹੁੰਦਾ ਹੈ। ਇਸ ਦੇ ਉਲਟ ਮਾਨਸਿਕ ਪ੍ਰੇਸ਼ਾਨੀ ਜਦ ਇਕ ਹੱਦ ਪਾਰ ਕਰ ਜਾਦੀ ਹੈ ਤੇ ਵਰਗੀ ਹਾਲਤ ਹੋ ਜਾਦੀ ਹੈ ਭਾਵ ਵਰਤਮਾਨ ਹਾਲਾਤਾਂ ਤੋਂ ਆਦਮੀ ਬੇਫਿਕਰ ਹੋ ਜਾਂਦਾ ਹੈ ਜਿਵੇਂਕਿ ਡੀਮੈਨਸੀਆ ਯਾਨੀ ਪਾਗਲਪਨ ਵਰਗੀ ਹਾਲਤ ਵਿੱਚ। ਕਈ ਵੇਰਾਂ ਅਜਿਹੇ ਹਾਲਾਤਾਂ ਵਿੱਚ ਇਕਦਮ ਇੰਦਰੀ ਵਿੱਚ ਉਤੇਜਨਾ ਅਕੜਾਅ ਹਮੇਸ਼ਾ ਬਣਿਆ ਹੀ ਰਹਿੰਦਾ ਹੈ। ਜਿਸਨੂੰ ਆਮ ਕਰਕੇ schizophrenia/ nymphomania ਉਨਮਾਦੀ ਖਾਹਿਸ਼ ਦਾ ਆਮ ਨਾਲੋ ਵੱਧ ਜਾਣਾ ਕਹਿੰਦੇ ਹਨ।

ਭਾਵ ਸ਼ੁਰੂਆਤੀ ਮਾਨਸਿਕ ਪ੍ਰੇਸ਼ਾਨੀਆਂ ਜਿਸ ਨੂੰ anxiety ਕਹਿੰਦੇ ਹਾ ਜੋ ਵਕਤੀ ਕਾਰਨਾ ਕਰਕੇ ਹੁੰਦੀ ਹੈ। ਕਈ ਵੇਰਾਂ ਇਹਨਾਂ ਵਕਤੀ ਕਾਰਨਾਂ ਕਰਕੇ ਬੜੇ ਤਕਲੀਫ ਦੇਹ ਹਾਲਾਤ ਬਣ ਸਕਦੇ ਹਨ। ਤਲਾਕ ਤੱਕ ਦੀ ਨੌਬਤ ਵੀ ਆ ਸਕਦੀ ਹੈ। ਪਰ ਚੰਗੇ ਸਾਈਕੈਟਰਿਸਟ ਦੀ ਸਲਾਹ ਨਾਲ ਤੇ ਸਲਾਹ ਦੀ ਪ੍ਰੈਕਟਿਸ ਨਾਲ ਅਜਿਹੇ ਕਾਰਨਾ ਤੇ ਕਾਬੂ ਪਾਇਆ ਜਾ ਸਕਦਾ। ਬੜੀ ਅਜੀਬ ਸਥਿਤੀ ਹੈ ਕਿ ਮਾਨਸਿਕ ਪ੍ਰੇਸ਼ਾਨੀ ਨਿਪੁੰਨਸਿਕਤਾ ਯਾਨੀ ਨਾਮਰਦੀ ਦਾ ਕਾਰਨ ਬਣਦੀ ਹੈ ਪਰ ਮਾਨਸਿਕ ਪ੍ਰੇਸ਼ਾਨੀ ਦਾ ਹੱਦ ਤੋ ਵੱਧ ਜਾਣਾ ਉਸੇ ਦਾ ਇਲਾਜ ਵੀ ਹੋ ਸਕਦੀ ਹੈ ਭਾਵ ਕਈ ਵੇਰ ਮਾਨਸਿਕ ਪ੍ਰੇਸ਼ਾਨੀ ਵਿੱਚ ਜੋ ਭਾਵਨਾਂ ਆਮ ਹਾਲਾਤ ਵਿੱਚ ਦਬੀ ਹੋਈ ਹੁੰਦੀ ਹੈ ਉਹ ਇਕ ਦਮ ਆਪਣੀ ਚਰਮ ਸੀਮਾ ਤੇ ਵੀ ਪਹੁੰਚ ਜਾਂਦੀ ਹੈ। ਬਲਕਿ ਉਨਮਾਦੀ ਅਵਸਥਾ ਵੀ ਹੋ ਸਕਦੀ ਹੈ।

**ਮਾਨਸਿਕ ਕਾਰਨਾ ਕਰਕੇ ਪੈਦਾ ਹੋਈ ਨਿਪੁੰਨਸਿਕਤਾ ਦੀਆ ਨਿਸ਼ਾਨੀਆਂ**

1 ਤੁਸੀਂ ਹਰ ਹਾਲਾਤ ਆਪਣੇ ਆਪ ਨੂੰ ਠੀਕ ਮਹਿਸੂਸ ਕਰਦੇ ਹੋ ਤੇ ਸੈਕਸ ਭਾਵਨਾਵਾਂ ਨਾਲ ਮਾਨਸਿਕ ਤੌਰ 'ਤੇ ਸਰਾਬੋਰ ਵੀ ਹੋ ਜਦ ਇਕੱਲੇ ਹੋ ਪਰ ਜਦੋਂ ਸੈਕਸ ਕਰਨ ਲੱਗਦੇ ਹੋ ਤਾਂ ਇੰਦਰੀ ਦਾ ਅਕੜਾਅ ਖਤਮ ਹੋ ਜਾਂਦਾ ਹੈ।

2 ਸੈਕਸ ਕਰਦੇ ਸਮੇਂ ਇਕ ਦਮ flaccid of penis ਯਾਨੀ ਇੰਦਰੀ ਵਿੱਚ ਢਿੱਲਾਪਨ ਆ ਜਾਂਦਾ ਹੈ ਜਦੋਂਕਿ ਕੋਈ ਕੋਈ ਸਪਸ਼ਟ ਕਾਰਨ ਵੀ ਨਹੀਂ ਜਾਪਦਾ।

3 ਅਚਨਚੇਤ ਸੈਕਸ ਕਰਨ ਦੀ ਇੱਛਾ ਸ਼ਕਤੀ ਦਾ ਹੀ ਖਤਮ ਹੋ ਜਾਣਾ ਜਿਸ ਦਾ ਕੋਈ ਸਰੀਰਕ ਕਾਰਨ ਸਪਸ਼ਟ ਦਿਖਾਈ ਨਾ ਦਿਸਦਾ ਹੋਵੇ।

4 ਸਵੇਰ ਸਾਰ ਇੰਦਰੀ ਵਿੱਚ ਸੈਕਸ ਉਤੇਜਨਾ ਹੋਵੇ ਪਰ ਲੋੜ ਸਮੇਂ ਹਰ ਹੀਲਾ ਕਰਨ ਬਾਅਦ ਵੀ ਇੰਦਰੀ ਵਿੱਚ ਅਕੜਾਅ ਨਾ ਆਵੇ ।

5 ਮਾਨਸਿਕਤਾ ਵਿੱਚ ਉਨਮਾਦੀ ਇੱਛਾ ਹੈ ਪਰ ਸਰੀਰਕ ਤੌਰ 'ਤੇ ਇੰਦਰੀ ਕੋਸ਼ਿਸ਼ ਕਰਨ ਤੇ ਵੀ ਅਕੜਾਅ ਵਿੱਚ ਨਹੀਂ ਆਉਦੀ

6 ਕਿਸੇ ਇਕ ਹੀ ਔਰਤ ਜਿਸ ਨਾਲ ਜੀਵਨ ਵਿੱਚ ਰੋਜਮਰ੍ਹਾ ਸੰਬੰਧਿਤ ਹੋ ਅਚਾਨਕ ਉਸ ਨਾਲ ਸੈਕਸ ਕਰਨ ਦੀ ਇੱਛਾ ਸ਼ਕਤੀ ਦੀ ਘਾਟ ਹੋਣਾ ਜਦੋਂਕਿ ਕਿਸੇ ਹੋਰ ਔਰਤ ਨਾਲ ਇੰਦਰੀ ਵਿੱਚ ਅਕੜਾਅ ਠੀਕ ਹੋਵੇ

7 ਇਸ ਦੇ ਉਲਟ ਕਿਸੇ ਓਪਰੀ ਅਣਜਾਣ ਔਰਤ ਨਾਲ ਸੈਕਸ ਕਰਨ ਦੀ ਉਤੇਜਨਾ ਦੇ ਹੁੰਦਿਆਂ ਵੀ ਇੰਦਰੀ ਵਿੱਚ ਅਕੜਾਅ ਦਾ ਨਾ ਆਉਣਾ ਅਤੇ ਰੋਜ਼ਾਨਾ ਜਿੰਦਗੀ ਨਾਲ ਵਾਬਸਤਾ ਔਰਤ ਨਾਲ ਸੈਕਸ ਕਰਦਿਆਂ ਇੰਦਰੀ ਦਾ ਅਕੜਾਅ ਬਿਲਕੁਲ ਠੀਕ ਹੋਵੇ।

8 ਬਹੁਤ ਜ਼ਿਆਦਾ ਉਤੇਜਨਾ ਸਮੇਂ ਇੰਦਰੀ ਵਿੱਚ ਅਕੜਾਅ ਹੀ ਨਾ ਆਉਣਾ ਜਾ ਸੈਕਸ ਤੋ ਪਹਿਲਾ ਵੀਰਜ ਪਤਨ ਹੋ ਜਾਣਾ।

9 ਇਸ ਤੋਂ ਇਲਾਵਾ ਇੰਦਰੀ ਦਾ ਛੋਟਾਪਨ ਵੀ ਇਕ ਤਰ੍ਹਾਂ ਦੇ ਮਾਨਸਿਕ ਵਿਕਾਰਾਂ ਦੀ ਨਿਪੁੰਨਸੁਕਤਾ ਨੂੰ ਜਨਮ ਦੇ ਸਕਦਾ ਹੈ। ਹਾਲਾਂਕਿ ਸੈਕਸ ਕਿਰਿਆ ਦੀ ਸੰਤੁਸ਼ਟੀ ਇੰਦਰੀ ਦੇ ਛੋਟੇ ਹੋਣ ਨਾਲ ਸੰਬੰਧਿਤ ਨਹੀਂ ਹੈ ਕਿਉਂਕਿ ਸੈਕਸ ਅਨੰਦ ਇੰਦਰੀ ਦੇ ਅਕੜਾਅ $Gvagina ਯਾਨੀ ਔਰਤ ਦੀ ਯੋਨੀ ਦੀ ਘੁਟਣ ਅਤੇ ਕਲਾਈਟੋਰਿਸ ਯਾਨੀ ਸੈਕਸ।

(ਚੱਲਦਾ)





CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ

ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

1930 Sikh Temple St, Stockton, CA 95206

(A Historical Land Mark of CA)




ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ
ਮੁਖੀ ਖਾਲਿਸਤਾਨ ਕਮਾਂਡੋ ਫੋਰਸ

## ਕੌਮੀ ਜਰਨੈਲ ਭਾਈ ਪਰਮਜੀਤ ਸਿੰਘ ਪੰਜਵੜ ਨਮਿਤ

# ਸ਼ਰਧਾਂਜਲੀ ਸਮਾਗਮ

ਕੌਮ ਦੇ ਮਹਾਨ ਜਰਨੈਲ ਜਿਨ੍ਹਾਂ ਦੇ ਪ੍ਰਵਾਰ ਦੇ ਕਈ ਜੀਅ ਸਰਕਾਰ ਨੇ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਸਨ ਭਾਈ ਸਾਹਿਬ ਭਾਈ ਪ੍ਰਮਜੀਤ ਸਿੰਘ ਪੰਜਵੜ ਨੂੰ ਪਾਕਿਸਤਾਨ 'ਚ ਜਾਲਮਾਂ ਨੇ ਗੋਲੀਆਂ ਮਾਰਕੇ ਸ਼ਹੀਦ ਕਰ ਦਿੱਤਾ। ਅਸੀਂ ਉਸਦੇ ਸੁਪਨਿਆਂ ਨੂੰ ਸਾਕਾਰ ਰੱਖਾਂਗੇ। ਅਸੀਂ ਇਸ ਮਹਾਨ ਜਰਨੈਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ। ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਦੇਣ ਅਤੇ ਅਕਾਲ ਪੁਰਖ ਅੱਗੇ ਉਨ੍ਹਾਂ ਦੀ ਸੇਵਾ, ਘਾਲਣਾ ਅਤੇ ਕੁਰਬਾਨੀ ਨੂੰ ਸੱਚੀ ਦਰਗਾਹ ਵਿਚ ਪ੍ਰਵਾਨ ਕਰਵਾਉਣ ਲਈ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਵਿਖੇ ਸ਼ਹੀਦੀ ਸਮਾਗਮ ਹੋਣਗੇ।

## ਭੋਗ ਸ੍ਰੀ ਸਹਿਜ ਪਾਠ

**21 ਮਈ, ਦਿਨ ਐਤਵਾਰ, ਸਮਾਂ 10.00 ਵਜੇ**

ਉਪ੍ਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਵੱਖ ਵੱਖ ਪੰਥਕ ਜਥੇਬੰਦੀਆ ਦੇ ਪੰਥ ਦਰਦੀ ਹਾਜ਼ਰੀਆ ਭਰਨਗੇ
ਸਮੂਹ ਸੰਗਤਾਂ ਨੂੰ ਸ਼ਰਧਾਂਜਲੀ ਸਮਾਗਮ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

**ਗੁਰਦੁਆਰਾ ਸਾਹਿਬ ਸਟਾਕਟਨ (209) 625-7500**

Pad Advertisement

# ਵੱਡੇ ਕਰਜ਼ੇ 'ਚ ਡੁੱਬਿਆ ਅਮਰੀਕਾ, ਡਿਫਾਲਟਰ ਹੋਣ ਦਾ ਖ਼ਤਰਾ ਵਧਿਆ : ਜੈਨੇਟ ਯੇਲੇਨ

ਵਾਸ਼ਿੰਗਟਨ : ਅਮਰੀਕਾ ਦੀ ਵਿੱਤ ਮੰਤਰੀ ਜੈਨੇਟ ਯੇਲੇਨ ਨੇ ਅਮਰੀਕਾ ਦੀ ਆਰਥਿਕ ਸਥਿਤੀ ਨੂੰ ਲੈ ਕੇ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕਰਜ਼ੇ ਵਿੱਚ ਡੁੱਬੇ ਅਮਰੀਕਾ ਦੇ ਡਿਫਾਲਟਰ ਬਣਨ ਦਾ ਖ਼ਤਰਾ ਹੈ। ਯੇਲੇਨ ਨੇ ਜਾਪਾਨ 'ਚ ਜੀ-7, ਗਰੁੱਪ ਆਫ ਸੇਵਨ ਦੇ ਨਾਲ-ਨਾਲ ਭਾਰਤ, ਇੰਡੋਨੇਸ਼ੀਆ ਅਤੇ ਬ੍ਰਾਜ਼ੀਲ ਦੇ ਵਿੱਤ ਮੰਤਰੀਆਂ ਨਾਲ ਬੈਠਕ ਤੋਂ ਪਹਿਲਾਂ ਇਕ ਪ੍ਰੈੱਸ ਕਾਨਫਰੰਸ 'ਚ ਇਹ ਸਖਤ ਚਿਤਾਵਨੀ ਦਿੱਤੀ।



ਵਿੱਤ ਮੰਤਰੀ ਜੈਨੇਟ ਦੇ ਅਨੁਸਾਰ, 31.46 ਟ੍ਰਿਲੀਅਨ ਡਾਲਰ ਦੇ ਕਰਜ਼ੇ ਦੀ ਅਦਾਇਗੀ ਵਿੱਚ ਅਮਰੀਕੀ ਸਰਕਾਰ ਦੀ ਡਿਫਾਲਟ ਦੁਨੀਆ ਭਰ ਵਿੱਚ ਆਰਥਿਕ ਸੰਕਟ ਦਾ ਕਾਰਨ ਬਣ ਸਕਦੀ ਹੈ। ਯੇਲੇਨ ਨੇ ਕਿਹਾ ਕਿ ਇਸ ਮੁੱਦੇ 'ਤੇ ਰਿਪਬਲਿਕਨ ਪਾਰਟੀ ਦੇ ਅਸਹਿਯੋਗ ਕਾਰਨ ਸੰਕਟ ਪੈਦਾ ਹੋਇਆ ਹੈ। ਡਿਫਾਲਟ ਦੀ ਧਮਕੀ ਅਮਰੀਕੀ ਸਰਕਾਰ ਦੀ ਕ੍ਰੈਡਿਟ ਰੇਟਿੰਗ ਵਿੱਚ ਗਿਰਾਵਟ ਦਾ ਕਾਰਨ ਬਣ ਸਕਦੀ ਹੈ, ਜਿਵੇਂ ਕਿ 2011 ਵਿੱਚ ਕਰਜ਼ੇ ਦੀ ਸੀਲਿੰਗ ਟਕਰਾਅ ਦੌਰਾਨ ਹੋਇਆ ਸੀ।

ਅਮਰੀਕੀ ਖਜ਼ਾਨਾ ਮੁਖੀ ਜੈਨੇਟ ਯੇਲੇਨ ਨੇ ਕਾਂਗਰਸ ਨੂੰ 31.4 ਟ੍ਰਿਲੀਅਨ ਡਾਲਰ ਦੀ ਫੈਡਰਲ ਕਰਜ਼ੇ ਦੀ ਸੀਮਾ ਵਧਾਉਣ ਅਤੇ ਡਿਫਾਲਟ ਤੋਂ ਬਚਣ ਦੀ ਅਪੀਲ ਕੀਤੀ। ਯੇਲੇਨ ਨੇ ਕਿਹਾ ਕਿ ਜੇਕਰ ਅਜਿਹਾ ਨਾ ਹੋ ਸਕਿਆ ਤਾਂ ਦੁਨੀਆ ਭਰ 'ਚ ਆਰਥਿਕ ਮੰਦੀ ਦਾ ਖਤਰਾ ਪੈਦਾ ਹੋ ਜਾਵੇਗਾ ਅਤੇ ਦੁਨੀਆ ਭਰ 'ਚ ਅਮਰੀਕੀ ਆਰਥਿਕ ਲੀਡਰਸ਼ਿਪ ਦੇ ਕਮਜ਼ੋਰ ਹੋਣ ਦਾ ਖਤਰਾ ਵੀ ਕਾਫੀ ਵਧ ਜਾਵੇਗਾ। ਯੇਲੇਨ ਨੇ ਕਿਹਾ ਕਿ ਕਰਜ਼ੇ ਦੀ ਅਦਾਇਗੀ ਕਰਨ ਵਿੱਚ ਡਿਫਾਲਟ ਤੋਂ ਉਨ੍ਹਾਂ ਲਾਭ ਦੇ ਖ਼ਤਮ ਹੋਣ ਦਾ ਖ਼ਤਰਾ ਹੋਵੇਗਾ ਜਿਹੜੇ ਪਿਛਲੇ ਕੁਝ ਸਾਲਾਂ ਵਿਚ ਮਹਾਮਾਰੀ ਤੋਂ ਉਭਰਨ ਲਈ ਸਖ਼ਤ ਮਿਹਨਤ ਕਰਕੇ ਹਾਸਲ ਕੀਤੇ ਗਏ ਹਨ। ਇਸ ਦੇ ਨਾਲ ਹੀ ਇਹ ਇੱਕ ਗਲੋਬਲ ਮੰਦੀ ਨੂੰ ਵਧਾ ਦੇਵੇਗਾ ਜਿਹੜਾ ਕਿ ਅਮਰੀਕਾ ਨੂੰ ਪਿੱਛੇ ਲੈ ਜਾਵੇਗਾ। ਇਸ ਨਾਲ ਦੇਸ਼ ਦੀ ਰਾਸ਼ਟਰੀ ਸੁਰੱਖਿਆ ਦੇ ਹਿੱਤਾਂ 'ਤੇ ਵੀ ਖਤਰਾ ਵਧੇਗਾ। ਮਹੱਤਵਪੂਰਨ ਗੱਲ ਇਹ ਹੈ ਕਿ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਨੇ ਪਹਿਲਾਂ ਹੀ ਕਿਹਾ ਸੀ ਕਿ ਜੇਕਰ ਕਾਂਗਰਸ ਸਰਕਾਰ ਦੇ ਬਿੱਲਾਂ ਦਾ ਭੁਗਤਾਨ ਕਰਨ ਲਈ ਖਜ਼ਾਨਾ ਕੋਲ ਪੈਸਾ ਖਤਮ ਹੋਣ ਤੋਂ ਪਹਿਲਾਂ ਕਰਜ਼ੇ ਦੀ ਸੀਮਾ ਵਿੱਚ ਵਾਧੇ ਨੂੰ ਮਨਜ਼ੂਰੀ ਨਹੀਂ ਦਿੰਦੀ ਹੈ, ਤਾਂ ਜੂਨ ਤੋਂ ਅਮਰੀਕੀ ਅਰਥਚਾਰੇ ਦੇ ਮੰਦੀ ਵਿੱਚ ਫਸਣ ਦਾ ਖਤਰਾ ਹੈ। ਖਜ਼ਾਨਾ ਸਕੱਤਰ ਯੇਲੇਨ ਨੇ ਕਿਹਾ ਕਿ ਸੰਕਟ ਆਟੋ ਭੁਗਤਾਨਾਂ ਅਤੇ ਕ੍ਰੈਡਿਟ ਕਾਰਡਾਂ 'ਤੇ ਵਿਆਜ ਦਰਾਂ ਨੂੰ ਵਧਾ ਸਕਦਾ ਹੈ। ਜਦੋਂ ਕਿ ਕਰਜ਼ਿਆਂ ਦੀਆਂ ਦਰਾਂ ਪਹਿਲਾਂ ਹੀ 1 ਜੂਨ ਦੇ ਆਸਪਾਸ ਵੱਧ ਰਹੀਆਂ ਸਨ। ਇਸ ਕਾਰਨ ਅਮਰੀਕੀ ਅਰਥਚਾਰੇ ਨੂੰ ਵੱਡਾ ਝਟਕਾ ਝੱਲਣਾ ਪਵੇਗਾ। ਵਿੱਤੀ ਬਾਜ਼ਾਰਾਂ, ਸੰਸਥਾਵਾਂ ਅਤੇ ਖਪਤਕਾਰਾਂ ਦੇ ਭਰੋਸੇ ਨੂੰ ਹਿੱਲਣ ਦੇ ਪ੍ਰਭਾਵ ਦੀ ਕਲਪਨਾ ਕਰਨਾ ਵੀ ਸੰਭਵ ਨਹੀਂ ਹੈ। ਜੇਕਰ ਇਸ ਸੰਕਟ ਦਾ ਹੱਲ ਨਾ ਹੋਇਆ ਤਾਂ ਅਗਲੇ ਹਫਤੇ ਅਮਰੀਕੀ ਰਾਸ਼ਟਰਪਤੀ ਜੋ ਬਾਇਡੇਨ ਨੂੰ ਜੀ-7 ਨੇਤਾਵਾਂ ਦੀ ਬੈਠਕ ਲਈ ਆਪਣੇ ਹੀਰੋਸ਼ੀਮਾ ਦੌਰੇ ਦਾ ਪ੍ਰੋਗਰਾਮ ਛੱਡਣਾ ਪੈ ਸਕਦਾ ਹੈ।

# ਪ੍ਰਧਾਨ ਮੰਤਰੀ ਮੋਦੀ ਦਾ ਆਗਾਮੀ ਅਮਰੀਕਾ ਦੌਰਾ ਹੋਵੇਗਾ ਇਤਿਹਾਸਕ, ਦੁਨੀਆ ਲਈ ਚੰਗਾ : ਤਰਨਜੀਤ ਸੰਧੂ

ਵਾਸ਼ਿੰਗਟਨ : ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਲੇ ਮਹੀਨੇ ਹੋਣ ਵਾਲੀ ਅਮਰੀਕਾ ਫੇਰੀ ਨੂੰ ਇਤਿਹਾਸਕ ਦੱਸਦਿਆਂ ਕਿਹਾ ਹੈ ਕਿ ਇਸ ਤੋਂ ਪਤਾ ਲੱਗੇਗਾ ਕਿ ਦੋਵਾਂ ਦੇਸ਼ਾਂ ਵਿਚਾਲੇ ਭਾਈਵਾਲੀ ਲੋਕ ਕੇਂਦਰਿਤ ਅਤੇ ਵੱਡੇ ਪੈਮਾਨੇ 'ਤੇ ਦੁਨੀਆ ਲਈ ਚੰਗੀ ਹੈ। ਸੰਧੂ ਨੇ ਕਿਹਾ, 'ਰਾਸ਼ਟਰਪਤੀ ਜੋਅ ਬਾਈਡੇਨ ਦੇ ਸੱਦੇ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਅਮਰੀਕਾ ਦਾ ਆਗਾਮੀ ਸਰਕਾਰੀ ਦੌਰਾ ਇਤਿਹਾਸਕ ਹੈ। ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਬਾਈਡੇਨ ਨੇ ਮਿਲ ਕੇ ਸਾਡੇ ਦੁਵੱਲੇ ਸਬੰਧਾਂ ਨੂੰ ਨਵੀਂ ਊਰਜਾ ਅਤੇ ਗਤੀ ਦਿੱਤੀ ਹੈ।' ਭਾਰਤੀ ਰਾਜਦੂਤ ਨੇ ਕਿਹਾ, "ਇਹ ਦੌਰਾ ਦੋਵਾਂ ਨੇਤਾਵਾਂ ਲਈ ਇਕੱਠੇ ਸਮਾਂ ਬਿਤਾਉਣ, ਪ੍ਰਗਤੀ ਦੀ ਸਮੀਖਿਆ ਕਰਨ ਅਤੇ ਭਵਿੱਖ ਦੀਆਂ ਅਣਗਿਣਤ ਸੰਭਾਵਨਾਵਾਂ ਬਾਰੇ ਮਾਰਗਦਰਸ਼ਨ ਕਰਨ ਦਾ ਮੌਕਾ ਹੋਵੇਗਾ। ਇਹ ਦੌਰਾ ਇਹ ਦਰਸਾਏਗਾ ਕਿ ਭਾਰਤ-ਅਮਰੀਕਾ ਭਾਈਵਾਲੀ ਲੋਕ-ਕੇਂਦਰਿਤ ਹੈ ਅਤੇ ਨਾ ਸਿਰਫ ਦੋਵਾਂ ਦੇਸ਼ਾਂ ਲਈ, ਸਗੋਂ ਪੂਰੀ ਦੁਨੀਆ ਲਈ ਵੀ ਚੰਗਾ ਹੈ।' ਭਾਰਤ ਦੇ ਵਿਦੇਸ਼ ਮੰਤਰਾਲਾ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ ਇੱਕ ਬਿਆਨ ਵਿੱਚ ਕਿਹਾ ਸੀ ਕਿ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਪਹਿਲੀ ਮਹਿਲਾ ਜਿਲ ਬਾਈਡੇਨ ਦੇ ਸੱਦੇ 'ਤੇ ਅਗਲੇ ਮਹੀਨੇ ਅਮਰੀਕਾ ਦੇ ਅਧਿਕਾਰਤ ਦੌਰੇ 'ਤੇ ਜਾਣਗੇ।

ਹਾਲਾਂਕਿ ਪ੍ਰਧਾਨ ਮੰਤਰੀ ਦੇ ਦੌਰੇ ਦੀ ਮਿਆਦ ਦਾ ਵੇਰਵਾ ਨਹੀਂ ਦਿੱਤਾ ਗਿਆ ਹੈ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੀਨ ਜੀਨ-ਪੀਅਰ ਨੇ ਦੱਸਿਆ ਸੀ ਕਿ ਮੋਦੀ ਆਪਣੀ ਯਾਤਰਾ ਦੌਰਾਨ 22 ਜੂਨ ਨੂੰ ਸਟੇਟ ਡਿਨਰ 'ਚ ਵੀ ਸ਼ਾਮਲ ਹੋਣਗੇ। ਜੀਨ-ਪੀਅਰ ਨੇ ਕਿਹਾ, "ਪ੍ਰਧਾਨ ਮੰਤਰੀ ਮੋਦੀ ਦੀ ਯਾਤਰਾ ਇੱਕ ਆਜ਼ਾਦ, ਖੁੱਲ੍ਹੇ, ਖੁਸ਼ਹਾਲ ਅਤੇ ਸੁਰੱਖਿਅਤ ਇੰਡੋ-ਪੈਸੀਫਿਕ ਖੇਤਰ ਲਈ ਦੋਵਾਂ ਦੇਸ਼ਾਂ ਦੀ ਸਾਂਝੀ ਵਚਨਬੱਧਤਾ ਨੂੰ ਹੋਰ ਡੂੰਘਾ ਕਰੇਗੀ ਅਤੇ ਰੱਖਿਆ, ਸਵੱਛ ਊਰਜਾ ਅਤੇ ਪੁਲਾੜ ਆਦਿ ਵਿੱਚ ਰਣਨੀਤਕ ਤਕਨਾਲੋਜੀ ਭਾਈਵਾਲੀ ਨੂੰ ਵਧਾਉਣ ਦੇ ਸੰਕਲਪ ਨੂੰ ਹੋਰ ਮਜ਼ਬੂਤ ਕਰੇਗੀ।"

# ਵ੍ਹਾਈਟ ਹਾਊਸ ਚ ਨਵੀਂ ਭੂਮਿਕਾ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਾਂ: ਨੀਰਾ ਟੰਡਨ

ਵਾਸ਼ਿੰਗਟਨ, (ਪੰਜਾਬ ਹੈਰੀਟੇਜ ਬਿਊਰੋ) : ਜਲਦੀ ਹੀ ਵ੍ਹਾਈਟ ਹਾਊਸ ਦੀ ਘਰੇਲੂ ਨੀਤੀ ਸਲਾਹਕਾਰ ਵਜੋਂ ਅਹੁਦਾ ਸੰਭਾਲਣ ਵਾਲੀ ਭਾਰਤੀ-ਅਮਰੀਕੀ ਨੀਰਾ ਟੰਡਨ ਨੇ ਕਿਹਾ ਕਿ ਉਹ ਪ੍ਰਸ਼ਾਸਨ ਵਿੱਚ ਆਪਣੀ ਨਵੀਂ ਭੂਮਿਕਾ ਨੂੰ ਲੈ ਕੇ 'ਉਤਸ਼ਾਹਿਤ' ਹੈ। ਜਨਤਕ ਨੀਤੀ ਵਿੱਚ ਮੁਹਾਰਤ ਰੱਖਣ ਵਾਲੀ ਟੰਡਨ ਵ ?ਹਾਈਟ ਹਾਊਸ ਦੀ ਘਰੇਲੂ ਨੀਤੀ ਸਲਾਹਕਾਰ ਵਜੋਂ ਸੁਜ਼ੈਨ ਰਾਈਸ ਦੀ ਥਾਂ ਲਵੇਗੀ। ਟੰਡਨ (52) ਵ੍ਹਾਈਟ ਹਾਊਸ 'ਚ ਇਸ ਪ੍ਰਭਾਵਸ਼ਾਲੀ ਅਹੁਦੇ 'ਤੇ ਨਿਯੁਕਤ ਹੋਣ ਵਾਲੀ ਪਹਿਲੀ ਏਸ਼ੀਆਈ-ਅਮਰੀਕੀ ਨਾਗਰਿਕ ਹੈ। ਉਹ ਵਰਤਮਾਨ ਵਿੱਚ ਰਾਸ਼ਟਰਪਤੀ ਜੋਅ ਬਾਈਡੇਨ ਦੀ ਸੀਨੀਅਰ ਸਲਾਹਕਾਰ ਅਤੇ ਸਟਾਫ ਸਕੱਤਰ ਹੈ। ਟੰਡਨ ਨੇ ਬੁੱਧਵਾਰ ਨੂੰ 'ਏ.ਏ.ਪੀ.ਆਈ ਵਿਕਟਰੀ ਫੰਡ' ਵੱਲੋਂ ਆਯੋਜਿਤ 'AANHPI ਵੂਮੈਨਜ਼ ਸੈਲੀਬ੍ਰੇਸ਼ਨ' ਵਿੱਚ ਆਪਣੇ ਸੰਬੋਧਨ ਵਿੱਚ



ਕਿਹਾ, 'ਮੈਂ ਵ੍ਹਾਈਟ ਹਾਊਸ ਵਿੱਚ ਆਪਣੀ ਨਵੀਂ ਭੂਮਿਕਾ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਾਂ, ਅਤੇ ਮੈਂ ਇੱਕ ਅਜਿਹੇ ਪ੍ਰਸ਼ਾਸਨ ਦਾ ਹਿੱਸਾ ਬਣ ਕੇ ਬਹੁਤ ਰੋਮਾਂਚਿਤ ਹਾਂ ਜਿਸ ਵਿੱਚ ਬਹੁਤ ਸਾਰੇ AANHPI (ਏਸ਼ੀਅਨ ਅਮਰੀਕੀ, ਮੂਲ ਹਵਾਈ ਅਤੇ ਪ੍ਰਸ਼ਾਂਤ ਆਈਲੈਂਡ ਵਾਸੀ) ਨੇਤਾ ਹਨ, ਬਹੁਤ ਸਾਰੀਆਂ AANHPI ਮਹਿਲਾ ਨੇਤਾਵਾਂ ਹਨ... ਬਹੁਤ ਸਾਰੇ ਨੇਤਾ ਹਨ ਜੋ ਸਾਡੇ ਭਾਈਚਾਰੇ ਦੀ ਵੱਡੀ ਵਿਭਿੰਨਤਾ ਦੀ ਨੁਮਾਇੰਦਗੀ ਕਰਦੇ ਹਨ।"ਟੰਡਨ ਨੇ ਓਬਾਮਾ ਅਤੇ ਕਲਿੰਟਨ ਦੋਵਾਂ ਪ੍ਰਸ਼ਾਸਨਾਂ ਵਿੱਚ ਕੰਮ ਕੀਤਾ ਹੈ। ਉਹ ਰਾਸ਼ਟਰਪਤੀ ਅਹੁਦੇ ਲਈ ਚੋਣ ਮੁਹਿੰਮ ਅਤੇ ਕਈ ਥਿੰਕ ਟੈਂਕਾਂ ਲਈ ਵੀ ਕੰਮ ਕਰ ਚੁੱਕੀ ਹੈ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਜੀ ਇਸ ਸਮੇਂ ਜੇਲ੍ਹ ਵਿਚ ਹੀ ਸਨ। ਇਸ ਲਈ ਉਨ੍ਹਾਂ ਦੀ ਗੈਰ ਹਾਜ਼ਰੀ ਵਿਚ ਇਹ ਇਕੱਤ੍ਰਤਾ ਮੀਤ ਪ੍ਰਧਾਨ ਮਾਸਟਰ ਤਾਰਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ 104 ਮੈਂਬਰ ਸ਼ਾਮਲ ਹੋਏ।

ਉਪਰੋਕਤ ਜਥੇਦਾਰ ਤੇਜਾ ਸਿੰਘ ਜੀ ਸ੍ਰੀ ਅਕਾਲ ਤਖਤ ਸਾਹਿਬ ਦੀ ਤਜਵੀਜ਼ 'ਤੇ ਸ੍ਰ. ਰਵੇਲ ਸਿੰਘ ਜੀ ਦੀ ਤਾਈਦ ਕਰਨ ਉਤੇ ਸਰਬ-ਸੰਮਤੀ ਨਾਲ ਪਾਸ ਹੋਇਆ ਕਿ ਕਈਆਂ ਕਾਰਨਾਂ ਕਰਕੇ ਸਿੱਖ ਰਹਿਤ ਮਰਯਾਦਾ ਸਬੰਧੀ ਮਤਭੇਦ ਪੈਦਾ ਹੋ ਗਏ ਹਨ ਤੇ ਹੁੰਦੇ ਜਾ ਰਹੇ ਹਨ, ਇਸ ਲਈ ਹੇਠ ਲਿਖੇ ਵਿਦਵਾਨਾਂ ਦੀ ਇਕ ਸਬ-ਕਮੇਟੀ ਬਣਾਈ ਗਈ ਜੋ ਰਹਿਤਨਾਮਿਆਂ ਤੇ ਹੋਰ ਗੁਰਮਤਿ ਗ੍ਰੰਥਾਂ ਤੇ ਮੁਖੀਆਂ ਦੀ ਰਾਇ ਨਾਲ ਗੁਰਮਤਿ ਦੀ ਰਹੁਰੀਤੀ ਦਾ ਖਰੜਾ ਤਿਆਰ ਕਰਕੇ ਛੇਤੀ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵਿਚਾਰ ਲਈ ਪੇਸ਼ ਕਰੇ :-

1. ਪ੍ਰੋ. ਤੇਜਾ ਸਿੰਘ ਜੀ, ਖਾਲਸਾ ਕਾਲਜ
2. ਪ੍ਰੋ. ਜੋਧ ਸਿੰਘ ਜੀ, ਖਾਲਸਾ ਕਾਲਜ
3. ਗਿਆਨੀ ਠਾਕਰ ਸਿੰਘ ਜੀ, ਅੰਮ੍ਰਿਤਸਰ
4. ਗਿ. ਸ਼ੇਰ ਸਿੰਘ ਜੀ
5. ਗਿ. ਸੁੰਦਰ ਸਿੰਘ ਜੀ ਭਿੰਡਰਾਂ, ਜ਼ਿਲ੍ਹਾ ਫਿਰੋਜ਼ਪੁਰ
6. ਭਾਈ ਬੁੱਧ ਸਿੰਘ ਜੀ, ਅੰਮ੍ਰਿਤਸਰ
7. ਅਕਾਲੀ ਕੌਰ ਸਿੰਘ ਜੀ, ਅੰਮ੍ਰਿਤਸਰ
8. ਸੰਤ ਸੰਗਤ ਸਿੰਘ ਜੀ, ਕਮਾਲੀਆ
9. ਭਾਈ ਕਾਨ੍ਹ ਸਿੰਘ ਜੀ, ਨਾਭਾ
10. ਸੰਤ ਗੁਲਾਬ ਸਿੰਘ ਜੀ, ਘੋਲੀਆਂ, ਮੋਗਾ
11. ਭਾਈ ਲਾਭ ਸਿੰਘ ਜੀ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
12. ਭਾਈ ਹਜ਼ੂਰਾ ਸਿੰਘ ਜੀ, ਹਜ਼ੂਰ ਸਾਹਿਬ, ਦੱਖਣ
13. ਪੰਡਿਤ ਬਸੰਤ ਸਿੰਘ ਜੀ, ਪਟਿਆਲਾ
14. ਭਾਈ ਵੀਰ ਸਿੰਘ ਜੀ, ਅੰਮ੍ਰਿਤਸਰ
15. ਬਾਬੂ ਤੇਜਾ ਸਿੰਘ ਜੀ, ਪੰਚ ਖੰਡ, ਭਸੌੜ
16. ਗਿਆਨੀ ਹੀਰਾ ਸਿੰਘ ਜੀ 'ਦਰਦ', ਅੰਮ੍ਰਿਤਸਰ
17. ਭਾਈ ਲਾਲ ਸਿੰਘ ਜੀ, ਕਕਾਰ ਬਹਾਦਰ, ਅੰਮ੍ਰਿਤਸਰ
18. ਬਾਵਾ ਹਰਿਕਿਸ਼ਨ ਸਿੰਘ ਜੀ, ਗੁੱਜਰਾਂਵਾਲਾ
19. ਭਾ. ਤ੍ਰਿਲੋਚਨ ਸਿੰਘ ਜੀ, ਸੁਰ ਸਿੰਘ
20. ਗਿਆਨੀ ਹਮੀਰ ਸਿੰਘ ਜੀ, ਸ੍ਰੀ ਅੰਮ੍ਰਿਤਸਰ ਸਾਹਿਬ
21. ਪੰਡਿਤ ਕਰਤਾਰ ਸਿੰਘ ਜੀ, ਦਾਖਾ
22. ਤਖਤ ਸ੍ਰੀ ਪਟਨਾ ਸਾਹਿਬ
23. ਤਖਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ
24. ਪ੍ਰੋ. ਗੰਗਾ ਸਿੰਘ ਜੀ, ਫਿਲਾਸਫਰ
25. ਤਖਤ ਸ੍ਰੀ ਹਜ਼ੂਰ ਸਾਹਿਬ, ਨੰਦੇੜ
26. ਭਾਈ ਮਯਾ ਸਿੰਘ ਜੀ, ਲਾਹੌਰ
27. ਸੰਤ ਮਾਨ ਸਿੰਘ ਜੀ ਸ਼ਾਸਤ੍ਰੀ, ਕਨਖਲ (ਹਰਿਦਵਾਰ)
28. ਭਾਈ ਤੇਜਾ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ ੩੫-੪੧)

ਇਸ ਸਬ-ਕਮੇਟੀ ਦਾ ਨਾਮ ਰਹੁ-ਰੀਤੀ ਸਬ-ਕਮੇਟੀ ਰੱਖਿਆ ਗਿਆ। ਰਹੁ-ਰੀਤੀ ਜਾਂ ਮਰਯਾਦਾ ਅਤੇ ਰਸਮਾ ਵਿਚਲੇ ਅੰਤਰ ਨੂੰ ਭਾਈ ਵੀਰ ਸਿੰਘ ਜੀ ਨੇ ਬਹੁਤ ਹੀ ਸੁੰਦਰ ਢੰਗ ਨਾਲ ਸਮਝਾਇਆ ਹੈ :

"ਰਹੁ ਰੀਤੀ ਅਥਵਾ ਰੀਤਾਂ ਤਾਂ ਓਹ ਹਨ ਜੋ ਸਿਖੀ ਦੇ ਅਸੂਲਾਂ ਦੇ ਕਾਇਮ ਰੱਖਣ ਵਾਸਤੇ ਅਤੇ ਸਿੱਖੀ ਦੇ ਪ੍ਰਚਾਰ ਵਾਸਤੇ ਜ਼ਰੂਰੀ ਹੈਨ ਅਤੇ ਰਸਮਾਂ ਓਹ ਹਨ ਜੋ ਸਿੱਖਾਂ ਦੇ ਪੁਰਾਣੇ




ਇਤਕਾਦ ਨੂੰ ਸਿੱਖੀ ਦੇ ਇਤਕਾਦ ਵਿਚ ਬਦਲਣ ਵਾਸਤੇ ਪੈ ਗਈਆਂ ਹਨ, ਜਿਸ ਕਰਕੇ ਰੀਤਾਂ (Rituals) ਤਾਂ ਬਦਲੀਆਂ ਕਠਨ ਬਲਕਿ ਅਸੰਭਵ ਹਨ, ਪਰ ਰਸਮਾਂ (Ceremonies) ਬਦਲਣੀਆਂ ਪੰਥ ਦੇ ਇਖ਼ਤਿਆਰੀ ਹਨ? ਜੈਸਾ ਕਿ ਨਿਤਨੇਮ ਦੀ ਬਾਣੀ ਦਾ ਵਿਧੀ ਪੂਰਬਕ ਪੜ੍ਹਨਾ, ਅਰਦਾਸ, ਕੜਾਹ ਪ੍ਰਸਾਦਿ ਭੇਟਾ, ਸ਼ਬਦ ਕੀਰਤਨ, ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖਾਂ ਦਾ ਪ੍ਰਸਾਦਿ, ਆਰਤੀ ਉਚਾਰਨ ਆਦਿਕ, ਇਸ ਤਰ੍ਹਾਂ ਦੀ ਰੀਤਾਂ ਹਰ ਇਕ ਜਗ੍ਹਾ ਸਿੱਖੀ ਵਿਚ ਲਾਜ਼ਮੀ ਅਤੇ ਜ਼ਰੂਰੀ ਹਨ, ਪਰ ਜੋਤ ਜਗਾਕੇ ਆਰਤੀ ਦਾ ਕਰਨਾ, ਨਿਰਜਲਾ ਇਕਾਦਸ਼ੀ ਨੂੰ ਸ਼ਬਬਤ ਯਾ ਠੰਡੇ ਜਲ ਦੀਆਂ ਛਬੀਲਾਂ ਦਾ ਲਾਉਣਾ, ਬਿਆਸ ਪੂਜਾ ਵਾਲੇ ਦਿਨ ਗੁਰਦੁਆਰਿਆਂ ਧਰਮਸ਼ਾਲਾ ਪਰ ਅੰਬ ਆਦਿਕ ਫਲਾਂ ਦਾ ਚੜ੍ਹਾਉਣਾ, ਮਾਘੀ ਨੂੰ ਗੁਰਦੁਆਰਿਆਂ ਅਤੇ ਧਰਮਸ਼ਾਲਾ ਵਿਚ ਖਿਚੜਾਚੜ੍ਹਾਉਣਾ, ਤਿਉਹਾਰਾਂ ਨੂੰ ਜੋੜ ਮੇਲ ਕਰਕੇ ਗੁਰਦੁਆਰਿਆਂ ਅਤੇ ਧਰਮਸਾਲਾ ਪਰ ਚੜ੍ਹਾਵੇ ਚੜ੍ਹਾਉਣੇ ਇਕਤਿਆਰੀ ਬਾਤਾਂ ਹਨ, ਜੋ ਕਿਸੇ ਕਿਸੇ ਜਗ੍ਹਾ ਪਰ ਹੁੰਦੀਆਂ ਤੇ ਕਿਤੇ ਨਹੀਂ, ਤਿਵੇਂ ਪੂਰਨਮਾਸ਼ੀ ਦਾ ਵਰਤ ਕਿਸੇ ਜਗ੍ਹਾ ਰੱਖਿਆ ਜਾਂਦਾ ਹੈ ਅਤੇ ਕਿਸ ਜਗ੍ਹਾ ਨਹੀਂ ਰੱਖਿਆ ਜਾਂਦਾ, ਫਿਰ ਇਨ੍ਹਾਂ ਕੰਮਾਂ ਦੀ ਮਰਯਾਦਾ ਕਿਸੇ ਜਗ੍ਹਾ ਕਿਸੇ ਢੰਗ ਦੀ ਹੈ ਅਤੇ ਕਿਸੇ ਜਗ੍ਹਾ ਕਿਸੇ ਢੰਗ ਦੀ, ਇਹ ਰਸਮਾਂ (Ceremonies) ਹਨ। ਰੀਤਾਂ ਬਿਨਾਂ ਤਾਂ ਅਸੀਂ ਨਹੀਂ ਰਹਿ ਸਕਦੇ, ਪਰ ਰਸਮਾਂ ਬਿਨਾਂ ਰਹਿ ਸਕਦੇ ਹਾਂ, ਜਿਸ ਕਰਕੇ ਰੀਤਾਂ ਦੀ ਮਰਿਯਾਦਾ ਸਿਖੀ ਵਿਚ ਕਰੀਬਨ ਇਕੋ ਤਰ੍ਹਾਂ ਦੀ ਹੋਣੀ ਚਾਹੀਦੇ, ਰਸਮਾਂ ਦਾ ਜੇ ਕੁਝ ਕੁਝ ਯਾ ਬਹੁਤਾ ਫਰਕ ਰਹਿ ਜਾਵੇ ਤਾਂ ਕੋਈ ਵਡੀ ਬਾਤ ਨਹੀਂ ਹੈ।"

(ਅਮਰ ਲੇਖ, ਪੰਨਾ ੭੮)

**28 ਫਰਵਰੀ, 1931 ਅਨਮੋਲ 176**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 1931 ਦੀ ਪਹਿਲੀ ਜਨਰਲ ਇਕੱਤ੍ਰਤਾ 28 ਫਰਵਰੀ 1931 ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਈ। ਇਸ ਵਿਚ 67 ਮੈਂਬਰ ਹਾਜ਼ਰ ਸਨ। ਇਸ ਵਿਚ ਮਤਾ ਨੰਬਰ (13) ਰਾਹੀਂ ਬਾਬੂ ਮੱਲ ਸਿੰਘ ਜੀ ਵਲੋਂ ਮਤਾ ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਭਾਈ ਰਣਧੀਰ ਸਿੰਘ ਜੀ ਨੂੰ ਵੀ ਰਹੁਰੀਤੀ ਸਬ-ਕਮੇਟੀ ਦਾ ਮੈਂਬਰ ਲਿਆ ਗਿਆ। **(ਚਲਦਾ)**

# ਨਸ਼ਿਆਂ ਦੇ ਖਾਤਮੇ ਲਈ ਵੱਡੇ ਪੱਧਰ 'ਤੇ ਮੁਹਿਮ ਸ਼ਲਾਘਾਯੋਗ

ਦੇਸ਼ ਦੇ ਦੱਖਣੀ ਸੂਬੇ ਕੇਰਲ 'ਚ ਕੋਚੀ ਵਿਖੇ 15,000 ਕਰੋੜ ਰੁਪਏ ਦੇ ਨਸ਼ੀਲੇ ਪਦਾਰਥਾਂ ਦੀ ਖੇਪ ਫੜੀ ਗਈ ਹੈ। ਜੇ ਇਸ ਨੂੰ ਨਾ ਫੜਿਆ ਜਾਂਦਾ ਤਾਂ ਤਸਕਰਾਂ ਨੇ ਇਸ ਨਸ਼ੇ ਨੂੰ ਕੁਝ ਦਿਨਾਂ 'ਚ ਹੀ ਪੰਜਾਬ ਸਮੇਤ ਹੋਰ ਸਾਰੇ ਰਾਜਾਂ 'ਚ ਸਪਲਾਈ ਕਰ ਦੇਣਾ ਸੀ। ਅਜਿਹੀਆਂ ਹੋਰ ਪਤਾ ਨਹੀਂ ਕਿੰਨੀਆਂ ਖੇਪਾਂ ਦੇਸ਼ 'ਚ ਵੰਡੀਆਂ ਜਾਂਦੀਆਂ ਹੋਣਗੀਆਂ, ਜਿਨ੍ਹਾਂ ਦਾ ਕਦੇ ਪਤਾ ਹੀ ਨਹੀਂ ਲੱਗਦਾ ਅਤੇ ਜਿਨ੍ਹਾਂ ਨੇ ਅਣਗਿਣਤ ਨੌਜਵਾਨਾਂ ਦੀਆਂ ਜ਼ਿੰਦਗੀਆਂ ਹੀ ਨਹੀਂ ਸਗੋਂ ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਬਰਬਾਦ ਕੀਤਾ ਹੋਵੇਗਾ। ਨਾਰਕੋਟਿਕਸ ਕੰਟਰੋਲ ਬਿਊਰੋ ਤੇ ਭਾਰਤੀ ਜਲ ਸੈਨਾ ਨੇ 'ਆਪਰੇਸ਼ਨ ਸਮੁੰਦਰਗੁਪਤ' ਅਧੀਨ ਕੀਤੀ ਸਾਂਝੀ ਕਾਰਵਾਈ ਦੌਰਾਨ ਨਸ਼ੀਲੇ ਪਦਾਰਥ ਮੈਥਮਫ਼ੈਟਾਮਾਈਨ ਦੀ ਇਹ ਤਾਜ਼ਾ ਖੇਪ ਫੜੀ ਹੈ। ਈਰਾਨ ਦੀ ਚਾਬਹਾਰ ਬੰਦਰਗਾਹ ਤੋਂ ਆਈ ਜਿਹੜੀ ਵੱਡੀ ਕਿਸ਼ਤੀ 'ਚੋਂ ਇਹ ਨਸ਼ੇ ਲਾਹ ਕੇ ਛੋਟੀ ਕਿਸ਼ਤੀ 'ਚ ਲਿਜਾਂਦੇ ਜਾ ਰਹੇ ਸਨ, ਉਹ ਡੁੱਬ ਗਈ। ਅਜਿਹੀਆਂ ਖੇਪਾਂ ਈਰਾਨ, ਪਾਕਿਸਤਾਨ ਤੇ ਅਫ਼ਗ਼ਾਨਿਸਤਾਨ ਜਿਹੇ ਦੇਸ਼ਾਂ ਤੋਂ ਭਾਰਤ ਸਪਲਾਈ ਕੀਤੀਆਂ ਜਾਂਦੀਆਂ ਹਨ।

ਅੰਮ੍ਰਿਤਸਰ ਦਾ ਮਕਬੂਲਪੁਰਾ ਇਲਾਕਾ, ਜਲੰਧਰ ਦਾ ਗੰਨਾ ਪਿੰਡ ਤੇ ਅਜਿਹੇ ਹੋਰ ਕਈ ਇਲਾਕਿਆਂ ਦੇ ਨਾਂ ਲਏ ਜਾਂਦੇ ਹਨ; ਜਿਹੜੇ ਅਕਸਰ ਨਸ਼ੇ ਦੇ ਸਮੱਗਲਰਾਂ ਕਾਰਨ ਬਦਨਾਮ ਹੋ ਗਏ ਹਨ। ਮਕਬੂਲਪੁਰਾ ਨੂੰ ਤਾਂ 'ਵਿਧਵਾਵਾਂ ਤੇ ਯਤੀਮਾਂ ਦਾ ਪਿੰਡ' ਤੱਕ ਆਖਿਆ ਜਾਂਦਾ ਹੈ। ਭਾਵੇਂ ਪੰਜਾਬ ਸਰਕਾਰ ਅਤੇ ਹੋਰ ਸਰਕਾਰੀ ਤੇ ਗ਼ੈਰ-ਸਰਕਾਰੀ ਜਥੇਬੰਦੀਆਂ ਨੇ ਨਸ਼ਿਆਂ ਵਿਰੁੱਧ ਜ਼ੋਰਦਾਰ ਮੁਹਿੰਮਾਂ ਵਿੱਢੀਆਂ ਹੋਈਆਂ ਹਨ ਪਰ ਪੰਜਾਬ ਦੇ ਨਸ਼ਾ ਛੁਡਾਊ ਕੇਂਦਰਾਂ 'ਚ ਨਿੱਤ ਵਧਦੀਆਂ ਜਾ ਰਹੀਆਂ ਭੀੜਾਂ ਇਸ ਤੱਥ ਦੀ ਸ਼ਾਹਦੀ ਭਰਦੀਆਂ ਹਨ ਕਿ ਇਹ ਸਮੱਸਿਆ ਵਧਦੀ ਹੀ ਜਾ ਰਹੀ ਹੈ। ਇਹ ਭੀੜਾਂ ਤਾਂ ਉਨ੍ਹਾਂ ਨੌਜਵਾਨਾਂ ਦੀਆਂ ਹਨ, ਜੋ ਆਪਣੀ ਮਰਜ਼ੀ



ਨਾਲ ਨਸ਼ੇ ਛੱਡਣਾ ਚਾਹੁੰਦੇ ਹਨ ਪਰ ਅਜਿਹੇ ਵਿਅਕਤੀਆਂ ਦੀ ਵੀ ਵੱਡੀ ਗਿਣਤੀ ਜ਼ਰੂਰ ਹੋਵੇਗੀ, ਜੋ ਹਾਲੇ ਨਸ਼ਾ ਛੱਡਣਾ ਨਹੀਂ ਚਾਹੁੰਦੇ। ਇਸ ਮੁੱਦੇ ਨੂੰ ਲੈ ਕੇ ਬਾਲੀਵੁੱਡ ਦੀ ਇਕ ਫਿਲਮ 'ਉੜਤਾ ਪੰਜਾਬ' ਵੀ 2016 'ਚ ਜਾਰੀ ਹੋਈ ਸੀ, ਉਸ 'ਚ ਵੀ ਪੰਜਾਬ ਦਾ ਇਹੋ ਚਲੰਤ ਤੇ ਭਖਵਾਂ ਮਸਲਾ ਸ਼ਿੱਦਤ ਨਾਲ ਉਭਾਰਿਆ ਗਿਆ ਸੀ। ਪੰਜਾਬ ਕਿਸੇ ਵੇਲੇ ਭਾਰਤ ਦਾ ਸਭ ਤੋਂ ਵੱਧ ਖ਼ੁਸ਼ਹਾਲ ਸੂਬਾ ਮੰਨਿਆ ਜਾਂਦਾ ਸੀ। ਸੂਬੇ 'ਚ ਅਜਿਹੇ ਬਹੁਤ ਸਾਰੇ ਬਜ਼ੁਰਗ ਮਾਪੇ ਮਿਲ ਜਾਂਦੇ ਹਨ, ਜਿਨ੍ਹਾਂ ਦੇ ਇਕ ਜਾਂ ਵੱਧ ਪੁੱਤ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ ਤੇ ਹੁਣ ਆਪਣੀ ਹੋਣੀ ਤੇ ਕਿਸਮਤ ਦਾ ਭਾਣਾ ਮੰਨਦਿਆਂ ਦਿਲ 'ਤੇ ਪੱਥਰ ਰੱਖ ਕੇ ਬਹਿ ਗਏ ਹਨ। ਪੰਜਾਬ ਦੀਆਂ ਜੇਲ੍ਹਾਂ 'ਚ ਬੰਦ 47 ਫ਼ੀਸਦੀ ਕੈਦੀ ਨਸ਼ਿਆਂ ਦੇ ਆਦੀ ਹਨ ਤੇ ਉਨ੍ਹਾਂ ਨੂੰ ਜੇਲ੍ਹ ਅੰਦਰ ਵੀ ਨਸ਼ੇ ਤੇ ਮੋਬਾਈਲ ਪੁੱਜਣ ਦੀਆਂ ਖ਼ਬਰਾਂ ਅਕਸਰ ਵਾਇਰਲ ਹੁੰਦੀਆਂ ਰਹਿੰਦੀਆਂ ਹਨ। ਨੌਜਵਾਨਾਂ ਨੂੰ ਨਸ਼ਿਆਂ ਦੇ ਆਦੀ ਬਣਾ ਕੇ ਉਨ੍ਹਾਂ ਤੋਂ ਬਹੁਤ ਸਾਰੇ ਨਾਜਾਇਜ਼ ਕੰਮ ਲਏ ਜਾਂਦੇ ਹਨ।

ਐੱਨਸੀਆਰਬੀ ਦੀ ਰਿਪੋਰਟ ਅਨੁਸਾਰ ਪੰਜਾਬ 'ਚ ਨਸ਼ੇ ਕਰਕੇ ਕੀਤੇ ਜਾਣ ਵਾਲੇ ਅਪਰਾਧਾਂ ਦੀ ਵੱਡੀ ਗਿਣਤੀ ਹੈ। ਜੁਲਾਈ 2018 'ਚ ਉਦੋਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਸ਼ਟਰੀ ਸਿਹਤ ਸੁਰੱਖਿਆ ਯੋਜਨਾ ਅਧੀਨ ਪੰਜਾਬ ਨੂੰ ਵਿਸ਼ੇਸ਼ ਵਰਗ 'ਚ ਰੱਖਣ ਦੀ ਮੰਗ ਕੇਂਦਰ ਸਰਕਾਰ ਤੋਂ ਕੀਤੀ ਸੀ। ਇਸ ਤੋਂ ਵੀ ਇਸ ਮਸਲੇ ਦੀ ਗੰਭੀਰਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਸਰਕਾਰੀ ਅੰਕੜਿਆਂ ਅਨੁਸਾਰ 8.43 ਲੱਖ ਨੌਜਵਾਨ ਨਸ਼ਿਆਂ ਦੀ ਲਤ ਤੋਂ ਪੀੜਤ ਹਨ; ਸ਼ਾਇਦ ਅਸਲ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੋਵੇ। ਸਿਰਫ਼ ਸਰਕਾਰਾਂ ਨੂੰ ਹੀ ਨਹੀਂ ਸਗੋਂ ਸਾਡੇ ਸਮਾਜ ਨੂੰ ਵੀ ਨਿੱਠ ਕੇ ਇਹ ਮਸਲਾ ਹੱਲ ਕਰਨਾ ਹੋਵੇਗਾ।

"ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਹੈ, ਅਜੇ ਤਕ ਉਹ ਸਾਡੇ ਹਥਿਆਰ ਜਿਉਂਦੇ ..
ਗੂਠਾ ਲਾਇਆ ਨਹੀਂ ਜਿਨ੍ਹਾਂ ਬੇਦਾਵਿਆਂ ਤੇ ਸਿੰਘ ਅਜੇ ਵੀ ਲਖ ਹਜ਼ਾਰ ਜਿਉਂਦੇ।"

## ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# Gurdwara Sahib Stockton

1930 South Sikh Temple St, Stockton, CA 95206 (A Historical Land Mark of CA)

# 18, ਜੂਨ ਘੱਲੂਘਾਰਾ ਦਿਵਸ







ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ


ਸ਼ਹੀਦ ਭਾਈ ਜਨਰਲ ਸੁਬੇਗ ਸਿੰਘ


ਸ਼ਹੀਦ ਭਾਈ ਅਮਰੀਕ ਸਿੰਘ

ਕੌਮ ਦੀ ਅਣਖ, ਆਬਰੂ ਅਤੇ ਅਜ਼ਾਦੀ ਲਈ ਜੂਝਦੇ ਹੋਏ ਸ਼ਾਨਾਮੱਤੀ ਸ਼ਹਾਦਤ ਦਾ
ਜਾਮ ਪੀਣ ਵਾਲੇ ਇਨ੍ਹਾਂ ਮਹਾਨ ਯੋਧਿਆਂ ਸ਼ਹੀਦਾਂ ਦੀ ਨਿੱਘੀ ਯਾਦ ਵਿਚ
ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ

## ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ

ਵਿਖੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋਵੇਗਾ


ਜਥੇਦਾਰ ਜਸਪ੍ਰੀਤ ਸਿੰਘ ਲਵਲਾ ਅਤੇ ਉਨ੍ਹਾਂ ਦੇ ਜਥੇ ਵਲੋਂ ਸਿੱਖ ਮਾਰਸ਼ਲ ਆਰਟ ਗੱਤਕੇ ਦੇ ਜੌਹਰ ਦਿਖਾਏ ਜਾਣਗੇ।

ਅਰੰਭ ਸ਼੍ਰੀ ਅਖੰਡਪਾਠ ਸਾਹਿਬ : 16, ਜੂਨ ਦਿਨ ਸ਼ੁਕਰਵਾਰ ਸਵੇਰੇ 10:00 ਵਜੇ
ਭੋਗ ਸ਼੍ਰੀ ਅਖੰਡਪਾਠ ਸਾਹਿਬ : 18, ਜੂਨ ਦਿਨ ਐਤਵਾਰ ਸਵੇਰੇ 10:00 ਵਜੇ
ਉਪ੍ਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਵੱਖ ਵੱਖ ਪੰਥਕ ਜਥੇਬੰਦੀਆ ਦੇ ਪੰਥ ਦਰਦੀ ਹਾਜ਼ਰੀਆ ਭਰਨਗੇ

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਮਨਜੀਤ ਸਿੰਘ ਉਪਲ - 209-269-0733, ਮਲਕੀਤ ਸਿੰਘ ਬੋਪਾਰਾਏ - 916-396-1665, ਕੁਲਜੀਤ ਸਿੰਘ ਨਿੱਜਰ - 209-715-7756, ਹਰਮਿੰਦਰ ਸਿੰਘ ਸਮਾਣਾ - 209481-7750, ਅਮਰਜੀਤ ਸਿੰਘ ਤੁੰਗ -209-954-2881, ਜਗਜੀਤ ਸਿੰਘ ਰੱਕੜ - 209-483-9700, ਗੁਲਵਿੰਦਰ ਸਿੰਘ ਗਾਖਲ - 209-487-3699, ਹਰਨੇਕ ਸਿੰਘ ਅਟਵਾਲ - 209-351-5965, ਬਲਦੇਵ ਸਿੰਘ - 209-351-0786,

Pad Advertisement

# ਬੱਜਰ ਗੁਨਾਹਾਂ ਦੀਆਂ 'ਜਾਣੇ-ਅਣਜਾਣੇ' ਕਹਿ ਕੇ ਮਾਫੀਆਂ ਮੰਗਣ ਦੇ 'ਬਾਦਲੀ-ਨਾਟਕ' ਪੰਥ ਨੇ ਪ੍ਰਵਾਨ ਨਹੀਂ ਕੀਤੇ : ਦੁਪਾਲ ਪੁਰ



ਸੈਨਹੋਜ਼ੇ : ਸਿੱਖ ਪੰਥ ਦੀਆਂ ਰਵਾਇਤਾਂ ਮੁਤਾਬਕ ਪੰਥਕ ਕਚਹਿਰੀ ਵਿੱਚ, ਆਪਣੇ ਰਾਜ ਭਾਗ ਦੌਰਾਨ ਕੀਤਾ 'ਕੱਲਾ 'ਕੱਲਾ ਗੁਨਾਹ ਕਬੂਲ ਕਰਦਿਆਂ ਨਿਮਰਤਾ ਨਾਲ ਖਿਮਾਂ ਜਾਚਨਾ ਕਰਨ ਦੀ ਬਜਾਏ, ਆਪਣੇ ਘਰੇਲੂ ਸੋਗ-ਮਈ ਸਮਾਗਮ ਵਿੱਚ 'ਜਾਣੇ-ਅਣਜਾਣੇ' ਵਿੱਚ 'ਜੇ ਕੋਈ ਗਲਤੀਆਂ ਹੋ ਗਈਆਂ' ਕਹਿ ਕੇ ਮਾਫੀਆਂ ਮੰਗਣ ਦੇ 'ਨਾਟਕ' ਪੰਥ ਨੇ ਕਤੱਈ ਪ੍ਰਵਾਨ ਨਹੀਂ ਕੀਤੇ। ਜਲੰਧਰ ਦੇ ਤਾਜ਼ੇ ਚੋਣ ਨਤੀਜੇ 'ਤੇ ਆਪਣਾ ਪ੍ਰਤੀਕਰਮ ਦਿੰਦੇ ਹੋਏ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਅਤੇ ਪ੍ਰਵਾਸੀ ਲੇਖਕ ਤਰਲੋਚਨ ਸਿੰਘ 'ਦੁਪਾਲਪੁਰ' ਨੇ ਇਨ੍ਹਾਂ ਸ਼ਬਦਾਂ ਰਾਹੀਂ ਸੁਖਬੀਰ ਸਿੰਘ ਬਾਦਲ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਹ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਹਾਲੇ ਵੀ 'ਬਾਦਲ ਦਲ' ਹੀ ਬਣਾਈ ਰੱਖਣ ਵਾਸਤੇ ਯਤਨਸ਼ੀਲ ਹਨ। ਉਨ੍ਹਾਂ ਇਸ ਪੱਤਰਕਾਰ ਨੂੰ ਈ-ਮੇਲ ਰਾਹੀਂ ਭੇਜੇ ਇੱਕ ਲਿਖਤੀ ਬਿਆਨ ਵਿੱਚ ਹੈਰਾਨੀ ਜਾਹਰ ਕਰਦਿਆਂ ਕਿਹਾ ਕਿ ਬਾਦਲਕਿਆਂ ਵਲੋਂ 'ਭਾਜਪਾ' ਨਾਲ ਮੁੜ 'ਪਤੀ-ਪਤਨੀ' ਵਾਲਾ ਰਿਸ਼ਤਾ ਗੰਢਣ ਲਈ ਤਾਂ ਰਾਲਾਂ ਵਗਾਈਆਂ ਜਾ ਰਹੀਆਂ ਹਨ ਪਰ ਸ੍ਰੀ ਅਕਾਲ ਤਖਤ ਸਾਹਿਬ ਦੀ ਘੋਰ ਦੁਰਵਰਤੋਂ, ਗੁਰੂ ਕੀਆਂ ਗੋਲਕਾਂ ਦੀ ਲੁੱਟ-ਖਸੁੱਟ, ਰਾਮ ਰਹੀਮ ਵਾਲੇ ਮੁਆਫੀਨਾਮੇ, ਬਰਗਾੜੀ ਦੇ ਬੇਅਦਬੀ ਕਾਂਡ ਉਪਰੰਤ ਵਰਤਾਏ ਗੋਲੀ-ਕਾਂਡ ਵਿੱਚ ਮਾਰੇ ਸਿੱਖ ਨੌਜਵਾਨਾਂ ਜਿਹੇ ਬੱਜਰ ਗੁਨਾਹ ਬਖਸ਼ਾਉਣ ਲਈ ਪੰਥਕ ਰਵਾਇਤਾਂ ਅਪਣਾਉਣ ਦੀ ਜਗ੍ਹਾ ਸਿੱਖਾਂ ਦੇ ਅੱਖੀਂ ਘੱਟਾ ਪਾਇਆ ਜਾ ਰਿਹਾ ਹੈ!

ਭਾਈ ਦੁਪਾਲਪੁਰ ਨੇ ਇਤਿਹਾਸਕਾਰ ਡਾਕਟਰ ਸੰਗਤ ਸਿੰਘ ਦੇ ਹਵਾਲੇ ਨਾਲ ਦੱਸਿਆ ਹੈ ਕਿ ਅੰਗਰੇਜ਼ੀ ਰਾਜ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਰਬਰਾਹ ਅਰੂੜ ਸਿੰਘ ਨੇ ਬਾਦਲਕਿਆਂ ਵਰਗੇ 'ਗੋਲ-ਮੋਲ ਮਾਫੀਨਾਮਿਆਂ' ਦੀ ਬਜਾਏ ਜਲ੍ਹਿਆਂਵਾਲੇ ਬਾਗ ਵਿਖੇ ਹੋਏ ਇੱਕ ਪੰਥਕ ਇਕੱਠ ਵਿਚ ਦੋਹੇ ਹੱਥ ਜੋੜ ਕੇ ਗੁਨਾਹ ਦੀ ਮੁਆਫੀ ਮੰਗੀ ਸੀ ਤੇ ਉੱਥੇ ਹੀ ਸਰਬਰਾਹੀ ਤੋਂ ਆਪਣੇ ਅਸਤੀਫੇ ਦਾ ਐਲਾਨ ਕੀਤਾ ਸੀ।

ਲੇਕਿਨ ਵਾਰ ਵਾਰ ਕਈ ਚੋਣਾਂ ਵਿੱਚ ਨਕਾਰੇ ਅਤੇ ਦੁਰਕਾਰੇ ਜਾਣ ਦੇ ਬਾਵਜੂਦ ਵੀ ਸ੍ਰੀ ਬਾਦਲ ਪ੍ਰਧਾਨਗੀ ਨੂੰ ਚਿੰਬੜੇ ਬੈਠੇ ਹਨ। ਪੰਥ ਸਮਝਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ 'ਤੇ ਸਥਾਪਤ ਹੋਏ ਸ਼੍ਰੋਮਣੀ ਅਕਾਲੀ ਦਲ ਦੀ ਅਜੋਕੀ ਦੁਰਦਸ਼ਾ ਕਰਾਉਣ ਦਾ ਜਿੰਮੇਵਾਰ ਕੇਵਲ ਤੇ ਕੇਵਲ ਬਾਦਲ ਪ੍ਰਵਾਰ ਹੀ ਹੈ। ਝੂੰਦਾ ਕਮੇਟੀ ਨੇ ਵੀ ਅਜਿਹਾ ਸਿੱਟਾ ਹੀ ਕੱਢਿਆ ਸੀ ਕਿ ਦਲ ਦੀ ਸਿਖਰਲੀ ਲੀਡਰਸ਼ਿਪ ਦੀ ਤਬਦੀਲੀ ਤੋਂ ਬਿਨਾਂ ਪੰਥ ਦਾ ਗੁੱਸਾ ਠੰਢਾ ਨਹੀਂ ਹੋਣਾ।

ਹੁਣ ਜਲੰਧਰ ਦੇ ਚੋਣ ਨਤੀਜੇ ਨੇ ਸਮਝੋ ਝੂੰਦਾ ਕਮੇਟੀ ਦੀ ਰਿਪੋਰਟ ਹੀ ਕੰਧ 'ਤੇ ਲਿਖ ਦਿੱਤੀ ਹੈ। ਜਿਸਨੂੰ ਬਾਦਲਕੇ ਜਿੰਨੀਂ ਜਲਦੀ ਪੜ੍ਹ ਲੈਣ ਓਨੀ ਛੇਤੀ ਹੀ ਸ਼੍ਰੋਮਣੀ ਅਕਾਲੀ ਦਲ ਆਪਣਾ ਖੁੱਸਿਆ ਵਕਾਰ ਹਾਸਲ ਕਰ ਸਕੇਗਾ। ਬਿਆਨ ਦੇ ਅਖੀਰ ਵਿੱਚ ਭਾਈ ਦੁਪਾਲਪੁਰ ਨੇ ਸੁਖਬੀਰ ਬਾਦਲ ਨੂੰ ਪ੍ਰਧਾਨਗੀ ਨਾਲ ਚਿੰਬੜੇ ਰਹਿਣ ਦੀਆਂ ਸਲਾਹਾਂ ਦੇਣ ਵਾਲੇ ਉਨ੍ਹਾਂ ਚਮਚਾ-ਨੁਮਾ ਸਿੱਖ ਆਗੂਆਂ ਨੂੰ ਵੀ ਸਲਾਹ ਦਿੱਤੀ ਹੈ ਕਿ ਉਹ ਬਜਾਏ ਮਿਹਰਬਾਨੀ ਇੱਕ ਟੱਬਰ ਦੀ ਵਫਾਦਾਰੀ ਕਰਨ ਨਾਲੋਂ ਖਾਲਸਾ ਪੰਥ ਦੇ ਹਿਤਾਂ ਨਾਲ ਵਫਾ ਪਾਲਣ।

# ਫਰਿਜ਼ਨੋ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਦਿਵਸ ਮਨਾਇਆ









ਫਰਿਜ਼ਨੋ, ਕੈਲੇਫੋਰਨੀਆ (ਕੁਲਵੰਤ ਉੱਭੀ ਧਾਲੀਆਂ): ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਆਗੂ ਜੱਸਾ ਸਿੰਘ ਰਾਮਗੜੀਆਂ ਦੀ 300 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਗੁਰਦੁਆਰਾ ਸਿੰਘ ਸਭਾ ਫਰਿਜਨੋ ਵਿਖੇ ਕਰਵਾਏ ਗਏ। ਜਿੱਥੇ ਪਾਠਾਂ ਦੇ ਭੋਗ ਉਪਰੰਤ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ। ਜਿੰਨ੍ਹਾਂ ਵਿੱਚ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਸਰਬਜੀਤ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਅਤੇ ਗੁਰਮਤਿ ਨਾਲ ਜੋੜਿਆ। ਇਸ ਉਪਰੰਤ ਗੁਰੂਘਰ ਦੇ ਹਜ਼ੂਰੀ ਗ੍ਰੰਥੀ ਭਾਈ ਮਲਕੀਤ ਸਿੰਘ ਕਰਨਾਲ ਵਾਲਿਆਂ ਨੇ ਕਥਾ ਵਿਚਾਰਾਂ ਕਰਦੇ ਹੋਏ ਸਿੱਖ ਜਰਨੈਲ ਜੱਸਾ ਸਿੰਘ ਰਾਮਗੜੀਆਂ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਜਦ ਕਿ ਗੁਰੂਘਰ ਦੇ ਸਟੇਜ਼ ਸਕੱਤਰ ਗੁਰਪ੍ਰੀਤ ਸਿੰਘ ਮਾਨ ਨੇ ਬੋਲਦੇ ਹੋਏ ਜਿੱਥੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜੀਆਂ ਦੀ ਸਿੱਖ ਕੌਮ ਨੂੰ ਬਹਾਦਰ ਬਣਾਉਣ ਦੀ ਗੱਲ ਕੀਤੀ, ਉੱਥੇ ਸਮੂੰਹ ਪ੍ਰਬੰਧਕਾਂ ਅਤੇ ਸੰਗਤ ਦਾ ਧੰਨਵਾਦ ਵੀ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸੇਵਾ "ਵਰਲਡ ਫਾਈਨੈਂਸਲ ਗਰੁੱਪ (➾67) ਅਤੇ ਸੰਗਤਾਂ ਵੱਲੋਂ ਨਿਭਾਈ ਗਈ। ਗੁਰੂ ਦੇ ਲੰਗਰ ਅਤੁੱਟ ਵਰਤੇ।

# ਸਿੱਖ ਕੌਂਸ਼ਲ ਆਫ ਕੈਲੇਫੋਰਨੀਆਂ ਨੇ ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਦੇ ਪ੍ਰਬੰਧਕਾਂ ਦਾ ਸਨਮਾਨ ਕੀਤਾ



ਫਰਿਜਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਸੈਂਟਰਲ ਕੈਲੇਫੋਰਨੀਆ ਦੇ ਸਮੂੰਹ ਗੁਰੂਘਰਾਂ ਦੇ ਪ੍ਰਬੰਧਾਂ ਅਤੇ ਸਿੱਖੀ ਦੇ ਪ੍ਰਚਾਰ ਲਈ ਬਣੀ ਸੰਸਥਾ "ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇਫੋਰਨੀਆਂ" ਵੱਲੋਂ ਫਰਿਜ਼ਨੋ ਨਜ਼ਦੀਕੀ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਸਨਵਾਕੀਨ ਦੇ ਸਮੂੰਹ ਪ੍ਰਬੰਧਕਾਂ ਦਾ ਸਿੱਖੀ ਦੇ ਪ੍ਰਚਾਰ ਵਿੱਚ ਸੇਵਾਵਾਂ ਨਿਭਾਉਣ, ਗੁਰੂਘਰ ਦੇ ਉਚੇਚੇ ਪ੍ਰਬੰਧਾਂ ਅਤੇ ਗੁਰੂਘਰ ਦਾ ਸਿੱਖ ਕੌਂਸ਼ਲ ਦੇ ਮੈਂਬਰ ਕਰਕੇ ਵਿਸ਼ੇਸ਼ ਤੌਰ 'ਤੇ ਪਲੈਕ ਦੇ ਕੇ ਸਨਮਾਨ ਕੀਤਾ ਗਿਆ। ਇਸ ਸਿੱਖ ਕੌਂਸ਼ਲ ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਚੀਮਾਂ ਨੇ ਬੋਲਦੇ ਹੋਏ ਗੁਰੂਘਰ ਦੀ ਪ੍ਰਬੰਧਕ ਕਮੇਟੀ ਦੇ ਚੰਗੇ ਕਾਰਜਾਂ ਦੀ ਗੱਲ ਕਰਦੇ ਹੋਏ ਸਭ ਹਾਜ਼ਰੀਨ ਨੂੰ ਵਧਾਈ ਦਿੱਤੀ। ਜਦ ਕਿ ਸਿੱਖ ਕੌਂਸ਼ਲ ਦੇ ਬਾਕੀ ਪ੍ਰਮੁੱਖ ਮੈਂਬਰਾਂ ਵਿੱਚ ਗੁਰਜੰਟ ਸਿੰਘ ਗਿੱਲ, ਭਾਈ ਪਰਮਪਾਲ ਸਿੰਘ ਆਦਿਕ ਹਾਜ਼ਰ ਸਨ। ਇਸ ਸਮੇਂ ਗੁਰੂਘਰ ਦੀ ਸਮੁੱਚੀ ਕਮੇਟੀ ਵੱਲੋਂ ਗੁਰਬਿੰਦਰ ਸਿੰਘ ਧਾਲੀਵਾਲ ਨੇ ਸਿੱਖ ਕੌਂਸ਼ਲ ਵੱਲੋਂ ਇਹ ਮਾਣ ਬਖਸਣ ਲਈ ਧੰਨਵਾਦ ਕੀਤਾ।

ਯਾਦ ਰਹੇ ਕਿ ਗੁਰੂ ਨਾਨਕ ਸਿੱਖ ਟੈਂਪਲ ਸੈਂਟਰਲ ਕੈਲੇਫੋਰਨੀਆਂ ਦਾ ਸਭ ਤੋਂ ਪਹਿਲਾਂ ਅਤੇ ਪੁਰਾਣਾ ਗੁਰੂਘਰ ਹੈ। ਜਿਸ ਨੂੰ ਹੈਰੀਟੇਜ਼ ਹੋਣ ਦਾ ਮਾਣ ਪ੍ਰਾਪਤ ਹੈ।

# ਪੰਜਾਬੀ ਕਲਚਰਲ ਸੁਸਾਇਟੀ ਵਲੋਂ 24 ਜੂਨ ਨੂੰ ਸਭਿਆਚਾਰਕ ਮੇਲਾ



ਸੈਕਰਾਮੈਂਟੋ : ਪੀ.ਸੀ.ਐਸ. ਸੈਕਰਾਮੈਂਟੋ ਵਲੋਂ ਲੰਘੇ ਸ਼ਨੀਵਾਰ 13 ਮਈ ਨੂੰ ਮਾਊਂਟਨਮਾਈਂਕ ਪੀਜ਼ੇ ਵਿਖੇ ਕੇਵਲ ਬੌਲੀਨਾ ਦੀ ਪ੍ਰਧਾਨਗੀ ਹੇਠ ਪੀ.ਸੀ.ਐਸ. ਸੈਕਰਾਮੈਂਟੋ ਦੇ ਸਮੂਹ ਮੈਂਬਰਾਂ ਦੀਇਕੱਤਰਤਾ ਵਿਚ 24 ਜੂਨ ਦਿਨ ਸ਼ਨੀਵਾਰ ਨੂੰ 4PM Royal Event Hall ਵਿਚ ਹੋਣ ਵਾਲੇ ਸਭਿਆਚਾਰਕ ਮੇਲੇ ਦੇ ਪ੍ਰਬੰਧਾਂ ਦੀ ਤਿਆਰੀ ਦੀ ਰੂਪ ਰੇਖਾ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਸੰਸਥਾ ਵਲੋਂ ਇਸ ਮੇਲੇ ਦਾ ਮੁੱਖ ਮਕਸਦ ਇਹੀ ਹੈ ਕਿ ਅਸੀਂ ਆਪਣੇ ਬੱਚਿਆਂ ਨੂੰਆਪਣੇ ਕਲਚਰ ਨਾਲ, ਬੋਲੀ ਨਾਲ, ਆਪਣੇ ਗੀਤਾਂ ਨਾਲ ਜੋੜਿਆ ਜਾ ਸਕੇ ਜੋ ਪਿਛਲੇ 33 ਸਾਲਾਂ ਤੋਂ ਨਿਰੋਲ ਸਭਿਆਚਾਰ ਦੀ ਸੇਵਾ ਕਰਦੇ ਆ ਰਹੇ ਹਾਂ।

ਇਸ ਵਾਰ ਵੀ ਪਿਛਲੇ ਸਾਲਾਂ ਦੀ ਤਰ੍ਹਾਂ ਵੱਖ-ਵੱਖ ਟੀਮਾਂ ਵਲੋਂ ਗਿੱਧਾ, ਭੰਗੜਾ, ਸਕਿੱਟ ਅਤੇ ਗੀਤ ਸੰਗੀਤ ਆਈਟਮਜ਼ ਪੇਸ਼ ਕੀਤੀਆਂ ਜਾਣਗੀਆਂ। ਇਹ ਮੇਲੇ ਦੀ ਕੋਈ ਫੀਸ ਨਹੀਂ ਹੈ। ਇਹ ਮੇਲਾ 4 ਵਜੇ ਸ਼ੁਰੂ ਹੋਵੇਗਾ। ਸਮੂਹ ਪਰਿਵਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁੰਮ ਹੁੰਮਾ ਕੇ ਇਸ ਮੇਲੇ ਦੀ ਰੌਣਕਨੂੰ ਵਧਾਓ। ਮੀਟਿੰਗ 'ਚ ਆਏ ਸਾਰੇ ਮੈਂਬਰਾਂ ਦਾ ਰਸ਼ਪਾਲ ਫਰਵਾਲਾ ਵਲੋਂ ਧੰਨਵਾਦ ਕੀਤਾ ਗਿਆ। ਮੀਟਿੰਗ ਵਿਚ ਹਿਸਾ ਲੈਣ ਵਾਲਿਆਂ ਵਿਚ ਪਵਿੱਤਰ ਨਾਹਲ, ਵਿਜੇ ਸਿੰਘ ਪਰਹਾਰ, ਕਮਲ ਬੰਗਾ, ਕੇਵਲ ਬੌਲੀਨਾ, ਗੁਰਵਿੰਦਰ ਗੁਰੀ, ਬਖਸ਼ੀਸ਼ ਗਿੱਲ, ਮਾਧੋ ਚਾਹਲ, ਸੁਰਿੰਦਰ ਬਿੰਦਰਾ, ਜਤਿੰਦਰ ਸਿੰਘ, ਮੱਖਣ ਸਿੰਘ, ਪਰਮਜੀਤ ਸਿੰਘ, ਵਰਿੰਦਰ ਸਿੰਘ ਤੇ ਰਸ਼ਪਾਲ ਸਿੰਘ ਹੋਰ ਜਾਣਕਾਰੀ ਲਈ ਕਾਲ 916-880-0531

# ਫਰਿਜਨੋ ਨਿਵਾਸੀ ਗੁਰਬਖਸ਼ ਸਿੱਧੂ ਨੇ ਦੱਖਣੀ ਕੋਰੀਆ ਵਿੱਚ ਸੀਨੀਅਰ ਖੇਡਾਂ ਵਿੱਚ ਜਿੱਤਿਆ ਮੈਡਲ



ਫਰਿਜਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਵਿਦੇਸ਼ਾਂ ਵਿੱਚ ਪੰਜਾਬੀਆਂ ਦਾ ਨਾਮ ਰੌਸ਼ਨ ਕਰਨ ਵਾਲੇ ਫਰਿਜਨੋ ਦੇ ਐਥਲੀਟ ਗੁਰਬਖਸ਼ ਸਿੰਘ ਸਿੱਧੂ ਨੇ ਇੱਕ ਹੋਰ ਮੀਲ ਪੱਥਰ ਗੱਡਦਿਆਂ ਦੱਖਣੀ ਕੋਰੀਆ ਵਿੱਚ ਮੈਡਲ ਜਿੱਤਿਆ ਅਤੇ ਪੰਜਾਬੀ ਭਾਈਚਾਰੇ ਨਾਮ ਰੌਸ਼ਨ ਕੀਤਾ। ਗੁਰਬਖਸ਼ ਸਿੱਧੂ ਨੇ ਹੈਮਰ ਥਰੋਅ ਵਿੱਚ ਮੁਕਾਬਲਾ ਕੀਤਾ ਅਤੇ ਇਕਸਾਨ ਐਥਲੈਟਿਕਸ ਸਟੇਡੀਅਮ ਵਿੱਚ ਏਸ਼ੀਆ ਪੈਸੀਫਿਕ ਮਾਸਟਰਜ਼ ਗੇਮਜ਼ 2023 ਵਿੱਚ 37:22 ਮੀਟਰ (122.6 ਫੁੱਟ) ਦੀ ਦੂਰੀ ਨਾਲ ਸਿਲਵਰ ਮੈਡਲ ਜਿੱਤਿਆ। ਇਹ ਸਿਓਲ ਤੋਂ ਲਗਭਗ 120 ਕਿਲੋਮੀਟਰ ਦੂਰ ਹੈ। ਇਹਨਾਂ ਖੇਡਾਂ ਲਈ ਏਸ਼ੀਆ, ਯੂਰਪ ਅਤੇ ਸੰਯੁਕਤ ਰਾਜ ਦੇ ਐਥਲੀਟਾਂ ਨੇ 25 ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਹਿੱਸਾ ਲਿਆ। ਫੁਟਬਾਲ, ਬਾਸਕਟਬਾਲ, ਵਾਲੀਬਾਲ, ਵੇਟਲਿਫਟਿੰਗ ਅਤੇ ਐਥਲੈਟਿਕਸ ਆਦਿ ਸਮੇਤ ਵੱਖ-ਵੱਖ ਖੇਡਾਂ ਵਿੱਚ 10,000 ਐਥਲੀਟ ਹਿੱਸਾ ਲੈਣ ਲਈ ਆਏ ਸਨ। ਇਹ ਖੇਡਾਂ ਹਰ 4 ਸਾਲਾਂ ਬਾਅਦ ਹੁੰਦੀਆਂ ਹਨ। ਪਿਛਲੀਆਂ ਏਸ਼ੀਆ ਪੈਸੀਫਿਕ ਮਾਸਟਰਜ਼ ਖੇਡਾਂ ਮਲੇਸ਼ੀਆ ਵਿੱਚ ਕੁਆਲ ਲੰਪਰ ਵਿੱਚ ਹੋਈਆ ਸਨ। ਇੱਥੇ ਵੀ ਜਿਕਰਯੋਗ ਹੈ ਕਿ ਗੁਰਬਖਸ਼ ਸਿੱਘ ਸਿੱਧੂ ਪਿਛਲੇ ਲੰਮੇ ਸਮੇਂ ਤੋਂ ਆਪਣੇ ਬਲਬੂਤੇ ਤੇ ਦੁਨੀਆਂ ਭਰ ਦੀਆਂ ਸੀਨੀਅਰ ਖੇਡਾਂ ਵਿੱਚ ਹਿੱਸਾ ਲੈਕੇ ਮੈਡਲ ਜਿੱਤਕੇ ਪੰਜਾਬੀਅਤ ਦਾ ਨਾਮ ਚਮਕਾਉਂਦਾ ਆ ਰਿਹਾ ਹੈ।

# TOTAL MULTI SERVICES

**YOUR ONE STOP SOLUTION FOR TAX, TRUCKING AND IMMIGRATION SERVICES**

## TRUCKING SERVICES:

- New Trucking Company Setup
- Corporation/LLC
- US DOT Numbers
- MC (ICC) Authority
- IFTA Fuel Tax Returns
- IRP License Plates (Same Day)
- CA#, MCP, EPN Enrollment
- All Truck Permits
- UCR Permits, BOC - 3 Filling
- Highway Use Tax 2290
- Invoice / Billing
- ARB Registration
- Registration Renewal
- Out of State Transfer
- Title Transfer
- Vin Enquiry
- Vin Verification

## INCOME TAX SERVICES:

- Tax Preparation Personal/Business
- Corporation Tax Filing
- LLC Tax Returns
- Trucking
- Health Insurance (Obama Care)

## TRUCK DISPATCH SERVICES:

- We Find Loads • Long Haul
- Route Planning
- Best Rate Negotiation
- High Paying Loads
- Back Office Support
- 24/7 Virtual Dispatcher
- Billing & Paperwork



## ACCOUNTING SERVICES:

- Bookkeeping
- Payroll Service
- Monthly Sales Tax reports



## Carrier Requirements

- Active authority
- Proof of Insurance
- Copy of CDL
- Signed Dispatch Agreement
- Signed Form W9

## IMMIGRATION SERVICES

- Apply/Renew Indian Passport
- OCI Application
- Citizenship
- Green Card Petition
- Indian Visa Applications
- Family Immigration
- Indian Passport Renunciation
- Various Immigration Services

## ਇਮੀਗਰੇਸ਼ਨ ਸੇਵਾਵਾਂ

- ਇੰਡੀਅਨ ਪਾਸਪੋਰਟ ਅਪਲਾਈ ਅਤੇ ਰਿਨਿਊ
- ਓਸੀਆਈ ਐਪਲੀਕੇਸ਼ਨ
- ਸਿਟੀਜਨਸ਼ਿਪ
- ਗਰੀਨ ਕਾਰਡ ਪਟੀਸ਼ਨ
- ਇੰਡੀਅਨ ਵੀਜ਼ਾ ਐਪਲੀਕੇਸ਼ਨ
- ਫੈਮਿਲੀ ਇਮੀਗਰੇਸ਼ਨ
- ਇੰਡੀਅਨ ਪਾਸਪੋਰਟ ਰੀਨੰਸੀਏਸ਼ਨ
- ਸਿਟੀਜਨਸ਼ਿਪ ਟਰਾਂਸਲੇਟਰ ਸੇਵਾ
- ਹੋਰ ਇਮੀਗਰੇਸ਼ਨ ਸਬੰਧੀ ਸੇਵਾਵਾਂ

**Same Day IRP PLATE**

**We Ship Truck Plates All Over US**

intuit quickbooks

CTEC California Tax Education Council Registered Tax Preparer

AUTHORIZED IRS e-file PROVIDER

COVERED CALIFORNIA Certified Insurance Agent

(510) 400-7300
(209) 921-3351

1780 Whipple Rd. Suite# 110, UnionCity CA - 94587 (510) 601-6200 info@ TOTALIRP.com



# ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ

ਜਿਨ੍ਹਾਂ ਨੇ ਸਾਰੀ ਜ਼ਿੰਦਗੀ ਸੰਗਤਾਂ ਨੂੰ ਮਨੁੱਖਤਾ ਤੇ ਮਾਨਵਤਾ ਨਾਲ ਜੋੜਿਆ ਅਤੇ ਸੱਚ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਸੇਵਾ ਸਿਮਰਨ ਦੇ ਨਾਲ ਮਨੁੱਖਤਾ ਦਾ ਉਧਾਰ ਕੀਤਾ। ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ ਵਾਲਿਆਂ ਜੀ ਦੀ ਪਵਿੱਤਰ ਯਾਦ 'ਚ







## ਗੁਰਦੁਆਰਾ ਸਾਹਿਬ ਲਵਿੰਗਸਟਨ ਕੈਲੀਫੋਰਨੀਆ

**884 B Street Livingston California**

ਵਿਖੇ ਮਹਾਨ ਪਵਿੱਤਰ ਸਮਾਗਮ ਹੋ ਰਹੇ ਹਨ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਹਾਜ਼ਰੀਆਂ ਭਰਕੇ ਜੀਵਨ ਸਫ਼ਲਾ ਕਰੋ ਜੀ।

Pad Advertisement

### ਸਮਾਗਮ ਦੇ ਵੇਰਵੇ ਇਸ ਤਰ੍ਹਾਂ ਹਨ :

**ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ**
**19 ਮਈ 2023 ਦਿਨ ਸ਼ੁੱਕਰਵਾਰ ਸਵੇਰੇ 10 ਵਜੇ**
**ਸੰਪੂਰਨਤਾ ਸ੍ਰੀ ਅਖੰਡ ਪਾਠ ਸਾਹਿਬ**
**21 ਮਈ, 2023 ਦਿਨ ਐਤਵਾਰ ਸਵੇਰੇ 10 ਵਜੇ**

ਉਪਰੰਤ ਭਾਰੀ ਦੀਵਾਨ ਸੱਜਣਗੇ, ਜਿਸ ਵਿਚ ਰਾਗੀ, ਢਾਡੀ, ਕਥਾਕਾਰ ਇਲਾਹੀ ਬਾਣੀ ਦੇ ਕੀਰਤਨ ਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਪੰਥ ਦਾ ਪ੍ਰਸਿੱਧ ਰਾਗੀ ਜਥਾ



ਭਾਈ ਸਾਹਿਬ ਭਾਈ ਦਲਜੀਤ ਸਿੰਘ ਜੀ, ਭਾਈ ਸਾਹਿਬ ਭਾਈ ਸਾਧੂ ਸਿੰਘ ਜੀ, ਭਾਈ ਸਾਹਿਬ ਭਾਈ ਸੁਰਜੀਤ ਸਿੰਘ ਜੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।

for more information, please contact

**209-394-3160, 209-535-0294, 209-648-4406**


ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ। - ਸਤਨਾਮ ਸਿੰਘ ਖਾਲਸਾ

# 'ਇਨ੍ਹਾਂ ਗੋਰਿਆਂ ਨੇ ਪਹਿਲਾਂ ਬੰਦੇ ਵੰਡੇ, ਹੁਣ ਇਨ੍ਹਾਂ ਨੇ ਰੱਬ ਵੰਡ ਲਿਆ'

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਪਰ ਧਰਤੀ 'ਤੇ ਮਾੜਾ ਅਤੇ ਚੰਗਾ ਦੋਵੇਂ ਇਕੱਠੇ ਚੱਲਦੇ ਰਹਿੰਦੇ ਹਨ। ਦੁਨੀਆਂ ਵਿੱਚ ਸਾਰੀਆਂ ਚੰਗਿਆਈਆਂ ਨੂੰ ਨਸ਼ਟ ਕਰਨ ਲਈ ਨਫ਼ਰਤ ਕਰਨ ਵਾਲੇ ਮੁੱਠੀ ਭਰ ਲੋਕ ਹੀ ਕਾਫ਼ੀ ਹੁੰਦੇ ਹਨ, ਇੱਥੇ ਵੀ ਇਸ ਤਰ੍ਹਾਂ ਹੀ ਹੋਇਆ।

ਐਤਵਾਰ ਨੂੰ ਸਵੇਰੇ 9 ਵਜੇ ਦੇ ਕਰੀਬ ਕਿਸੇ ਨੇ ਸਾਡੇ ਦਰਵਾਜ਼ੇ 'ਤੇ ਦਸਤਕ ਦਿੱਤੀ। ਐਤਵਾਰ ਨੂੰ ਸਵੇਰੇ ਜਲਦੀ ਦਰਵਾਜ਼ੇ 'ਤੇ ਦਸਤਕ ਦੇਣਾ ਕਦੇ ਹੀ ਚੰਗਾ ਹੁੰਦਾ ਸੀ। ਬੀਜੀ ਨਾਸ਼ਤਾ ਬਣਾ ਰਹੇ ਸਨ। ਮੈਂ ਘਰ ਦੇ ਕੌਰਨਰ ਵਾਲੇ ਸਟੋਰ ਤੋਂ ਪਾਪਾ ਜੀ ਲਈ ਐਤਵਾਰ ਦਾ ਅਖ਼ਬਾਰ ਲੈ ਕੇ ਆਇਆ ਤਾਂ ਅਜੇ ਉਨ੍ਹਾਂ ਨੇ ਇਸਨੂੰ ਪੜ੍ਹਨਾ ਹੀ ਸ਼ੁਰੂ ਕੀਤਾ ਸੀ ਕਿ ਦਰਵਾਜ਼ੇ 'ਤੇ ਦਸਤਕ ਹੋਈ।

ਉਨ੍ਹਾਂ ਨੇ ਐਨਕਾਂ ਹੇਠੋਂ ਮੇਰੇ ਵੱਲ ਦੇਖਿਆ, ਜਿਸਦਾ ਮਤਲਬ ਸੀ ਕਿ ਮੈਂ ਦਰਵਾਜ਼ੇ 'ਤੇ ਜਾ ਕੇ ਦੇਖਾਂ।

ਇਸ ਦੌਰਾਨ ਹੀ ਬੀਜੀ ਨੇ ਰਸੋਈ ਵਿੱਚੋਂ ਲਿਵਿੰਗ ਰੂਮ ਦਾ ਦਰਵਾਜ਼ਾ ਖੋਲ੍ਹਿਆ ਅਤੇ ਕਿਹਾ, 'ਇੰਨੀ ਸਾਝਰੇ ਕੌਣ ਹੈ? ਸੁੱਖ ਹੋਵੇ।'

ਮੈਂ ਦਰਵਾਜ਼ਾ ਖੋਲ੍ਹਿਆ ਅਤੇ ਇਹ ਇੱਕ ਮਿਸਟਰ ਓ'ਨੀਲ ਦਾ ਬੰਦਾ ਸੀ।

ਉਸਨੇ ਆਇਰਸ਼ ਅੰਦਾਜ਼ ਵਿੱਚ ਅੰਗਰੇਜ਼ੀ ਬੋਲ ਕੇ ਮੈਨੂੰ ਪੁੱਛਿਆ, 'ਕੀ ਤੁਹਾਡੇ ਪਿਤਾ ਜੀ ਘਰ ਹਨ।'

ਮੈਂ ਉਸ ਨੂੰ ਕਿਹਾ ਕਿ ਹਾਂ, ਤਾਂ ਪਾਪਾ ਜੀ ਨੇ ਮੁੱਖ ਦਰਵਾਜ਼ੇ ਵੱਲ ਦੇਖਿਆ ਅਤੇ ਉਸ ਨੂੰ ਅੰਦਰ ਆਉਣ ਲਈ ਕਿਹਾ।

ਪਾਪਾ ਜੀ ਨੇ ਉਸਨੂੰ ਪੁੱਛਿਆ, 'ਕੀ ਗੱਲ ਹੈ, ਐਤਵਾਰ ਇੰਨੇ ਸਵੇਰੇ ਆਉਣ ਦਾ ਕੀ ਕਾਰਨ ਹੈ?' ਉਸ ਬੰਦੇ ਨੇ ਕਿਹਾ, 'ਮਿਸਟਰ ਸਿੰਘ ਇਹ ਗੁਰਦੁਆਰੇ ਦੀ ਇਮਾਰਤ ਹੈ, ਇਹ ਗੁਰਦੁਆਰੇ ਦੀ ਇਮਾਰਤ ਹੈ।'

'ਗੁਰਦੁਆਰੇ ਦੀ ਇਮਾਰਤ ਨੂੰ ਕੀ ਹੋਇਆ।' ਪਾਪਾ ਜੀ ਨੇ ਉਸਨੂੰ ਇਹ ਪੁੱਛਣ ਦੀ ਕੋਸ਼ਿਸ਼ ਕੀਤੀ ਕਿ ਕੀ ਹੋ ਰਿਹਾ ਹੈ।

'ਉਨ੍ਹਾਂ ਨੇ ਇੱਟ ਨਾਲ ਸਾਰੀਆਂ ਖਿੜਕੀਆਂ ਤੋੜ ਦਿੱਤੀਆਂ, ਮਿਸਟਰ ਓ'ਨੀਲ ਨੇ ਮੈਨੂੰ ਤੁਹਾਡੇ ਕੋਲ ਭੇਜਿਆ ਹੈ।'

ਪਾਪਾ ਜੀ ਨੇ ਮੇਰੇ ਵੱਲ ਦੇਖਿਆ ਅਤੇ ਕੱਪੜੇ ਪਹਿਨਣ ਲਈ ਕਿਹਾ। ਪਾਪਾ ਜੀ ਨੇ ਉਸ ਲੜਕੇ ਨੂੰ ਪੁੱਛਿਆ ਕਿ ਉਸ ਕੋਲ ਕਾਰ ਹੈ ਤਾਂ ਉਸਨੇ ਕਿਹਾ ਕਿ ਹਾਂ, ਵੈਨ ਹੈ। ਜਦੋਂ ਤੱਕ ਅਸੀਂ ਤਿਆਰ ਹੋਏ, ਬੀਜੀ ਨੇ ਉਸ ਲੜਕੇ ਨੂੰ ਚਾਹ ਦਿੱਤੀ।

ਪਾਪਾ ਜੀ ਨੇ ਕਿਹਾ ਕਿ ਉਹ, ਬੀਜੀ ਅਤੇ ਕਸ਼ਮੀਰ ਗੁਰਦੁਆਰੇ ਦੀ ਜਗ੍ਹਾ 'ਤੇ ਜਾਣਗੇ ਜਿਹੜੀ ਸਾਡੇ ਘਰ ਤੋਂ ਲਗਪਗ ਵੀਹ ਮਿੰਟ ਦੀ ਦੂਰੀ 'ਤੇ ਸੀ, ਉਹ ਸੁੱਚਾ ਸਿੰਘ ਨੂੰ ਸੂਚਿਤ ਕਰਨਗੇ ਜਿਹੜੇ ਗੁਰਦੁਆਰੇ ਵਾਲੀ ਥਾਂ ਦੇ ਨਜ਼ਦੀਕ ਹੀ ਰਹਿੰਦੇ ਸਨ। ਮੈਂ ਓ'ਨੀਲ ਵੱਲੋਂ ਭੇਜੇ ਲੜਕੇ ਨਾਲ ਜਾਵਾਂਗਾ ਅਤੇ ਰਸਤੇ ਵਿੱਚੋਂ ਗੱਫਾ, ਗਿਆਨੀ ਨੌਨਿਹਾਲ ਸਿੰਘ, ਖਾਲਸਾ ਅਤੇ ਬਾਬਾ ਜੀ ਨੂੰ ਨਾਲ ਲੈ ਕੇ ਉਨ੍ਹਾਂ ਨੂੰ ਗੁਰਦੁਆਰੇ ਵਾਲੀ ਥਾਂ 'ਤੇ ਮਿਲਾਂਗਾ। ਮੈਂ ਮਿਸਟਰ ਓ'ਨੀਲ ਦੇ ਬੰਦੇ ਨਾਲ ਗਿਆ ਅਤੇ ਬਾਕੀ ਸਾਰੇ ਮੈਂਬਰਾਂ ਨੂੰ ਵੀ ਇਕੱਠੇ ਕਰ ਲਿਆ ਅਤੇ ਉਨ੍ਹਾਂ ਨੂੰ ਗੁਰਦੁਆਰੇ ਵਾਲੀ ਥਾਂ 'ਤੇ ਲੈ ਗਿਆ। ਮਿਸਟਰ ਓ'ਨੀਲ, ਮਿਸਟਰ ਸਿਡਵੈੱਲ ਨਾਲ ਉੱਥੇ ਪਹਿਲਾਂ ਹੀ ਪਹੁੰਚ ਚੁੱਕਾ ਸੀ। ਉੱਥੇ ਹਰ ਥਾਂ 'ਤੇ ਸ਼ੀਸ਼ੇ ਬਿਖਰੇ ਹੋਏ ਸਨ, ਜਿਵੇਂ ਉਸ ਲੜਕੇ ਨੇ ਦੱਸਿਆ ਸੀ ਕਿ ਇੱਕ ਵੀ ਖਿੜਕੀ ਨਹੀਂ ਬਚੀ, ਉਹ ਸੱਚ ਸੀ।

ਲੋਕਾਂ ਦੇ ਇੱਕ ਗਰੁੱਪ ਨੇ ਰਾਤ ਨੂੰ ਇਹ ਕਾਰਾ ਕਰਕੇ ਸੰਦੇਸ਼ ਦਿੱਤਾ ਕਿ ਉਹ ਇੱਥੇ ਅਜਿਹਾ ਕੁਝ ਨਹੀਂ ਚਾਹੁੰਦੇ। ਮੈਂ ਅਮਰੀਕਾ ਵਿੱਚ ਕਾਲੇ ਲੋਕਾਂ ਦੀ ਚਰਚ ਨੂੰ ਅੱਗ ਲਾਉਣ ਬਾਰੇ ਪੜ੍ਹਿਆ ਸੀ। ਅਮਰੀਕੀ ਨਾਗਰਿਕ ਅਧਿਕਾਰ ਲਹਿਰ ਵੇਲੇ ਅਸੀਂ ਉਨ੍ਹਾਂ ਤਸਵੀਰਾਂ ਨੂੰ ਟੀਵੀ 'ਤੇ ਦੇਖਿਆ ਸੀ, ਪਰ ਕੋਵੈਂਟਰੀ ਵਿੱਚ ਅਜਿਹਾ ਨਹੀਂ ਸੀ।

ਅਸੀਂ ਜਾਣਦੇ ਸੀ ਕਿ ਅਸੀਂ ਇੱਥੇ ਬਰਾਬਰ ਨਹੀਂ ਹਾਂ, ਅਸੀਂ ਸਟੋਨੀ ਸਟੈਂਟਨ ਰੋਡ 'ਤੇ ਇੱਕ ਕੈਮਰਿਆਂ ਦੀ ਦੁਕਾਨ 'ਤੇ ਇਹ ਪੜ੍ਹਿਆ ਸੀ ਕਿ ਉਹ ਗੋਰਿਆਂ ਅਤੇ ਉਨ੍ਹਾਂ ਦੀਆਂ ਔਰਤਾਂ ਨੂੰ ਹੀ ਸੇਵਾਵਾਂ ਦਿੰਦੇ ਹਨ। ਅਸੀਂ ਇਹ ਵੀ ਜਾਣਦੇ ਸੀ ਕਿ ਵਰਕਿੰਗਮੈਨਜ਼ ਕਲੱਬ ਵਾਲੇ ਸਾਨੂੰ ਪਸੰਦ ਨਹੀਂ ਕਰਦੇ, ਅਸੀਂ ਜਾਣਦੇ ਸੀ ਕਿ ਰੈੱਡ ਹਾਊਸ ਪੱਬ ਵਾਲੇ ਵੀ ਸਾਨੂੰ ਪਸੰਦ ਨਹੀਂ ਕਰਦੇ ਸਨ। ਪਰ ਸਾਨੂੰ ਇਹ ਨਹੀਂ ਪਤਾ ਸੀ ਕਿ ਨਫ਼ਰਤ ਦਾ ਪੱਧਰ ਸਾਡੇ ਗੁਰਦੁਆਰੇ ਦੇ ਦਰਵਾਜ਼ੇ ਤੱਕ ਵੀ ਪਹੁੰਚ ਜਾਵੇਗਾ।

ਗਿਆਨੀ ਨੌਨਿਹਾਲ ਸਿੰਘ ਭਾਵੁਕ ਹੋ ਗਿਆ ਅਤੇ ਇਹ ਤਬਾਹੀ ਦੇਖ ਕੇ ਉਸ ਦੀਆਂ ਅੱਖਾਂ ਵਿੱਚ ਹੰਝੂ ਆ ਗਏ, ਉਹ ਬੋਲਿਆ, 'ਇਨ੍ਹਾਂ ਗੋਰਿਆਂ ਨੇ ਪਹਿਲਾਂ ਬੰਦੇ ਵੰਡੇ, ਹੁਣ ਇਨ੍ਹਾਂ ਨੇ ਰੱਬ ਵੰਡ ਲਿਆ।'

ਪਾਪਾ ਜੀ ਨੇ ਪੂਰੇ ਗੁੱਸੇ ਨਾਲ ਉਸ ਵੱਲ ਵੇਖਿਆ ਅਤੇ ਉਨ੍ਹਾਂ ਕੋਲ ਜਾ ਕੇ ਉਨ੍ਹਾਂ ਦੇ ਮੋਢੇ ਨੂੰ ਫੜਿਆ ਅਤੇ ਕਿਹਾ, 'ਗਿਆਨੀ ਜੀ ਸੋਚ ਕੇ ਗੱਲ ਕਰੋ, ਸੋਚ ਕੇ, ਨਫ਼ਤਰ ਨੂੰ ਥੁੱਕ, ਇਹ ਸਾਡੇ ਗੁਰੂ ਦਾ ਘਰ ਹੈ, ਇੱਥੇ ਨਫ਼ਰਤ ਦੀ ਕੋਈ ਜਗ੍ਹਾ ਨਹੀਂ, ਸਾਹਮਣੇ ਉੱਧਰ ਜਿਹੜੇ ਦਿੱਸਦੇ ਨੇ ਇਹ ਗੋਰੇ ਨਹੀਂ?'

ਮਿਸਟਰ ਓ'ਨੀਲ ਬਹੁਤ ਪਰੇਸ਼ਾਨ ਸੀ, ਉਹ ਬੋਲਿਆ, 'ਇਹ ਤੁਹਾਡੇ ਮੂਰਖ ਗੁਆਂਢੀ ਸਨ।' ਪਾਪਾ ਜੀ ਨੇ ਉਸਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕੀਤੀ। ਬਾਬਾ ਜੀ ਇੱਧਰ ਉੱਧਰ ਘੁੰਮ ਰਹੇ ਸਨ ਅਤੇ ਹਰ ਇੱਕ ਵੱਲ ਗਹਿਰੀਆਂ ਨਜ਼ਰਾਂ ਨਾਲ ਦੇਖ ਰਹੇ ਸਨ। ਉਨ੍ਹਾਂ ਨੇ ਪਰੇਸ਼ਾਨੀ ਘਟਾਉਣ ਲਈ ਹਰ ਇੱਕ ਵੱਲ ਉੱਪਰ ਹੇਠ ਕਰਕੇ ਦੇਖਿਆ ਅਤੇ ਗੁੱਸੇ ਹੁੰਦੇ ਬੋਲੇ, 'ਖਬਰਦਾਰ ਜੇ ਕਿਸੇ ਨੇ ਹੰਝੂ ਸੁੱਟਿਆ, ਗੁਰੂ ਦੇ ਘਰ ਨੂੰ ਮਿਟਾਉਣ ਵਾਲੇ ਮਿਟ ਚੁੱਕੇ ਨੇ ਔਰ ਮਿਟ ਦੇ ਰਹਿਣਗੇ, ਅਸੀਂ ਚੜ੍ਹਦੀਕਲਾ ਵਿੱਚ ਰਹਿਣ ਵਾਲੀ ਕੌਮ ਹਾਂ, ਚੜ੍ਹਦੀਕਲਾ ਵਿੱਚ ਹੀ ਰਹਾਂਗੇ। ਹਜ਼ਾਰ ਵਾਰ ਸ਼ੀਸ਼ੇ ਤੋੜ ਲੈਣ, ਹਜ਼ਾਰ ਵਾਰ ਲਾਵਾਂਗੇ, ਇਨ੍ਹਾਂ ਮੁੰਡਿਆਂ ਨੂੰ ਦੱਸ ਦੇ ਧਰਮ ਸਿੰਹਾਂ ਕੱਲ ਨੂੰ ਹੀ ਹੱਸਦੇ ਕੰਮ 'ਤੇ ਆਉਣ ਔਰ ਕੰਮ ਕਰਨ ਮੇਰੇ ਗੁਰੂ ਦਾ ਘਰ ਬਣਾਉਣਾ ਇਨ੍ਹਾਂ ਨੇ, ਓਸ ਨੂੰ ਖੁਸ਼ੀ ਅਤੇ ਪਿਆਰ ਭਰੇ ਦਿਲ ਨਾਲ ਬਣਾਉਣ, ਮਾਯੂਸੀ ਨਾਲ ਨਹੀਂ, ਮੇਰੇ ਗੁਰੂ ਦੇ ਘਰ ਖੁਸ਼ੀ ਔਰ ਪਿਆਰ ਹੀ ਹੈ।'

ਖਾਲਸਾ ਚੁੱਪ ਸੀ ਅਤੇ ਮੈਂ ਹੈਰਾਨ ਸੀ ਕਿ ਉਸਨੇ ਕੁਝ ਨਹੀਂ ਕਿਹਾ, ਪਰ ਉਹ ਮੈਨੂੰ ਨਿਰਾਸ਼ ਨਹੀਂ ਕਰਨਾ ਚਾਹੁੰਦਾ।

ਉਸਨੇ ਮਿਸਟਰ ਓ'ਨੀਲ ਵੱਲ ਦੇਖਿਆ ਅਤੇ ਕਿਹਾ, 'ਮਿਸਟਰ ਓ'ਨੀਲ ਮੈਨੂੰ ਯਕੀਨ ਹੈ ਕਿ ਤੁਹਾਡੀ ਇੰਸ਼ੋਰੈਂਸ ਪਾਲਿਸੀ ਨੁਕਸਾਨ ਨੂੰ ਕਵਰ ਕਰ ਲਵੇਗੀ।'

ਪਾਪਾ ਜੀ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ ਅਤੇ ਮੈਨੂੰ ਲੱਗਿਆ ਕਿ ਹੁਣ ਚਾਰੇ ਪਾਸੇ ਮੱਖੀਆਂ ਦਾ ਝੁੰਡ ਹੈ, ਅਤੇ ਅਜਿਹਾ ਹੀ ਹੋਵੇਗਾ। ਮੈਨੂੰ ਲੱਗਿਆ ਕਿ ਉਹ ਇੰਨਾ ਬਚਿੱਤਰ ਹੈ ਕਿ ਉਸਨੇ ਬੋਲਣ ਤੋਂ ਪਹਿਲਾਂ ਇਹ ਵੀ ਨਹੀਂ ਸੋਚਿਆ ਕਿ ਉਹ ਕੀ ਬੋਲ ਰਿਹਾ ਹੈ। ਜਦੋਂ ਮੈਂ ਹੱਸਣਾ ਸ਼ੁਰੂ ਕਰ ਦਿੱਤਾ ਤਾਂ ਬੀਜੀ ਨੇ ਮੈਨੂੰ ਬਾਂਹ ਤੋਂ ਫੜਕੇ ਚੁੱਪ ਕਰਾਇਆ।

(ਚਲਦਾ)



# ਜਲੰਧਰ ਜ਼ਿਮਨੀ ਚੋਣ: 'ਆਪ' ਨੇ ਢਾਹਿਆ ਕਾਂਗਰਸ ਦਾ ਕਿਲਾ

## ਸੁਸ਼ੀਲ ਰਿੰਕੂ ਨੇ 58 ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਚੋਣ ਜਿੱਤੀ

### ਕਾਂਗਰਸ ਦੀ ਕਰਮਜੀਤ ਕੌਰ ਦੂਜੇ ਤੇ ਸ਼੍ਰੋਮਣੀ ਅਕਾਲੀ ਦਲ-ਬਸਪਾ ਉਮੀਦਵਾਰ ਡਾ. ਸੁੱਖੀ ਤੀਜੇ ਸਥਾਨ 'ਤੇ ਰਹੇ ਅਤੇ ਚੌਥੇ ਸਥਾਨ 'ਤੇ ਰਹੀ ਭਾਜਪਾ





ਜਲੰਧਰ : ਆਮ ਆਦਮੀ ਪਾਰਟੀ (ਆਪ) ਨੇ ਅੱਜ ਜਲੰਧਰ ਜ਼ਿਮਨੀ ਚੋਣ ਦੇ ਆਏ ਨਤੀਜਿਆਂ 'ਚ ਵੱਡੀ ਜਿੱਤ ਦਰਜ ਕਰਦਿਆਂ ਕਾਂਗਰਸ ਦਾ ਮਜ਼ਬੂਤ ਮੰਨਿਆ ਜਾਂਦਾ ਕਿਲ੍ਹਾ ਢਹਿ-ਢੇਰੀ ਕਰ ਦਿੱਤਾ ਹੈ। 'ਆਪ' ਦੇ ਸੁਸ਼ੀਲ ਰਿੰਕੂ ਨੇ 3,02,097 ਵੋਟਾਂ ਹਾਸਲ ਕਰਕੇ 58,691 ਵੋਟਾਂ ਦੇ ਫਰਕ ਨਾਲ ਕਾਂਗਰਸੀ ਉਮੀਦਵਾਰ ਕਰਮਜੀਤ ਕੌਰ ਨੂੰ ਹਰਾਇਆ। ਕਰਮਜੀਤ ਕੌਰ ਨੇ 2,43,450 ਵੋਟਾਂ ਹਾਸਲ ਕੀਤੀਆਂ। ਇਸ ਚੋਣ ਲਈ ਕੁੱਲ 8,87,086 ਲੋਕਾਂ ਨੇ ਵੋਟ ਪਾਈ ਸੀ। ਕਾਂਗਰਸ ਪਾਰਟੀ ਜਲੰਧਰ ਦੇ ਲੋਕ ਸਭਾ ਹਲਕੇ 'ਤੇ 1999 ਤੋਂ ਕਾਬਜ਼ ਚੱਲੀ ਆ ਰਹੀ ਸੀ।

ਸੁਸ਼ੀਲ ਰਿੰਕੂ ਨੇ ਜਲੰਧਰ ਪੱਛਮੀ ਹਲਕੇ ਤੋਂ ਪਹਿਲੀ ਵਾਰ ਵਿਧਾਨ ਸਭਾ ਦੀ ਚੋਣ ਲੜੀ ਸੀ ਤੇ ਉਹ ਜੇਤੂ ਰਹੇ ਸਨ। ਦੂਜੀ ਵਾਰ ਉਹ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ 'ਆਪ' ਆਗੂ ਸ਼ੀਤਲ ਅੰਗੁਰਾਲ ਤੋਂ ਹਾਰ ਗਏ ਸਨ। ਲੋਕ ਸਭਾ ਦੀ ਉਪ ਚੋਣ ਵੇਲੇ ਉਹ ਕਾਂਗਰਸ ਛੱਡ ਕੇ 'ਆਪ' ਵਿੱਚ ਆ ਗਏ ਸਨ। ਸੁਸ਼ੀਲ ਕੁਮਾਰ ਰਿੰਕੂ 'ਆਪ' ਦੇ ਪਹਿਲੇ ਐੱਮਪੀ ਬਣ ਗਏ ਹਨ ਜੋ ਜਲੰਧਰ ਤੋਂ ਲੋਕ ਸਭਾ ਵਿੱਚ ਨੁਮਾਇੰਦਗੀ ਕਰਨਗੇ। ਅੱਜ ਜਦੋਂ ਵੋਟਾਂ ਦੀ ਗਿਣਤੀ ਸ਼ੁਰੂ ਹੋਈ ਤਾਂ ਰਿੰਕੂ ਨੇ ਪਹਿਲੇ ਗੇੜ ਤੋਂ ਹੀ ਲੀਡ ਬਣਾ ਲਈ ਜੋ ਅਖੀਰ ਤੱਕ ਜਾਰੀ ਰਹੀ। ਵੋਟਾਂ ਦੀ ਗਿਣਤੀ ਦੇ ਕੁੱਲ 16 ਗੇੜ ਹੋਏ ਜਿਨ੍ਹਾਂ ਸਾਰਿਆਂ ਵਿੱਚ ਸੁਸ਼ੀਲ ਰਿੰਕੂ ਅੱਗੇ ਰਹੇ। ਜਲੰਧਰ ਦੇ 9 ਵਿਧਾਨ ਸਭਾ ਹਲਕਿਆਂ 'ਚੋਂ 7 ਵਿੱਚ 'ਆਪ' ਅਤੇ ਦੋ ਵਿੱਚ ਕਾਂਗਰਸ ਜੇਤੂ ਰਹੀ। ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਪਹਿਲਾਂ ਤੀਜੇ ਨੰਬਰ 'ਤੇ ਚੱਲਦੇ ਆ ਰਹੇ ਸਨ ਪਰ ਉਹ ਆਖਰੀ ਗੇੜਾਂ ਵਿੱਚ ਪੱਛੜ ਗਏ। ਭਾਜਪਾ ਉਮੀਦਵਾਰ ਨੂੰ 1,34,706 ਵੋਟਾਂ ਮਿਲੀਆਂ, ਜਦਕਿ ਅਕਾਲੀ ਦਲ-ਬਸਪਾ ਗੱਠਜੋੜ ਦੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ 1,58,354 ਵੋਟਾਂ ਲੈ ਕੇ ਤੀਜੇ ਸਥਾਨ 'ਤੇ ਰਹੇ। ਸ਼੍ਰੋਮਣੀ ਅਕਾਲੀ ਦਲ (ਅ) ਦੇ ਉਮੀਦਵਾਰ ਗੁਰਜੰਟ ਸਿੰਘ ਕੱਟੂ ਨੂੰ ਸਿਰਫ਼ 20,354 ਵੋਟਾਂ ਹੀ ਮਿਲੀਆਂ। ਨੋਟਾ ਦਾ ਬਟਨ 6656 ਜਣਿਆਂ ਨੇ ਦਬਾਇਆ। 'ਆਪ' ਦੀ ਜਲੰਧਰ ਵਿੱਚ ਪਹਿਲੀ ਵਾਰ ਹੋਈ ਜਿੱਤ 'ਤੇ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਵਧਾਈ ਦਿੱਤੀ ਹੈ।

**ਜਲੰਧਰ ਜ਼ਿਮਨੀ ਚੋਣ**

| | | |
|---|---|---|
| ਆਪ | 3,02,279 | 34.05% |
| ਕਾਂਗਰਸ | 2,43,588 | 27.44% |
| ਅਕਾਲੀ-ਬਸਪਾ | 1,58,445 | 17.85% |
| ਭਾਜਪਾ | 1,34,800 | 15.19% |
| ਅਕਾਲੀ ਦਲ (ਅ) | 20,366 | 02.32% |

## ਲੋਕ ਭਲਾਈ ਦੇ ਕੰਮਾਂ ਸਦਕਾ 'ਆਪ' ਜਿੱਤੀ: ਕੇਜਰੀਵਾਲ




ਨਵੀਂ ਦਿੱਲੀ : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਇੱਥੇ ਕਿਹਾ ਕਿ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿੱਚ 'ਬੇਮਿਸਾਲ ਜਿੱਤ' ਭਗਵੰਤ ਮਾਨ ਸਰਕਾਰ ਦੇ ਪੰਜਾਬ ਵਿੱਚ ਲੋਕ ਭਲਾਈ ਕੰਮਾਂ ਸਦਕਾ ਹੋਈ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਦੀ ਲਹਿਰ ਸਮੇਂ ਵੀ ਜਲੰਧਰ ਦੇ ਨੌਂ ਹਲਕਿਆਂ 'ਚੋਂ ਕਾਂਗਰਸ ਨੇ ਪੰਜ 'ਤੇ ਜਿੱਤ ਹਾਸਲ ਕੀਤੀ ਸੀ ਪਰ 'ਆਪ' ਵੱਲੋਂ ਇੱਕ ਸਾਲ ਦੇ ਕਾਰਜਕਾਲ ਦੌਰਾਨ ਕੀਤੇ ਗਏ ਕੰਮਾਂ ਨੂੰ ਦੇਖਦਿਆਂ ਹਲਕੇ ਦੇ ਲੋਕਾਂ ਨੇ ਪਾਰਟੀ ਦੇ ਉਮੀਦਵਾਰ ਸੁਸ਼ੀਲ ਰਿੰਕੂ ਨੂੰ ਜਿਤਾਇਆ ਹੈ। ਉਨ੍ਹਾਂ ਕਿਹਾ ਕਿ ਇਸ ਜਿੱਤ ਨਾਲ 'ਆਪ' ਦਾ ਲੋਕ ਸਭਾ ਵਿੱਚ ਮੁੜ ਤੋਂ ਖਾਤਾ ਖੁੱਲ੍ਹ ਗਿਆ ਹੈ। ਕੇਜਰੀਵਾਲ ਨੇ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਵਿੱਚ ਜਿੱਤ ਮਗਰੋਂ ਪਾਰਟੀ ਦੀ ਜ਼ਿੰਮੇਵਾਰੀ ਹੋਰ ਵਧ ਗਈ ਹੈ। ਉਨ੍ਹਾਂ ਨਾਲ ਮੌਜੂਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਕੰਮ ਦੀ ਰਾਜਨੀਤੀ ਕਰਦੇ ਹਨ ਅਤੇ ਕੀਤੇ ਗਏ ਕੰਮਾਂ ਦੇ ਸਿਰ 'ਤੇ ਹੀ ਲੋਕਾਂ ਤੋਂ ਵੋਟਾਂ ਮੰਗਦੇ ਹਾਂ। ਉਨ੍ਹਾਂ ਕਿਹਾ ਕਿ ਲੋਕਾਂ ਨੇ 'ਆਪ' ਸਰਕਾਰ ਦੇ ਕੰਮਾਂ 'ਤੇ ਮੋਹਰ ਲਗਾ ਕੇ ਵੱਡਾ ਸੰਦੇਸ਼ ਦਿੱਤਾ ਹੈ।

## ਨਵੇਂ ਚੁਣੇ ਸੰਸਦ ਮੈਂਬਰ ਰਿੰਕੂ ਵੱਲੋਂ ਕੇਜਰੀਵਾਲ ਨਾਲ ਮੁਲਾਕਾਤ

### ਪੰਜਾਬ ਨਾਲ ਸਬੰਧਤ ਵਿਕਾਸ ਕਾਰਜਾਂ ਬਾਰੇ ਕੀਤੀ ਚਰਚਾ

ਨਵੀਂ ਦਿੱਲੀ : ਪੰਜਾਬ ਦੇ ਜਲੰਧਰ ਲੋਕ ਸਭਾ ਹਲਕੇ ਤੋਂ ਨਵੇਂ ਚੁਣੇ ਗਏ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਅੱਜ ਇੱਥੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕਰਕੇ ਪੰਜਾਬ ਦੇ ਲੋਕਾਂ ਦੀ ਸੇਵਾ ਲਈ ਵਿਕਾਸ ਸਬੰਧੀ ਯੋਜਨਾਵਾਂ 'ਤੇ ਚਰਚਾ ਕੀਤੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਰਿੰਕੂ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ 'ਤੇ ਪੁੱਜੇ। ਇਸ ਦੌਰਾਨ ਉਨ੍ਹਾਂ ਨਾਲ ਰਾਜ ਸਭਾ ਸੰਸਦ ਮੈਂਬਰ ਸੰਜੈ ਸਿੰਘ ਅਤੇ ਅਸ਼ੋਕ ਮਿੱਤਲ ਵੀ ਹਾਜ਼ਰ ਸਨ।

ਮੀਟਿੰਗ ਮਗਰੋਂ ਧੰਨਵਾਦ ਕਰਦਿਆਂ ਰਿੰਕੂ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਅਗਵਾਈ ਸਦਕਾ ਹੀ ਉਹ ਜਲੰਧਰ ਲੋਕ ਸਭਾ ਚੋਣ ਜਿੱਤਣ ਦੇ ਯੋਗ ਹੋਏ ਹਨ। ਉਨ੍ਹਾਂ ਭਗਵੰਤ ਮਾਨ ਦੀ ਭੂਮਿਕਾ ਬਾਰੇ ਵੀ ਗੱਲਬਾਤ ਕੀਤੀ ਅਤੇ ਜਲੰਧਰ ਜ਼ਿਮਨੀ ਚੋਣ ਵਿੱਚ ਜਿੱਤ ਦਾ ਸਿਹਰਾ ਪਿਛਲੇ ਇੱਕ ਸਾਲ ਦੌਰਾਨ ਪਾਰਟੀ ਵੱਲੋਂ ਪੰਜਾਬ ਦੇ ਵਿਕਾਸ ਲਈ ਕੀਤੇ ਗਏ ਕੰਮਾਂ ਸਿਰ ਬੰਨ੍ਹਿਆ। ਸੰਸਦ ਮੈਂਬਰ ਨੇ ਨਿਰਮਾਣ ਅਧੀਨ ਫਲਾਈਓਵਰਾਂ ਅਤੇ ਸੜਕਾਂ ਦੀ ਮੁਰੰਮਤ ਦਾ ਕੰਮ ਜਲਦੀ ਨੇਪਰੇ ਚਾੜ੍ਹਨ 'ਤੇ ਜ਼ੋਰ ਦਿੱਤਾ। ਉਨ੍ਹਾਂ ਆਦਮਪੁਰ ਹਵਾਈ ਅੱਡੇ ਦੇ ਰੁਕੇ ਕੰਮ ਦਾ ਜ਼ਿਕਰ ਕਰਦਿਆਂ ਕਿਹਾ ਉਹ ਇਹ ਮੁੱਦੇ ਲੋਕ ਸਭਾ ਵਿੱਚ ਉਠਾਉਣਗੇ। ਸੁਸ਼ੀਲ ਰਿੰਕੂ ਨੇ ਕਿਹਾ, "ਭਾਵੇਂ ਕਿ ਮੈਂ ਬਹੁਤ ਥੋੜ੍ਹੇ ਸਮੇਂ ਲਈ ਚੁਣਿਆ ਗਿਆ ਹਾਂ, ਪਰ ਹਲਕੇ ਲਈ 'ਆਪ' ਦਾ ਰੋਡਮੈਪ ਮੇਰੇ ਮੌਜੂਦਾ ਕਾਰਜਕਾਲ ਅਤੇ ਲੰਬੇ ਸਮੇਂ ਲਈ ਹੋਵੇਗਾ।"



## ਜਲੰਧਰ ਜ਼ਿਮਨੀ ਚੋਣ ਦੌਰਾਨ ਸਿਆਸੀ ਪਾਰਟੀਆਂ ਦੇ ਮੁਖੀਆਂ ਵਿਚਕਾਰ ਦਬਦਬੇ ਦੀ ਰਹੀ ਲੜਾਈ



ਜਲੰਧਰ : ਜਲੰਧਰ ਲੋਕ ਸਭਾ ਸੀਟ ਦੀ ਜ਼ਿਮਨੀ ਚੋਣ ਅਸਲ 'ਚ ਸਿਆਸੀ ਪਾਰਟੀਆਂ ਦੇ ਮੁਖੀਆਂ ਵਿਚਕਾਰ ਦਬਦਬੇ ਦੀ ਲੜਾਈ ਰਹੀ। ਆਮ ਆਦਮੀ ਪਾਰਟੀ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਵੱਕਾਰ ਦਾਅ 'ਤੇ ਲੱਗਾ ਹੋਇਆ ਸੀ, ਜਦਕਿ ਦੂਜੇ ਪਾਸੇ ਕਾਂਗਰਸ ਵੱਲੋਂ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਜਾ ਵੜਿੰਗ, ਭਾਜਪਾ ਵੱਲੋਂ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਅਕਾਲੀ ਦਲ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਵੱਕਾਰ ਦਾਅ 'ਤੇ ਲੱਗਾ ਹੋਇਆ ਸੀ। ਪ੍ਰਧਾਨਾਂ ਵਿਚਕਾਰ ਦਬਦਬੇ ਦੀ ਲੜਾਈ 'ਚ ਮੁੱਖ ਮੰਤਰੀ ਭਗਵੰਤ ਮਾਨ ਦੂਜੇ ਪ੍ਰਧਾਨਾਂ 'ਤੇ ਹਾਵੀ ਰਹੇ। ਚੋਣ ਪ੍ਰਚਾਰ ਪੂਰੀ ਤਰ੍ਹਾਂ ਪ੍ਰਧਾਨਾਂ 'ਤੇ ਕੇਂਦਰਿਤ ਹੋ ਕੇ ਰਹਿ ਗਿਆ ਸੀ। ਭਗਵੰਤ ਮਾਨ ਜਿੱਥੇ ਆਮ ਆਦਮੀ ਪਾਰਟੀ ਦੀ ਤਰਫੋਂ ਲਗਾਤਾਰ ਲੋਕਾਂ ਨਾਲ ਸੰਪਰਕ ਬਣਾਉਣ 'ਚ ਲੱਗੇ ਹੋਏ ਸਨ ਅਤੇ ਨਾਲ ਹੀ ਉਹ ਰੋਡ ਸ਼ੋਅ ਅਤੇ ਰੈਲੀਆਂ ਵੀ ਕਰ ਰਹੇ ਸਨ, ਉੱਥੇ ਹੀ ਦੂਜੇ ਪਾਸੇ ਉਨ੍ਹਾਂ ਦੇ ਵਿਰੋਧੀ ਵੀ ਪਿੱਛੇ ਨਹੀਂ ਰਹੇ। ਕਾਂਗਰਸ ਦੇ ਰਾਜਾ ਵੜਿੰਗ ਲਗਾਤਾਰ ਚੋਣ ਪ੍ਰਚਾਰ 'ਚ ਲੱਗੇ ਹੋਏ ਸਨ। ਇਸ ਕੰਮ 'ਚ ਸੀ. ਐੱਲ. ਪੀ. ਆਗੂ ਪ੍ਰਤਾਪ ਸਿੰਘ ਬਾਜਵਾ ਦਾ ਸਹਿਯੋਗ ਲੈ ਰਹੇ ਸਨ। ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਸਮਰਥਨ ਹਾਸਲ ਸੀ। ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਵੀ ਲਗਾਤਾਰ ਪ੍ਰੈੱਸ ਕਾਨਫਰੰਸ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਭਾਜਪਾ ਦੇ ਕੇਂਦਰੀ ਮੰਤਰੀਆਂ ਦਾ ਸਮਰਥਨ ਹਾਸਲ ਸੀ। ਅਕਾਲੀ ਦਲ ਦੀ ਚੋਣ ਮੁਹਿੰਮ ਨੂੰ ਭਾਵੇਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦਿਹਾਂਤ ਕਾਰਨ ਝਟਕਾ ਲੱਗਾ ਸੀ ਪਰ ਇਸ ਦੇ ਬਾਵਜੂਦ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਚੋਣ ਪ੍ਰਚਾਰ ਦੇ ਆਖਰੀ ਦਿਨਾਂ 'ਚ ਮੁੜ ਮੈਦਾਨ 'ਚ ਆ ਗਏ। ਚੋਣ ਮੁਹਿੰਮ ਪੂਰੀ ਤਰ੍ਹਾਂ ਭਗਵੰਤ ਮਾਨ, ਅਸ਼ਵਨੀ ਸ਼ਰਮਾ, ਸੁਖਬੀਰ ਬਾਦਲ ਅਤੇ ਰਾਜਾ ਵੜਿੰਗ ਦੇ ਆਲੇ-ਦੁਆਲੇ ਘੁੰਮ ਰਿਹਾ ਸੀ। ਚੋਣ ਨਤੀਜੇ ਆਮ ਆਦਮੀ ਪਾਰਟੀ ਦੇ ਹੱਕ 'ਚ ਜਾਣ ਤੋਂ ਬਾਅਦ ਘੱਟੋ-ਘੱਟ ਭਗਵੰਤ ਮਾਨ ਨੇ ਵੀ ਸੁੱਖ ਦਾ ਸਾਹ ਲਿਆ ਹੈ, ਜਦਕਿ ਬਾਕੀ ਸਿਆਸੀ ਪਾਰਟੀਆਂ ਦੇ ਮੁਖੀਆਂ ਦੀ ਨੀਂਦ ਜ਼ਰੂਰ ਉੱਡ ਗਈ ਹੈ। ਚੋਣ ਨਤੀਜੇ ਆਉਣ ਵਾਲੇ ਦਿਨਾਂ 'ਚ ਵਿਰੋਧੀ ਪਾਰਟੀਆਂ ਦੇ ਮੁਖੀਆਂ ਦੇ ਸਿਆਸੀ ਭਵਿੱਖ ਨੂੰ ਯਕੀਨੀ ਤੌਰ 'ਤੇ ਪ੍ਰਭਾਵਿਤ ਕਰੇਗਾ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM


ਸ਼ਹੀਦ ਜਨਰਲ ਲਾਭ ਸਿੰਘ
ਸ਼ਹੀਦ ਮਨਵੀਰ ਸਿੰਘ ਚਹੇੜੂ
ਸ਼ਹੀਦ ਕਮਲਜੀਤ ਸਿੰਘ ਸੁਲਤਾਨਵਿੰਡ
ਸ਼ਹੀਦ ਹਰਮਿੰਦਰ ਸਿੰਘ ਸੁਲਤਾਨਵਿੰਡ
ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ
ਮੁਖੀ ਖਾਲਿਸਤਾਨ ਕਮਾਂਡੋ ਫੋਰਸ
ਕੌਮ ਦੇ ਮਹਾਨ ਜਰਨੈਲ ਜਿਨ੍ਹਾਂ ਦੇ ਪ੍ਰਵਾਰ ਦੇ ਕਈ ਜੀਅ ਸਰਕਾਰ ਨੇ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਸਨ ਨੂੰ ਪਾਕਿਸਤਾਨ 'ਚ ਜ਼ਾਲਮਾਂ ਨੇ ਗੋਲੀਆਂ ਮਾਰਕੇ ਸ਼ਹੀਦ ਕਰ ਦਿੱਤਾ। ਅਸੀਂ ਉਸਦੇ ਸੁਪਨਿਆਂ ਨੂੰ ਸਾਕਾਰ ਰੱਖਾਂਗੇ।
ਅਸੀਂ ਇਸ ਮਹਾਨ ਜਰਨੈਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।
ਭਾਈ ਸਾਹਿਬ ਭਾਈ ਪਰਮਜੀਤ ਸਿੰਘ ਪੰਜਵੜ
ਜੀ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਸਾਹਿਬ
ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
24440 132nd Ave SE, Kent, WA 98042
ਸ਼ਹੀਦ ਰਾਜਵਿੰਦਰ ਸਿੰਘ ਰਾਜੂ (ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੇ ਭਰਾ) ਅਤੇ ਮਾਤਾ ਜੀ ਜਿਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ।
ਆਰੰਭ ਸ੍ਰੀ ਅਖੰਡ ਪਾਠ ਸਾਹਿਬ 19 ਮਈ 2023 ਸਵੇਰੇ 10.30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 21 ਮਈ 2023 ਸਵੇਰੇ 10.00 ਵਜੇ
ਉਪ੍ਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਵੱਖ ਵੱਖ ਪੰਥਕ ਜਥੇਬੰਦੀਆ ਦੇ ਪੰਥ ਦਰਦੀ ਹਾਜ਼ਰੀਆ ਭਰਨਗੇ
ਹੋਰ ਜਾਣਕਾਰੀ ਲਈ
ਗੁਰਦੁਆਰਾ ਸਾਹਿਬ : 253-239-2790
ਸ੍ਰ. ਦਰਸ਼ਨ ਸਿੰਘ : 206-261-1100
ਸ੍ਰ. ਗਗਨਦੀਪ ਸਿੰਘ 206-290-5115
ਸ੍ਰ. ਤੇਜਿੰਦਰ ਸਿੰਘ : 253-653-3536
ਸ੍ਰ. ਰਘਬੀਰ ਸਿੰਘ 206-841-6161
Pad Advertisement

# ਕਾਂਗਰਸ ਨੇ ਜਿੱਤਿਆ ਕਰਨਾਟਕ

## ਪਾਰਟੀ ਨੂੰ 135, ਭਾਜਪਾ ਨੂੰ 65 ਅਤੇ ਜਨਤਾ ਦਲ (ਐਸ) ਨੂੰ 19 ਸੀਟਾਂ ਮਿਲੀਆਂ

### • 10 ਸਾਲਾਂ ਮਗਰੋਂ ਮਿਲਿਆ ਪੂਰਨ ਬਹੁਮਤ • ਭਾਜਪਾ ਹੱਥੋਂ ਖੁੱਸਿਆ ਦੱਖਣ ਦਾ ਸੂਬਾ





ਬੰਗਲੂਰੂ/ਨਵੀਂ ਦਿੱਲੀ : ਕਰਨਾਟਕ ’ਚ ਕਾਂਗਰਸ ਆਪਣੇ ਪੱਧਰ ’ਤੇ ਬਹੁਮਤ ਹਾਸਲ ਕਰਕੇ 10 ਸਾਲਾਂ ਮਗਰੋਂ ਸੂਬੇ ਦੀ ਸੱਤਾ ਹਾਸਲ ਕਰਨ ’ਚ ਕਾਮਯਾਬ ਰਹੀ ਹੈ। ਕਾਂਗਰਸ ਨੇ ਦੱਖਣ ’ਚ ਭਾਜਪਾ ਦੇ ਇਕਲੌਤੇ ਕਿਲ੍ਹੇ ਨੂੰ ਢਾਹ ਲਗਾਉਂਦਿਆਂ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਪਿੜ ਮਘਾ ਦਿੱਤਾ ਹੈ। ਕਾਂਗਰਸ ਨੇ ਭਲਕੇ ਸ਼ਾਮ ਸਾਢੇ 5 ਵਜੇ ਬੰਗਲੂਰੂ ’ਚ ਵਿਧਾਇਕ ਦਲ ਦੀ ਮੀਟਿੰਗ ਸੱਦ ਲਈ ਜਿਸ ’ਚ ਆਗੂ ਦੀ ਚੋਣ ਕੀਤੀ ਜਾਵੇਗੀ। ਉਧਰ ਹਾਰ ਮਗਰੋਂ ਮੁੱਖ ਮੰਤਰੀ ਬਸਵਾਰਾਜ ਬੋਮਈ ਨੇ ਅਹੁਦੇ ਤੋਂ ਦੇ ਅਸਤੀਫ਼ਾ ਦਿੱਤਾ ਹੈ।

ਕਰਨਾਟਕ ਵਿਧਾਨ ਸਭਾ ਲਈ 10 ਮਈ ਨੂੰ ਪਈਆਂ ਵੋਟਾਂ ਦੀ ਜਦੋਂ ਗਿਣਤੀ ਸ਼ੁਰੂ ਹੋਈ ਤਾਂ ਮੁੱਢਲੇ ਰੁਝਾਨਾਂ ਨੇ ਕਈ ਚੋਣ ਸਰਵੇਖਣਾਂ ਵੱਲੋਂ ਕਿਸੇ ਵੀ ਪਾਰਟੀ ਨੂੰ ਪੂਰਨ ਬਹੁਮਤ ਨਾ ਮਿਲਣ ਦੇ ਦਾਅਵਿਆਂ ਨੂੰ ਝੁਠਲਾ ਦਿੱਤਾ। ਭਾਜਪਾ ਨੂੰ ਪਿਛਲੇ ਸਾਲ ਦਸੰਬਰ ’ਚ ਹਿਮਾਚਲ ਪ੍ਰਦੇਸ਼ ਮਗਰੋਂ ਇਹ ਦੂਜੀ ਵੱਡੀ ਹਾਰ ਮਿਲੀ ਹੈ। ਕਾਂਗਰਸ ਨੇ ਵਿਧਾਨ ਸਭਾ ਦੀਆਂ ਕੁੱਲ 224 ਸੀਟਾਂ ’ਚੋਂ 135 ’ਤੇ ਜਿੱਤ ਹਾਸਲ ਕੀਤੀ ਹੈ ਜਦੋਂਕਿ ਜਯਾਨਗਰ ਸੀਟ ਦਾ ਨਤੀਜਾ ਆਉਣਾ ਬਾਕੀ ਹੈ। ਭਾਜਪਾ ਨੂੰ 65 ਸੀਟਾਂ ਨਾਲ ਸਬਰ ਕਰਨਾ ਪਿਆ ਜੋ 2018 ’ਚ ਮਿਲੀਆਂ 104 ਸੀਟਾਂ ਤੋਂ ਬਹੁਤ ਘੱਟ ਹਨ। ਕਿੰਗਮੇਕਰ ਬਣਨ ਦੀ ਆਸ ਰੱਖੀ ਬੈਠੀ ਜਨਤਾ ਦਲ (ਐੱਸ) ਨੂੰ 19 ਸੀਟਾਂ ਹੀ ਨਸੀਬ ਹੋਈਆਂ। ਪਿਛਲੀਆਂ ਚੋਣਾਂ ’ਚ ਉਸ ਨੇ 37 ਸੀਟਾਂ ਹਾਸਲ ਕੀਤੀਆਂ ਸਨ। ਇਸ ਦੌਰਾਨ ਕਾਂਗਰਸ ਨੇ ਆਪਣੇ ਜੇਤੂ ਵਿਧਾਇਕਾਂ ਨੂੰ ਬੰਗਲੂਰੂ ਦੇ ਬਾਹਰਵਾਰ ਰਿਜ਼ੌਰਟ ’ਚ ਤਬਦੀਲ ਕਰਨ ਦੀ ਯੋਜਨਾ ਬਣਾਈ ਹੈ। ਸਾਰੇ ਵਿਧਾਇਕਾਂ ਨੂੰ ਬੰਗਲੂਰੂ ਪਹੁੰਚਣ ਲਈ ਕਿਹਾ ਗਿਆ ਹੈ। ਸੂਤਰਾਂ ਨੇ ਦੱਸਿਆ ਕਿ ਜੇਕਰ ਪਾਰਟੀ ਨੂੰ ਬਹੁਮਤ ਨਾ ਮਿਲਦਾ ਤਾਂ ਵਿਧਾਇਕ ਨੂੰ ਜੈਪੁਰ ਰਿਜ਼ੌਰਟ ਭੇਜਿਆ ਜਾਣਾ ਸੀ।

ਅਹਿਮ ਦੱਖਣੀ ਸੂਬੇ ’ਚ ਜਿੱਤ ਮਗਰੋਂ ਕਾਂਗਰਸ ਦੇ ਦੇਸ਼ ਭਰ ’ਚ ਸਥਿਤ ਦਫ਼ਤਰਾਂ ਬੰਗਲੂਰੂ ਤੋਂ ਬੀਕਾਨੇਰ ਅਤੇ ਰਾਂਚੀ ਤੋਂ ਅਹਿਮਦਾਬਾਦ ਤੱਕ ਜਸ਼ਨ ਦਾ ਮਾਹੌਲ ਬਣ ਗਿਆ ਅਤੇ ਪਾਰਟੀ ਵਰਕਰ ਢੋਲ ਦੀ ਥਾਪ ’ਤੇ ਨੱਚਣ ਲੱਗ ਪਏ ਤੇ ਉਨ੍ਹਾਂ ਆਤਿਸ਼ਬਾਜ਼ੀ ਵੀ ਚਲਾਈ। ਕਾਂਗਰਸ ਲਈ ਕਰਨਾਟਕ ਚੋਣਾਂ ਵੱਡੀ ਚੁਣੌਤੀ ਸਨ ਕਿਉਂਕਿ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ’ਚ ਮੁੱਖ ਵਿਰੋਧੀ ਧਿਰ ਵਜੋਂ ਆਪਣੇ ਆਪ ਨੂੰ ਉਭਾਰਨ ਲਈ ਉਸ ਦਾ ਸਾਰਾ ਕੁਝ ਦਾਅ ’ਤੇ ਲੱਗਾ ਹੋਇਆ ਸੀ। ਸੂਬੇ ਦੇ ਅਗਲੇ ਮੁੱਖ ਮੰਤਰੀ ਦੀ ਦੌੜ ’ਚ ਸਭ ਤੋਂ ਅੱਗੇ ਕਾਂਗਰਸ ਆਗੂ ਸਿੱਧਾਰਮੱਈਆ ਨੇ ਆਸ ਜਤਾਈ ਕਿ 2024 ’ਚ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਬਣਨਗੇ। ਮੁੱਖ ਮੰਤਰੀ ਦੀ ਕੁਰਸੀ ਦੇ ਇਕ ਹੋਰ ਦਾਅਵੇਦਾਰ ਕਰਨਾਟਕ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਡੀ ਕੇ ਸ਼ਿਵਕੁਮਾਰ ਨੇ ਗਾਂਧੀ ਪਰਿਵਾਰ ਦੇ ਸੋਹਲੇ ਗਾਏ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਭਾਵੁਕ ਹੋਏ ਸ਼ਿਵਕੁਮਾਰ ਨੇ ਕਿਹਾ,“ਭਾਜਪਾ ਨੇ ਜਦੋਂ ਮੈਨੂੰ ਜੇਲ੍ਹ ਭੇਜਿਆ ਸੀ ਤਾਂ ਸੋਨੀਆ ਗਾਂਧੀ ਮੈਨੂੰ ਮਿਲਣ ਲਈ ਆਏ ਸਨ ਅਤੇ ਮੈਂ ਇਹ ਮੁਲਾਕਾਤ ਨਹੀਂ ਭੁੱਲ ਸਕਦਾ ਹਾਂ। ਮੈਂ ਗਾਂਧੀ ਪਰਿਵਾਰ ਅਤੇ ਖੜਗੇ ਨੂੰ ਯਕੀਨ ਦਿਵਾਇਆ ਸੀ ਕਿ ਕਰਨਾਟਕ ਕਾਂਗਰਸ ਦੀ ਝੋਲੀ ’ਚ ਪਾ ਕੇ ਰਹਾਂਗਾ।” ਚੋਣਾਂ ਦੌਰਾਨ ਬਜਰੰਗ ਦਲ, ਬਜਰੰਗ ਬਲੀ, ਭ੍ਰਿਸ਼ਟਾਚਾਰ, ਓਬੀਸੀ ਮੁਸਲਮਾਨਾਂ ਲਈ ਚਾਰ ਫ਼ੀਸਦੀ ਰਾਖਵਾਂਕਰਨ ਖ਼ਤਮ ਕਰਨ ਅਤੇ ਹਿਜਾਬ ਜਿਹੇ ਮੁੱਦੇ ਹਾਵੀ ਰਹੇ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ‘ਬਜਰੰਗ ਬਲੀ ਦੀ ਜੈ’ ਦੇ ਨਾਅਰੇ ਗੂੰਜਾ ਕੇ ਅਤੇ ਰੋਡ ਸ਼ੋਅ ਕਰਕੇ ਚੋਣ ਪ੍ਰਚਾਰ ਭਖਾਇਆ ਸੀ ਪਰ ਕਾਂਗਰਸ ਨੇ ਸਥਾਨਕ ਮੁੱਦਿਆਂ ’ਤੇ ਧਿਆਨ ਕੇਂਦਰਿਤ ਕੀਤਾ ਜਿਸ ਦੇ ਨਤੀਜੇ ਵਜੋਂ ਲੋਕਾਂ ਨੇ ਉਨ੍ਹਾਂ ਦੇ ਪੱਖ ’ਚ ਫ਼ਤਵਾ ਦਿੱਤਾ। ਚੋਣਾਂ ਤੋਂ ਪਹਿਲਾਂ ਬਸਵਰਾਜ ਬੋਮਈ ਦੀ ਅਗਵਾਈ ਹੇਠਲੀ ਸਰਕਾਰ ’ਤੇ ਵਰ੍ਹਦਿਆਂ ਕਾਂਗਰਸ ਨੇ ਦੋਸ਼ ਲਾਇਆ ਸੀ ਕਿ ਸੂਬੇ ’ਚ ‘40 ਫ਼ੀਸਦੀ ਕਮਿਸ਼ਨ’ ਵਾਲੀ ਸਰਕਾਰ ਹੈ। ਪਾਰਟੀ ਨੇ ਪੰਜ ਗਾਰੰਟੀਆਂ ਵੀ ਦਿੱਤੀਆਂ ਸਨ ਜਿਨ੍ਹਾਂ ’ਚ 200 ਯੂਨਿਟ ਮੁਫ਼ਤ ਬਿਜਲੀ ਅਤੇ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰਾਂ ਦੇ ਹਰੇਕ ਮੈਂਬਰ ਨੂੰ 10 ਕਿਲੋ ਮੁਫ਼ਤ ਚੌਲ ਦੇਣਾ ਸ਼ਾਮਲ ਸੀ। ਕਾਂਗਰਸ ਨੇ ਕਿਹਾ ਸੀ ਕਿ ਸੱਤਾ ’ਚ ਆਉਣ ’ਤੇ ਪਹਿਲੀ ਕੈਬਨਿਟ ਮੀਟਿੰਗ ’ਚ ਇਨ੍ਹਾਂ ਗਾਰੰਟੀਆਂ ਨੂੰ ਪ੍ਰਵਾਨਗੀ ਦਿੱਤੀ ਜਾਵੇਗੀ।




## ਆਰੀਅਨ ਖਾਨ ਕੇਸ: ਵਾਨਖੇੜੇ ਦੇ ਵਿਦੇਸ਼ੀ ਦੌਰੇ, ਮਹਿੰਗੀਆਂ ਘੜੀਆਂ ਸੀਬੀਆਈ ਜਾਂਚ ਦੇ ਘੇਰੇ ’ਚ

### ਐਫਆਈਆਰ ਦੇ ਜਨਤਕ ਕੀਤੇ ਗਏ ਵੇਰਵਿਆਂ ’ਚ ਕਈ ਅਹਿਮ ਪੱਖ ਸਾਹਮਣੇ ਆਏ

ਨਵੀਂ ਦਿੱਲੀ : ਐੱਨਸੀਬੀ ਦੇ ਸਾਬਕਾ ਅਧਿਕਾਰੀ ਸਮੀਰ ਵਾਨਖੇੜੇ ਵੱਲੋਂ ਕੀਤੇ ਗਏ ਵਿਦੇਸ਼ੀ ਦੌਰੇ ਸੀਬੀਆਈ ਦੀ ਜਾਂਚ ਦੇ ਘੇਰੇ ਵਿਚ ਹਨ। ਜ਼ਿਕਰਯੋਗ ਹੈ ਕਿ ਸੀਬੀਆਈ ਨੇ ਵਾਨਖੇੜੇ ਖ਼ ?ਲਾਫ਼ ਕੇਸ ਦਰਜ ਕੀਤਾ ਹੈ। ਇਹ ਮਾਮਲਾ ਸੁਪਰਸਟਾਰ ਸ਼ਾਹਰੁਖ਼ ਖਾਨ ਦੇ ਪੁੱਤਰ ਨੂੰ ਡਰੱਗ ਕੇਸ ਵਿਚ ਛੱਡਣ ਬਦਲੇ ਪਰਿਵਾਰ ਤੋਂ 25 ਕਰੋੜ ਰੁਪਏ ਰਿਸ਼ਵਤ ਮੰਗਣ ਨਾਲ ਜੁੜਿਆ ਹੋਇਆ ਹੈ।



ਨਾਰਕੋਟਿਕਸ ਕੰਟਰੋਲ ਬਿਊਰੋ ਦੀ ਵਿਸ਼ੇਸ਼ ਜਾਂਚ ਟੀਮ ਨੇ ਸਾਬਕਾ ਅਧਿਕਾਰੀ ਵਾਨਖੇੜੇ ਵੱਲੋਂ ਦਿੱਤੇ ਗਏ ਸਪੱਸ਼ਟੀਕਰਨ ਉਤੇ ਸਵਾਲ ਉਠਾਏ ਸਨ। ਉਨ੍ਹਾਂ ਸਾਬਕਾ ਜ਼ੋਨਲ ਡਾਇਰੈਕਟਰ ਵੱਲੋਂ ਆਪਣੇ ਵਿਦੇਸ਼ੀ ਦੌਰਿਆਂ ਦੇ ਖ਼ਰਚ ਬਾਰੇ ਦਿੱਤੀ ਗਈ ਸਫ਼ਾਈ ਨੂੰ ਸ਼ੱਕੀ ਦੱਸਿਆ ਸੀ। ਕੇਂਦਰ ਸਰਕਾਰ ਨੇ ਐੱਨਸੀਬੀ ਦੀ ਜਾਂਚ ਟੀਮ ਦੀ ਪੜਤਾਲ ਤੋਂ ਬਾਅਦ ਮਾਮਲਾ ਸੀਬੀਆਈ ਹਵਾਲੇ ਕਰ ਦਿੱਤਾ ਸੀ। ਕੇਂਦਰੀ ਜਾਂਚ ਬਿਊਰੋ ਵੱਲੋਂ 11 ਮਈ ਨੂੰ ਇਸ ਅਧਿਕਾਰੀ ਤੇ ਹੋਰਾਂ ਖ਼ ?ਲਾਫ਼ ਕੇਸ ਦਰਜ ਕੀਤਾ ਗਿਆ ਸੀ। ਜਾਂਚ ਟੀਮ ਦੀ ਪੜਤਾਲ ਵਿਚ ਕਿਹਾ ਗਿਆ ਸੀ ਕਿ ਵਾਨਖੇੜੇ ਮਹਿੰਗੀਆਂ ਗੁੱਟ ਘੜੀਆਂ ਦੀ ਖ਼ਰੀਦ-ਵੇਚ ਵਿਚ ਵੀ ਸ਼ਾਮਲ ਰਿਹਾ ਹੈ। ਉਸ ਨੇ ਇਸ ਬਾਰੇ ਵਿਭਾਗ ਨੂੰ ਜਾਣਕਾਰੀ ਨਹੀਂ ਦਿੱਤੀ। ਐਫਆਈਆਰ ਦੇ ਜਨਤਕ ਕੀਤੇ ਗਏ ਵੇਰਵਿਆਂ ਅਨੁਸਾਰ ਸਮੀਰ ਵਾਨਖੇੜੇ ਦੀਆਂ ਹਦਾਇਤਾਂ ’ਤੇ ਮਾਮਲੇ ਦੇ ਆਜ਼ਾਦ ਗਵਾਹਾਂ ਕੇਪੀ ਗੋਸਾਵੀ ਤੇ ਪ੍ਰਭਾਕਰ ਸੈਲ (ਮ੍ਰਿਤਕ) ਨੂੰ ਵੀ ਐੱਨਸੀਬੀ ਨੇ ਕਰੂਜ਼ ਸ਼ਿੱਪ ਵਿਚ ਮਾਰੇ ਡਰੱਗ ਛਾਪਿਆਂ ਦੌਰਾਨ ਕਾਰਵਾਈ ਵਿਚ ਆਪਣੇ ਨਾਲ ਸ਼ਾਮਲ ਕੀਤਾ ਸੀ। ਇਹ ਸਭ ਵਾਨਖੇੜੇ ਦੀਆਂ ਹਦਾਇਤਾਂ ਉਤੇ ਕੀਤਾ ਗਿਆ ਸੀ। ਇਹ ਛਾਪਾ 2 ਅਕਤੂਬਰ, 2021 ਨੂੰ ਮਾਰਿਆ ਗਿਆ ਸੀ। ਐਫਆਈਆਰ ਵਿਚ ਦਰਜ ਹੈ ਕਿ ਗੋਸਾਵੀ ਨੇ ਹੋਰਾਂ ਨਾਲ ਮਿਲ ਕੇ ਆਰੀਅਨ ਦੇ ਪਰਿਵਾਰ ਤੋਂ 25 ਕਰੋੜ ਰੁਪਏ ਲੈਣ ਦੀ ਸਾਜ਼ਿਸ਼ ਘੜੀ ਸੀ। ਐਫਆਈਆਰ ਮੁਤਾਬਕ ਆਰੀਅਨ ਖਾਨ ਤੇ ਹੋਰਾਂ ਨੂੰ ਗੋਸਾਵੀ ਦੇ ਪ੍ਰਾਈਵੇਟ ਵਾਹਨ ਵਿਚ ਐੱਨਸੀਬੀ ਦੇ ਦਫ਼ਤਰ ਲਿਆਂਦਾ ਗਿਆ ਸੀ।

## ਵਿਨਾਸ਼ਕਾਰੀ ਭੋਜਨ ਸੰਕਟ ਦਾ ਸਾਹਮਣਾ ਕਰ ਰਿਹਾ ਅਫ਼ਗਾਨਿਸਤਾਨ

### ਕੁਪੋਸ਼ਣ ਕਾਰਨ ਹਜ਼ਾਰਾਂ ਬੱਚਿਆਂ ਦੀ ਹੋ ਸਕਦੀ ਹੈ ਮੌਤ

ਕਾਬੁਲ : ਅਫ਼ਗਾਨਿਸਤਾਨ ਤਾਲਿਬਾਨ ਸ਼ਾਸਨ ਦੇ ਮਾੜੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ ਦੁਨੀਆ ਦੇ ਸਭ ਤੋਂ ਵੱਡੇ ਮਨੁੱਖੀ ਸੰਕਟ ਦਾ ਸਾਹਮਣਾ ਕਰ ਰਹੀ ਹੈ। ਤਾਲਿਬਾਨ ਨੇ ਅਗਸਤ ਵਿਚ ਦੇਸ਼ ਵਿਚ ਸੱਤਾ ’ਤੇ ਕਬਜ਼ਾ ਕਰ ਲਿਆ ਸੀ, ਅਤੇ ਉਦੋਂ ਤੋਂ ਹਾਲਾਤ ਹੋਰ ਵਿਗੜ ਗਏ ਹਨ।

ਜਨਤਾ ਭੁੱਖਮਰੀ ਨਾਲ ਜੂਝ ਰਹੀ ਹੈ ਅਤੇ ਅਫਗਾਨਿਸਤਾਨ ਦੇ ਲੋਕ ਭੋਜਨ ਲਈ ਆਪਣੇ ਬੱਚੇ ਵੇਚਣ ਲਈ ਮਜਬੂਰ ਹੋ ਰਹੇ ਹਨ। ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਫਗਾਨਿਸਤਾਨ ਉਨ੍ਹਾਂ ਸੱਤ ਦੇਸ਼ਾਂ ਵਿੱਚੋਂ ਇੱਕ ਹੈ ਜੋ ਭੋਜਨ ਸੰਕਟ ਦੇ ਵਿਨਾਸ਼ਕਾਰੀ ਪੱਧਰ ਦਾ ਸਾਹਮਣਾ ਕਰ ਰਹੇ ਹਨ।

**ਵਿਸ਼ਵ ਬੈਂਕ ਦੀ ਰਿਪੋਰਟ ’ਚ ਵੱਡਾ ਦਾਅਵਾ-** ਖਾਮਾ ਪ੍ਰੈਸ ਦੇ ਹਵਾਲੇ ਨਾਲ ਵਿਸ਼ਵ ਬੈਂਕ ਦੀ ਇੱਕ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ। ਰਿਪੋਰਟ ਦੇ ਅਨੁਸਾਰ, ਭੋਜਨ ਦੇ ਤਣਾਅ ਵਾਲੇ ਸੱਤ ਦੇਸ਼ਾਂ ਵਿੱਚ ਅਫਗਾਨਿਸਤਾਨ, ਬੁਰਕੀਨਾ ਫਾਸੋ, ਹੈਤੀ, ਨਾਈਜੀਰੀਆ, ਸੋਮਾਲੀਆ, ਦੱਖਣੀ ਸੂਡਾਨ ਅਤੇ ਯਮਨ ਸ਼ਾਮਲ ਹਨ। 2017 ਵਿੱਚ ਖ਼ੁਰਾਕ ਸੰਕਟ ’ਤੇ ਗਲੋਬਲ ਰਿਪੋਰਟ ਦੇ ਅੰਕੜਿਆਂ ਦੀ ਰਿਪੋਰਟਿੰਗ ਸ਼ੁਰੂ ਹੋਣ ਤੋਂ ਬਾਅਦ ਇਨ੍ਹਾਂ ਦੇਸ਼ਾਂ ਵਿੱਚ ਭੋਜਨ ਸੰਕਟ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਗਿਣਤੀ ਵਿੱਚ ਸਭ ਤੋਂ ਵੱਧ ਵਾਧਾ ਹੋਇਆ ਹੈ।



**ਕੁਪੋਸ਼ਣ ਕਾਰਨ ਹਜ਼ਾਰਾਂ ਕਮਜ਼ੋਰ ਬੱਚੇ ਮਰ ਜਾਣਗੇ** - ਇਸ ਦੌਰਾਨ, ਯੂਨੀਸੈਫ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਅਫਗਾਨਿਸਤਾਨ ਦੇਸ਼ ਵਿੱਚ ਇੱਕ ਵਿਆਪਕ ਮਨੁੱਖੀ ਸੰਕਟ ਦੇ ਵਿਚਕਾਰ ਫੰਡਾਂ ਦੀ ਘਾਟ ਕਾਰਨ ਮਹੱਤਵਪੂਰਨ ਖ਼ੁਰਾਕ ਸਹਾਇਤਾ ਦੀ ਕਮੀ ਦਾ ਸਾਹਮਣਾ ਕਰ ਰਿਹਾ ਹੈ। ਸੰਯੁਕਤ ਰਾਸ਼ਟਰ ਚਿਲਡਰਨ ਫੰਡ (ਯੂਨੀਸੇਫ) ਦੀ ਪੋਸ਼ਣ ਦੀ ਮੁਖੀ ਮੇਲਾਨੀ ਗਾਲਵਿਨ ਨੇ ਟਵਿੱਟਰ ’ਤੇ ਇਕ ਵੀਡੀਓ ਸੰਦੇਸ਼ ਵਿਚ ਦਾਅਵਾ ਕੀਤਾ ਕਿ ‘ਇਕੱਲੇ ਇਸ ਸਾਲ ਅਫਗਾਨਿਸਤਾਨ ਵਿਚ ਹਜ਼ਾਰਾਂ ਕਮਜ਼ੋਰ ਬੱਚੇ ਗੰਭੀਰ ਕੁਪੋਸ਼ਣ ਕਾਰਨ ਮਰ ਸਕਦੇ ਹਨ।’ ਗਾਲਵਿਨ ਨੇ ਅੱਗੇ ਕਿਹਾ ਕਿ ਵਿਸ਼ਵ ਖ਼ੁਰਾਕ ਸੰਗਠਨ ਦੇਸ਼ ਭਰ ਵਿੱਚ ਕੁਪੋਸ਼ਣ ਅਤੇ ਸਿਹਤ ਕਰਮਚਾਰੀਆਂ ਦੇ ਇਲਾਜ ਲਈ 21 ਮਿਲੀਅਨ ਡਾਲਰ ਦੇ ਫੌਰੀ ਫੰਡਿੰਗ ਪਾੜੇ ਦਾ ਸਾਹਮਣਾ ਕਰ ਰਿਹਾ ਹੈ।

**ਭੋਜਨ ਦੀ ਕਮੀ** - ਇੰਨਾ ਹੀ ਨਹੀਂ, ਸੰਸਥਾ ਰੈਡੀ-ਟੂ-ਯੂਜ਼ ਥੈਰੇਪਿਊਟਿਕ ਫੂਡ (ਆਰ.ਯੂ.ਟੀ.ਐੱਫ.) ਦੀ ਕਮੀ ਦਾ ਵੀ ਸਾਹਮਣਾ ਕਰ ਰਹੀ ਹੈ। ਖਾਮਾ ਪ੍ਰੈਸ ਦੇ ਅਨੁਸਾਰ, RUTF ਨੂੰ ਇੱਕ ਜ਼ਰੂਰੀ ਰੈਡੀਮੇਡ ਭੋਜਨ ਪੂਰਕ ਮੰਨਿਆ ਜਾਂਦਾ ਹੈ ਜੋ ਕੁਪੋਸ਼ਣ ਤੋਂ ਪੀੜਤ ਬੱਚਿਆਂ ਨੂੰ ਠੀਕ ਹੋਣ ਲਈ ਦਿੱਤਾ ਜਾਂਦਾ ਹੈ। ਸਾਲਾਂ ਦੇ ਸੰਘਰਸ਼, ਗਰੀਬੀ ਅਤੇ ਭਿਆਨਕ ਆਰਥਿਕਤਾ ਦੇ ਨਤੀਜੇ ਵਜੋਂ ਲੋਕ ਭੁੱਖੇ ਮਰ ਰਹੇ ਹਨ। ਯੂਨੀਸੇਫ ਨੇ ਆਪਣੀ ਰਿਪੋਰਟ ’ਚ ਕਿਹਾ ਹੈ ਕਿ ਅਫ਼ਗਾਨਿਸਤਾਨ ਦੁਨੀਆ ਦੇ ਸਭ ਤੋਂ ਭਿਆਨਕ ਮਨੁੱਖੀ ਸੰਕਟਾਂ ’ਚੋਂ ਇਕ ਹੈ। ਇਸ ਸਾਲ 28 ਮਿਲੀਅਨ ਤੋਂ ਵੱਧ ਲੋਕਾਂ ਨੂੰ ਮਾਨਵਤਾਵਾਦੀ ਅਤੇ ਸੁਰੱਖਿਆ ਸਹਾਇਤਾ ਦੀ ਲੋੜ ਹੈ, ਜਿਸ ਵਿੱਚ 15 ਮਿਲੀਅਨ ਤੋਂ ਵੱਧ ਬੱਚੇ ਸ਼ਾਮਲ ਹਨ।

# ਐਕਯੂਪ੍ਰੈਸ਼ਰ ਦੇ ਚਮਤਕਾਰ

**ਸਿੰਘ ਐਕਯੂਪ੍ਰੈਸ਼ਰ ਥੈਰਪੀ ਦੁਆਰਾ ਵਿਗੜੇ ਹੋਏ ਅਨੇਕਾ ਰੋਗਾਂ ਦਾ ਕੰਨਾਂ, ਹੱਥਾਂ-ਪੈਰਾਂ ਅਤੇ ਸਰੀਰ ਦੇ ਐਕਯੂਰੇਟ ਪੁਆਇੰਟਾ 'ਤੇ ਪ੍ਰੈਸ਼ਰ ਦੇ ਕੇ ਹੇਠ ਲਿਖੇ ਕੁਦਰਤੀ ਇਲਾਜ ਕੀਤੇ ਜਾਂਦੇ ਹਨ ਜਿਵੇ:-**








ਗਰਦਨ, ਮੋਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ-ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ-ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ, ਨਵੀ ਟਕਨੀਕ ਨਾਲ ਕੰਨ, ਹੱਥਾਂ-ਪੈਰਾਂ ਤੇ ਪ੍ਰੈਸ਼ਰ ਦੇ ਕੇ ਚਮਤਕਾਰੀ ਇਲਾਜ ਕੀਤਾ ਜਾਂਦਾ ਹੈ।

**ਭੁਪਿੰਦਰ ਸਿੰਘ ਐਕਯੂਪ੍ਰੈਸ਼ਰ ਸਪੈਸ਼ਲਿਸਟ ( USA & India)**

**ਸਿੰਘ ਐਕਯੂਪ੍ਰੈਸ਼ਰ Ph : 209 -505-1988**

Address :- 3327 Costantino Circle, Stockton, CA 95212

Call Only 9am to 6pm

We Accept All major Credit Cards

# ਹੋਮਿਓਪੈਥੀ ਦੇ ਚਮਤਕਾਰ

**ਸਿੰਘ ਹੋਮਿਓਪੈਥੀ ਤੋਂ ਹੇਠ ਲਿਖੇ ਰੋਗਾਂ ਦੀ ਰੈਮਡੀ (Remedy) ਲੈ ਸਕਦੇ ਹੋ**






ਗਰਦਨ, ਮੋਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ-ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ-ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ ਅਤੇ ਹੋਰ ਅਨੇਕਾ ਰੋਗ।

## ਸਿੰਘ ਹੋਮਿਓਪੈਥੀ: Ph : 209 -505-1988

Call Only 9am to 6pm

We Accept All major Credit Cards

*Homeopathy Medicine Not FDA Approved*

Pad Advertisement

# ਰਾਜਪੁਰਾ (ਪੰਜਾਬ) ਵਿਖੇ ਵਿਸ਼ਵ ਹਾਸ ਦਿਵਸ ਨੂੰ ਸਮਰਪਿਤ ਸਾਹਿਤਕ ਸਮਾਗਮ ਹੋਇਆ




ਰਾਜਪੁਰਾ, (ਪ੍ਰਮਿੰਦਰ ਸਿੰਘ 'ਪ੍ਰਵਾਨਾ'/ਡਾ. ਅਮਨ) : ਲੋਕ ਸਾਹਿਤ ਸੰਗਮ ਰਾਜਪੁਰਾ ਦਾ ਸਾਹਿਤਕ ਸਮਾਗਮ ਡਾ. ਗੁਰਵਿੰਦਰ ਸਿੰਘ ਅਮਨ ਦੀ ਪ੍ਰਧਾਨਗੀ ਹੇਠ ਰੋਟਰੀ ਭਵਨ ਵਿਖੇ ਹੋਇਆ, ਜੋ ਵਿਸ਼ਵ ਹਾਸ ਦਿਵਸ ਨੂੰ ਸਮਰਪਿਤ ਸੀ। ਵਿਸ਼ਵ ਹਾਸ ਦਿਵਸ ਜੋ ਜਲਾਈ ਦੇ ਪਹਿਲੇ ਐਤਵਰ ਮਨਾਇਆ ਜਾਂਦਾ ਹੈ। ਇਸ ਦੀ ਸ਼ੁਰੂਆਤ 11 ਜਨਵਰੀ 1998 ਨੂੰ ਮੁੰਬਈ ਤੋਂ ਹੋਈ ਸੀ। ਇਸ ਨੂੰ ਡਾ. ਮਦਨ ਕਟਾਰੀਆ ਨੇ 'ਲਾਫਟਰ, ਯੋਗਾ ਮੂਵਮੈਂਟ' ਵਜੋਂ ਸ਼ੁਰੂ ਕੀਤਾ ਸੀ। ਦੁਨੀਆ ਭਰ ਵਿਚ ਇਸਦੇ ਕਲੱਬ ਹਨ। ਅੱਜ ਜਦੋਂ ਲੋਕਾਂ ਕੋਲ ਹੱਸਣ ਦਾ ਸਮਾਂ ਨਹੀਂ ਹੈ। ਬਿਮਾਰੀਆਂ ਵੱਧ ਰਹੀਆਂ ਹਨ। ਇਕ ਧਾਰਨਾ ਹੈ ਕਿ ਜੇਕਰ ਸਵੇਰੇ ਹੱਸਿਆ ਜਾਵੇ ਤਾਂ ਸ਼ਾਂਤੀ ਮਿਲਦੀ ਹੈ। ਬਿਮਾਰੀਆਂ ਦੂਰ ਹੁੰਦੀਆਂ ਹਨ।

ਸਮਾਗਮ ਦਾ ਆਰੰਭ ਸੁਚੇਤ ਗ਼ਜ਼ਲਗੋਅਵਤਾਰ ਸਿੰਘ ਪੁਆਰ ਦੀ ਗਜ਼ਲ 'ਪੌਣਾਂ ਦੇ ਵਿਚ ਉਪਜਿਆ ਜੋ ਰੋਸ ਹੈ। ਮੌਸਮਾਂ ਦੇ ਸਿਰ ਇਨ੍ਹਾ ਦਾ ਦੋਸ਼ ਹੈ, ਨਾਲ ਹੋਇਆ। ਗਿ. ਰਣਜੀਤ ਸਿੰਘ ਫਤਹਿਗੜ੍ਹ ਸਾਹਿਬ ਦੀ ਕਵਿਤਾ 'ਦਿਲ ਕਰਦਾ ਹੈ ਰੱਬ ਬਣ ਜਾਵਾਂ। ਸਭ 'ਤੇ ਹੁਕਮ ਚਲਾਵਾਂ।' ਪ੍ਰੋ. ਸ਼ਤਰੂਘਨ ਗੁਪਤਾ 'ਨਰ ਹਿੰਦੀ ਕਵਿਤਾ ਜਿਨ੍ਹਾਂ ਸਲੱਭ ਹੋ ਜਾਇਗਾ।' ਸੁਨੀਤਾ ਦੇਸ ਰਾਜ ਨੇ 'ਸਮਾਂ ਸਥਾਨ ਸਭ ਖਤਮ ਹੋ ਜਾਂਦੇ' ਸੁਣਾਈ। ਸੂਫ਼ੀ ਸ਼ਾਇਰਾ ਸੁਰਿੰਦਰ ਕੌਰ ਬਾੜਾ ਨੇ 'ਕਰ ਲੈ ਦਿਲ ਦੀ ਸਫ਼ਾਈ ਜੇ ਦਿਲਦਾਰ ਚਾਹੀਦਾ ਨਾ ਮੈਂ ਰਾਂਝਾ ਨਾ ਮੈਂ ਬਣੀ ਹੀਰ ਵੇ।' ਕੁਲਵੰਤ ਸਿੰਘ ਜੱਸਲ ਨੇ ਵਿਅੰਗਾਤਮਕ ਗੀਤ 'ਬੱਸਾਂ ਦੇ ਅੱਜ ਕੱਲ੍ਹ ਰਹਿੰਦਾ ਰਸ ਕੁੜੇ'। ਥਾਣੇਦਾਰ ਰਵਿੰਦਰ ਕ੍ਰਿਸ਼ਨ ਨੇ ਵਿਛੜੇ ਮਕਬੂਲ ਗਾਇਕ ਨੂੰ ਸ਼ਰਧਾਂਜਲੀਨੁਮਾ ਗੀਤ ਸੁਣਾਇਆ। ਵਿਦੇਸ਼ੀ ਫੇਰੀ ਤੋਂ ਪਰਤੇ ਕਰਮ ਸਿੰਘ ਹਕੀਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਲੱਖਾਂ ਬਦਲੇ ਸੌਦਾ ਕਰਕੇ ਬਹਿ ਗਏ ਕੱਖਾਂ ਦਾ ਡਾਲਰ ਕੱਠੇ ਕਰਦੇ, ਹੀਰੇ ਲਾਲ ਗੁਵਾ ਬੈਠੇ' ਸੁਣਾ ਕੇ ਪ੍ਰਵਾਸ ਦਾ ਦਰਦ ਬਿਆਨਿਆ। ਲੋਕ ਕੀ ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਨੇ ਜਿੰਨੇ ਰੱਬ ਬਣੇ ਸੀ ਬਾਬੇ ਭੁਗਤ ਰਹੇ ਨੇ ਕੇਸਾਂ ਨੂੰ ਸੁਣਾ ਕੇ ਵਿਅੰਗ ਕੀਤਾ। ਚੇਅਰਮੈਨ ਹਰਜੀਤ ਸਿੰਘ ਸੱਧਰ ਨੇ ਰਫਤਾ ਰਫਤਾ ਰਿਸ਼ਤਿਆਂ 'ਚੋਂ ਪਿਆਰ ਮਨਫ਼ੀ ਹੋ ਰਿਹਾ, ਹਰ ਤਰਫ਼ ਇਕਰਾਰ ਤੇ ਇਤਬਾਰ ਮਨਫੀ ਹੋ ਰਿਹਾ ਨਾਲ ਪ੍ਰਪਕ ਸ਼ਾਇਰੀ ਦਾ ਸਬੂਤ ਦਿੱਤਾ। ਡਾ. ਗੁਰਵਿੰਦਰ ਸਿੰਘ ਅਮਨ ਪ੍ਰਧਾਨ ਨੇ ਮਿੰਨੀ ਕਹਾਣੀ 'ਸ਼ਰਾਧ' ਸੁਣਾ ਕੇ ਵਿਅੰਗਾਤਮਕ ਢੰਗ ਨਾਲ ਵਹਿਮਾਂ 'ਤੇ ਤਿੱਖੀ ਚੋਟ ਮਾਰੀ। ਬਲਦੇਵ ਸਿੰਘ ਖੁਰਾਣਾ ਨੇ ਆਪਣੀ ਨਿਵੇਕਲੀ ਸ਼ੈਲੀ ਵਿਚ ਵਿਅੰਗ ਸੁਣਾਇਆ। ਉਨ੍ਹਾਂ ਮੰਗ ਸੰਚਾਲਨ ਵੀ ਬਾਖ਼ੂਬੀ ਨਿਭਾਇਆ। ਇਕ ਯਾਦਗਾਰੀ ਤਸਵੀਰ ਨਾਲ ਰੋਚਿਕ ਬੋਧਿਕ ਅਤੇ ਉਸਾਰੂ ਸਮਾਗਮ ਬੜੀ ਸਫ਼ਲਤਾ ਨਾਲ ਸੰਪੰਨ ਹੋਇਆ।

# ਜਥੇਦਾਰ ਤਲਵੰਡੀ ਤੇ ਭਾਈ ਅਮਰਜੀਤ ਸਿੰਘ ਦੀਆਂ ਤਸਵੀਰਾਂ ਅਜਾਇਬ ਘਰ 'ਚ ਲਾਈਆਂ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬ ਘਰ 'ਚ ਦੋ ਸਿੱਖ ਸ਼ਖ਼ਸੀਅਤਾਂ ਜਥੇਦਾਰ ਦਲੀਪ ਸਿੰਘ ਤਲਵੰਡੀ ਤੇ ਭਾਈ ਅਮਰਜੀਤ ਸਿੰਘ ਖੇਮਕਰਨ ਦੀਆਂ ਤਸਵੀਰਾਂ ਲਾਈਆਂ ਗਈਆਂ। ਜਥੇਦਾਰ ਦਲੀਪ ਸਿੰਘ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਰਹੇ ਹਨ, ਜਦਕਿ ਭਾਈ ਅਮਰਜੀਤ ਸਿੰਘ ਖੇਮਕਰਨ 1984 'ਚ ਸ੍ਰੀ ਦਰਬਾਰ ਸਾਹਿਬ ਵਿਖੇ ਹੋਏ ਫ਼ੌਜੀ ਹਮਲੇ ਦੌਰਾਨ ਸ਼ਹੀਦ ਹੋ ਗਏ ਸਨ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਜਥੇਦਾਰ ਦਲੀਪ ਸਿੰਘ ਤਲਵੰਡੀ ਨੇ ਲੰਮਾਂ ਸਮਾਂ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਵਜੋਂ ਸੇਵਾਵਾਂ ਨਿਭਾਈਆਂ ਅਤੇ ਉਨ੍ਹਾਂ ਨੇ ਜੈਤੋ ਦੇ ਮੋਰਚੇ ਅਤੇ ਪੰਜਾਬੀ ਸੂਬਾ ਮੋਰਚਾ ਵਿਚ ਸਰਗਰਮ ਭੂਮਿਕਾ ਨਿਭਾਈ ਸੀ। ਇਸੇ ਤਰ੍ਹਾਂ ਭਾਈ ਅਮਰਜੀਤ ਸਿੰਘ ਖੇਮਕਰਨ ਨੇ 1984 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਦੌਰਾਨ ਸ਼ਹੀਦੀ ਪ੍ਰਾਪਤ ਕੀਤੀ ਸੀ। ਇਸ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਕਵੀਸ਼ਰ ਭਾਈ ਨਿਸ਼ਾਨ ਸਿੰਘ ਝਬਾਲ ਦੀ ਲਿਖੀ ਕਿਤਾਬ 'ਆਸ਼ਕ ਅਜ਼ਾਦੀ ਦੇ' ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦਾਂ ਦੇ ਪਰਿਵਾਰਾਂ ਤੇ ਪੰਥਕ ਆਗੂਆਂ ਵੱਲੋਂ ਰਿਲੀਜ਼

## *ਸ਼ਹੀਦਾਂ ਦਾ ਇਤਿਹਾਸ ਲਿਖਣਾ ਸ਼ਲਾਘਾਯੋਗ ਕਾਰਜ : ਭਾਈ ਰਣਜੀਤ ਸਿੰਘ*



ਅੰਮ੍ਰਿਤਸਰ : ਪੰਥ ਪ੍ਰਸਿੱਧ ਕਵੀਸ਼ਰ ਭਾਈ ਨਿਸ਼ਾਨ ਸਿੰਘ ਝਬਾਲ ਵੱਲੋਂ ਲਿਖੀ ਆਸ਼ਕ ਅਜ਼ਾਦੀ ਦੇ ਕਿਤਾਬ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦ ਜਨਰਲ ਸਬੇਗ ਸਿੰਘ ਦੇ ਭਰਾ ਭਾਈ ਬੇਅੰਤ ਸਿੰਘ, ਸ਼ਹੀਦ ਬਲਜਿੰਦਰ ਸਿੰਘ ਰਾਜੂ ਦੇ ਮਾਤਾ ਬੀਬੀ ਸੁਰਜੀਤ ਕੌਰ, ਸ਼ਹੀਦ ਪਰਮਜੀਤ ਸਿੰਘ ਤੁਗਲਵਾਲ ਦੀ ਸੁਪਤਨੀ ਬੀਬੀ ਕੁਲਵਿੰਦਰ ਕੌਰ, ਖ਼ਾਲਿਸਤਾਨੀ ਚਿੰਤਕ ਭਾਈ ਸਰਬਜੀਤ ਸਿੰਘ ਘੁਮਾਣ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਭਾਈ ਬਲਵੰਤ ਸਿੰਘ ਗੋਪਾਲਾ ਅਤੇ ਭਾਈ ਭੁਪਿੰਦਰ ਸਿੰਘ ਛੇ ਜੂਨ ਵੱਲੋਂ ਖ਼ਾਲਸਾਈ ਜੈਕਾਰਿਆਂ ਦੀ ਗੂੰਜ ਵਿੱਚ ਰਿਲੀਜ਼ ਕੀਤੀ ਗਈ।

ਇਸ ਮੌਕੇ ਫ਼ੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ 240 ਪੰਨਿਆਂ ਦੀ ਛਪੀ ਇਸ ਕਿਤਾਬ 'ਚ ਸ਼ਹੀਦ ਜਨਰਲ ਸ਼ਬੇਗ ਸਿੰਘ, ਸ਼ਹੀਦ ਸਤਵੰਤ ਸਿੰਘ, ਸ਼ਹੀਦ ਬੇਅੰਤ ਸਿੰਘ, ਸ਼ਹੀਦ ਕਸ਼ਮੀਰ ਸਿੰਘ ਸ਼ੀਰਾ ਪੱਟੀ, ਸ਼ਹੀਦ ਕਾਰਜ ਸਿੰਘ ਥਾਂਦੇ, ਸ਼ਹੀਦ ਸੁਰਜੀਤ ਸਿੰਘ ਵਲਟੋਹਾ, ਸੱਚਖੰਡਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਤੇ ਸੰਤ ਬਾਬਾ ਠਾਕੁਰ ਸਿੰਘ ਜੀ ਦੀਆਂ ਜੀਵਨੀਆਂ ਪ੍ਰਸੰਗ ਅਤੇ ਵਾਰਾਂ ਸਮੇਤ ਛਾਪੀਆਂ ਗਈਆਂ ਹਨ। ਇਹ ਕਿਤਾਬ ਅਦਾਰਾ ਖ਼ਾਲਸਾ ਫਤਹਿਨਾਮਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਕਵੀਸ਼ਰ ਭਾਈ ਨਿਸ਼ਾਨ ਸਿੰਘ ਝਬਾਲ ਇਸ ਸਮੇਂ ਕੈਨੇਡਾ ਪ੍ਰਚਾਰ ਦੌਰੇ 'ਤੇ ਹਨ ਤੇ ਕੁਝ ਦਿਨਾਂ ਤੱਕ ਇਹ ਕਿਤਾਬ ਕੈਨੇਡਾ 'ਚ ਵੀ ਜਾਰੀ ਹੋਵੇਗੀ।

ਸ਼ਹੀਦ ਕਸ਼ਮੀਰ ਸਿੰਘ ਸ਼ੀਰਾ ਦੇ ਭਤੀਜੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਪੁਰਾਤਨ ਸਿੱਖ ਇਤਿਹਾਸ ਨੂੰ ਤਾਂ ਅਨੇਕਾਂ ਢਾਡੀ ਅਤੇ ਕਵੀਸ਼ਰੀ ਜਥੇ ਗਾਉਂਦੇ ਹਨ ਪਰ ਮੌਜੂਦਾ ਸੰਘਰਸ਼ ਬਾਰੇ ਕੋਈ ਵਿਰਲਾ ਜਥਾ ਹੀ ਬੋਲਣ ਦੀ ਹਿੰਮਤ ਕਰਦਾ ਹੈ। ਭਾਈ ਨਿਸ਼ਾਨ ਸਿੰਘ ਝਬਾਲ ਅਤੇ ਭਾਈ ਸਤਨਾਮ ਸਿੰਘ ਸੱਤਾ ਦਾ ਨਾਂ ਉਹਨਾਂ ਗੁਰਸਿੱਖਾਂ ਦੀ ਕਤਾਰ 'ਚ ਮੋਹਰੀ ਹੈ ਜੋ ਹਰੇਕ ਸਟੇਜ 'ਤੇ ਨਿਧੜਕ ਹੋ ਕੇ ਖ਼ਾਲਿਸਤਾਨੀ ਜਰਨੈਲਾਂ ਤੇ ਯੋਧਿਆਂ ਦਾ ਇਤਿਹਾਸ ਸੰਗਤਾਂ ਨੂੰ ਸ੍ਰਵਣ ਕਰਵਾਉਂਦੇ ਹਨ ਤੇ ਹੁਣ ਉਹਨਾਂ ਨੇ ਸ਼ਹੀਦਾਂ ਦੇ ਜੀਵਨ ਤੇ ਵਾਰਾਂ ਨੂੰ ਕਲਮਬੰਦ ਕਰਨ ਦਾ ਉਪਰਾਲਾ ਵੀ ਕਰ ਦਿੱਤਾ ਹੈ ਜਿਸ ਦੀ ਅਸੀਂ ਭਰਪੂਰ ਸ਼ਲਾਘਾ ਕਰਦੇ ਹਾਂ। ਇਸ ਮੌਕੇ ਫ਼ੈਡਰੇਸ਼ਨ ਦੇ ਗਗਨਦੀਪ ਸਿੰਘ ਸੁਲਤਾਨਵਿੰਡ, ਮਨਪ੍ਰੀਤ ਸਿੰਘ ਮੰਨਾ, ਪੀਂਘਾਂ ਸੋਚ ਦੀਆਂ ਦੇ ਪ੍ਰਧਾਨ ਰਸ਼ਪਿੰਦਰ ਕੌਰ ਗਿੱਲ, ਸੁਖਵਿੰਦਰ ਸਿੰਘ ਨਿਜ਼ਾਮਪੁਰ ਆਦਿ ਹਾਜ਼ਰ ਸਨ।

# ਬੰਬੀਹਾ ਗੈਂਗ ਦੇ 7 ਬਦਮਾਸ਼ਾਂ ਖਿਲਾਫ਼ ਚਾਰਜਸ਼ੀਟ ਦਾਖ਼ਲ

ਚੰਡੀਗੜ੍ਹ - ਸਥਾਨਕ ਪੁਲਿਸ ਨੇ ਬੰਬੀਹਾ ਗਿਰੋਹ ਦੇ ਸੱਤ ਬਦਮਾਸ਼ਾਂ ਖ਼ਿਲਾਫ਼ ਜ਼ਿਲ੍ਹਾ ਅਦਾਲਤ ਵਿਚ ਚਾਰਜਸ਼ੀਟ ਦਾਖਲ ਕੀਤੀ ਹੈ। ਆਪ੍ਰੇਸ਼ਨ ਸੈੱਲ ਨੇ ਇਨ੍ਹਾਂ ਬਦਮਾਸ਼ਾਂ ਨੂੰ ਉਸ ਸਮੇਂ ਕਾਬੂ ਕੀਤਾ ਜਦੋਂ ਉਹ ਕਾਰੋਬਾਰੀਆਂ ਨੂੰ ਡਰਾ ਧਮਕਾ ਕੇ ਲੁੱਟਣ ਦੀ ਕੋਸ਼ਿਸ਼ ਕਰ ਰਹੇ ਸਨ। ਪੁਲਿਸ ਨੇ ਮੁਲਜ਼ਮ ਮੰਨੂ ਬੱਤਾ, ਅਮਨ ਕੁਮਾਰ, ਸੰਜੀਵ ਕੁਮਾਰ, ਕਮਲਦੀਪ, ਚੇਤਨ, ਮੁਕੁਲ ਰਾਣਾ ਅਤੇ ਜਿੰਮੀ ਬਾਂਸਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਖਿਲਾਫ਼ ਆਈਪੀਸੀ ਦੀ ਧਾਰਾ 384 ਤਹਿਤ 386, 120-ਬੀ ਅਤੇ ਅਸਲਾ ਐਕਟ ਦੀਆਂ ਧਾਰਾਵਾਂ 25, 54 ਅਤੇ 59 ਦੇ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

ਇਨ੍ਹਾਂ ਬਦਮਾਸ਼ਾਂ ਨੂੰ ਇੰਸਪੈਕਟਰ ਅਮਨਜੋਤ ਸਿੰਘ ਦੀ ਅਗਵਾਈ ਹੇਠ ਆਪਰੇਸ਼ਨ ਸੈੱਲ ਦੀ ਟੀਮ ਨੇ ਬੀਤੀ ਮਾਰਚ ਵਿਚ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਕੋਲੋਂ ਪੁਆਇੰਟ 32 ਬੋਰ ਦੇ ਤਿੰਨ ਪਿਸਤੌਲ, ਇੱਕ ਰਿਵਾਲਵਰ ਅਤੇ 23 ਗੋਲੀਆਂ ਬਰਾਮਦ ਹੋਈਆਂ ਹਨ। ਪੁਲਿਸ ਨੇ ਦਾਅਵਾ ਕੀਤਾ ਹੈ ਕਿ ਇਹ ਸਾਰੇ ਬਦਮਾਸ਼ ਗੈਂਗਸਟਰ ਗੌਰਵ ਪਟਿਆਲ ਉਰਫ਼ ਲੱਕੀ ਪਟਿਆਲ ਅਤੇ ਪ੍ਰਿੰਸ ਦੇ ਇਸ਼ਾਰੇ 'ਤੇ ਸ਼ਹਿਰ ਦੇ ਕਲੱਬਾਂ, ਸ਼ਰਾਬ ਦੀਆਂ ਦੁਕਾਨਾਂ ਅਤੇ ਹੋਟਲ ਮਾਲਕਾਂ ਤੋਂ ਪੈਸੇ ਵਸੂਲਦੇ ਸਨ।

ਮਾਰਚ 2023 ਵਿਚ ਚੰਡੀਗੜ੍ਹ ਪੁਲਿਸ ਦੇ ਆਪਰੇਸ਼ਨ ਸੈੱਲ ਦੀ ਟੀਮ ਗਸ਼ਤ 'ਤੇ ਸੀ। ਇਸ ਦੌਰਾਨ ਮੁਖਬਰ ਨੇ ਦੱਸਿਆ ਕਿ ਗੌਰਵ ਪਟਿਆਲ ਅਤੇ ਉਸ ਦੇ ਸਾਥੀ ਪ੍ਰਿੰਸ ਕੁਰਾਲੀ ਬਾਰੇ ਕੁਝ ਖਾਸ ਜਾਣਕਾਰੀ ਹੈ। ਮੁਖਬਰ ਨੇ ਦੱਸਿਆ ਕਿ ਇਹ ਮੁਲਜ਼ਮ ਵਿਦੇਸ਼ ਤੋਂ ਵਟਸਐਪ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਆਪਣੇ ਗਰੋਹ ਨੂੰ ਚਲਾ ਰਹੇ ਹਨ। ਇਸ ਗਰੋਹ ਦੇ ਬਦਮਾਸ਼ ਚੰਡੀਗੜ੍ਹ ਵਿਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਾਕ ਵਿਚ ਹਨ। ਇਸ ਸੂਚਨਾ 'ਤੇ ਪੁਲਿਸ ਨੇ ਦੋ ਮੁਲਜ਼ਮਾਂ ਮੁਕੁਲ ਰਾਣਾ ਅਤੇ ਮੰਨੂ ਬੱਤਾ ਨੂੰ ਕਾਬੂ ਕਰ ਲਿਆ।

ਜਾਂਚ ਦੌਰਾਨ ਪਤਾ ਲੱਗਾ ਕਿ ਮੁਕੁਲ ਰਾਣਾ ਵਾਸੀ ਮਲੋਆ ਅਤੇ ਮੰਨੂ ਬੱਤਾ ਬੁੜੈਲ ਜੋ ਕਿ ਇਸ ਵੇਲੇ ਖਰੜ ਦਾ ਰਹਿਣ ਵਾਲਾ ਹੈ, ਲੱਕੀ ਦੇ ਕਹਿਣ 'ਤੇ ਚੰਡੀਗੜ੍ਹ ਦੇ ਵਪਾਰੀਆਂ, ਹੋਟਲ ਮਾਲਕਾਂ, ਨਾਈਟ ਕਲੱਬ ਮਾਲਕਾਂ, ਪ੍ਰਾਪਰਟੀ ਡੀਲਰਾਂ, ਬਿਲਡਰਾਂ, ਰੈਸਟੋਰੇਟਰਾਂ ਨੂੰ ਧਮਕੀਆਂ ਦੇ ਰਹੇ ਸਨ। ਇਨ੍ਹਾਂ ਦੋਹਾਂ ਦੀ ਸੂਹ 'ਤੇ ਪੁਲਿਸ ਨੇ ਬੰਬੀਹਾ ਗਰੋਹ ਦੇ ਪੰਜ ਹੋਰ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਇਨ੍ਹਾਂ ਸਾਰਿਆਂ ਖ਼?ਲਾਫ਼ ਅਦਾਲਤ ਵਿਚ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ।

# ਵਾਹਨ ਚਾਲਕ ਤੇ ਪੁਲੀਸ ਮੁਲਾਜ਼ਮ ਭਿੜੇ



ਅੰਮ੍ਰਿਤਸਰ : ਇੱਥੇ ਖਾਲਸਾ ਕਾਲਜ ਸਾਹਮਣੇ ਇੱਕ ਦੋ ਪਹੀਆ ਵਾਹਨ ਚਾਲਕ ਅਤੇ ਟਰੈਫਿਕ ਪੁਲੀਸ ਕਰਮਚਾਰੀਆਂ ਵਿਚਾਲੇ ਝਗੜੇ ਅਤੇ ਮਾਰਕੁੱਟ ਦੀ ਘਟਨਾ ਵਾਪਰੀ ਹੈ। ਇਸ ਸਬੰਧੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਹੋਈ ਹੈ। ਮਿਲੇ ਵੇਰਵਿਆਂ ਮੁਤਾਬਕ ਇਹ ਮਾਮਲਾ ਉਸ ਵੇਲੇ ਸ਼ੁਰੂ ਹੋਇਆ ਜਦੋਂ ਟਰੈਫਿਕ ਪੁਲੀਸ ਦੇ ਕਰਮਚਾਰੀਆਂ ਨੇ ਇਸ ਵਿਅਕਤੀ ਨੂੰ ਰੋਕਿਆ ਅਤੇ ਦਸਤਾਵੇਜ਼ ਚੈੱਕ ਕਰਵਾਉਣ ਲਈ ਕਿਹਾ। ਇਸ ਦੌਰਾਨ ਦੋਵਾਂ ਧਿਰਾਂ ਵਿਚਾਲੇ ਤਕਰਾਰ ਹੋ ਗਈ ਅਤੇ ਇਹ ਤਕਰਾਰ ਝਗੜੇ ਵਿੱਚ ਬਦਲ ਗਈ ਅਤੇ ਮਾਮਲਾ ਹੱਥੋਪਾਈ ਤੱਕ ਪਹੁੰਚ ਗਿਆ। ਦੋਵਾਂ ਨੇ ਇੱਕ-ਦੂਜੇ ਦੀ ਮਾਰਕੁੱਟ ਕਰਨੀ ਸ਼ੁਰੂ ਕਰ ਦਿੱਤੀ। ਇਸ ਮਾਰਕੁੱਟ ਦੀ ਕਾਰਵਾਈ ਦੌਰਾਨ ਪੁਲੀਸ ਕਰਮਚਾਰੀ ਵਧੇਰੇ ਗਿਣਤੀ ਵਿੱਚ ਸਨ। ਪੁਲੀਸ ਕਰਮਚਾਰੀਆਂ ਨੇ ਵਾਹਨ ਚਾਲਕ ਦੀ ਦਸਤਾਰ ਵੀ ਉਤਾਰ ਦਿੱਤੀ, ਜਿਸ ਤੋਂ ਬਾਅਦ ਉਹ ਹੋਰ ਵੀ ਰੋਹ ਵਿਚ ਆ ਗਿਆ। ਇਸ ਤਰ੍ਹਾਂ ਮੌਕੇ 'ਤੇ ਮੌਜੂਦ ਕੁੱਝ ਲੋਕਾਂ ਤੇ ਕੁਝ ਪੁਲੀਸ ਕਰਮਚਾਰੀਆਂ ਨੇ ਰੋਹ ਵਿਚ ਆਏ ਵਾਹਨ ਚਾਲਕ ਨੂੰ ਸ਼ਾਂਤ ਕੀਤਾ।

ਵਾਹਨ ਚਾਲਕ ਨੇ ਦੋਸ਼ ਲਾਇਆ ਕਿ ਪੁਲੀਸ ਕਰਮਚਾਰੀ ਜਬਰੀ ਉਸ ਦੇ ਵਾਹਨ ਦੀ ਚਾਬੀ ਖੋਹ ਰਿਹਾ ਸੀ, ਜਿਸ ਦਾ ਉਸ ਨੇ ਵਿਰੋਧ ਕੀਤਾ। ਉਸ ਨੇ ਕਿਹਾ ਕਿ ਆਪਣੇ ਵਾਹਨ ਦੇ ਦਸਤਾਵੇਜ਼ ਚੈੱਕ ਕਰਾਉਣ ਤੋਂ ਮਨ੍ਹਾਂ ਨਹੀਂ ਕੀਤਾ ਸੀ। ਉਸ ਨੇ ਦੋਸ਼ ਲਾਇਆ ਕਿ ਪੁਲੀਸ ਕਰਮਚਾਰੀਆਂ ਨੇ ਜਬਰੀ ਉਸਦੀ ਦਸਤਾਰ ਉਤਾਰੀ ਹੈ ਅਤੇ ਬੇਅਦਬੀ ਕੀਤੀ ਹੈ। ਦੂਜੇ ਪਾਸੇ ਪੁਲੀਸ ਕਰਮਚਾਰੀ ਨੇ ਕਿਹਾ ਕਿ ਇਸ ਵਿਅਕਤੀ ਨੇ ਉਸਦੀ ਵਰਦੀ ਨੂੰ ਨੁਕਸਾਨ ਪਹੁੰਚਾਇਆ ਹੈ । ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਸੀਨੀਅਰ ਪੁਲੀਸ ਅਧਿਕਾਰੀ ਵੀ ਘਟਨਾ ਸਥਾਨ 'ਤੇ ਪੁੱਜ ਗਏ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਸੀਸੀਟੀਵੀ ਕੈਮਰੇ ਦੀ ਫੁਟੇਜ ਨੂੰ ਦੇਖਣ ਮਗਰੋਂ ਅਗਲੇਰੀ ਕਾਰਵਾਈ ਕੀਤੀ ਜਾਵੇਗੀ ।

# ਗੁਰੂਘਰਾਂ ’ਚ ਲਗਾਤਾਰ ਹੋ ਰਹੀ ਬੇਅਦਬੀ

## ਦੁਨੀਆਂ ਭਰ ਦੇ ਸਿੱਖਾਂ ’ਚ ਭਾਰੀ ਰੋਸ



ਪਟਿਆਲਾ : ਇਥੋਂ ਦੇ ਇਤਿਹਾਸਕ ਗੁਰਦੁਆਰਾ ਦੂਖ-ਨਿਵਾਰਨ ਸਾਹਿਬ ਵਿਚ ਦੇਰ ਕਥਿਤ ਸ਼ਰਾਬੀ ਔਰਤ ਨੂੰ ਸ਼ਰਧਾਲੂ ਨੇ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਔਰਤ ਦੇ ਆਧਾਰ ਕਾਰਡ ਤੋਂ ਉਸ ਦੀ ਪਛਾਣ ਪਰਵਿੰਦਰ ਕੌਰ (32) ਹੋਈ ਹੈ ਪਰ ਆਧਾਰ ਕਾਰਡ ’ਤੇ ਦਿੱਤੇ ਪਤੇ ਅਨੁਸਾਰ ਇਹ ਔਰਤ ਇੱਥੇ ਨਹੀਂ ਰਹਿੰਦੀ ਸੀ। ਕਥਿਤ ਤੌਰ ’ਤੇ ਗੋਲੀਆਂ ਮਾਰਨ ਵਾਲੇ ਨਿਰਮਲਜੀਤ ਸਿੰਘ ਨੇ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਪੁਲੀਸ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ। ਪੁਲੀਸ ਨੇ ਕੇਸ ਦਰਜ ਕਰ ਲਿਆ ਹੈ। ਸ਼ ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਘਟਨਾ ਦੀ ਹੋਰ ਜਾਂਚ ਕਰ ਰਹੀ ਹੈ। ਪਰਵਿੰਦਰ ਕੌਰ ਗੁਰਦੁਆਰੇ ਦੇ ਸਰੋਵਰ ਦੀ ਪਰਿਕਰਮਾ ਤੇ ਕਥਿਤ ਤੌਰ ’ਤੇ ਜ਼ਰਦਾ ਮਲ ਰਹੀ ਹੈ, ਜਿਸ ਬਾਰੇ ਸੇਵਾਦਾਰਾਂ ਨੂੰ ਪਤਾ ਲੱਗਾ ਤਾਂ ਸੇਵਾਦਾਰਾਂ ਨੇ ਉਸ ਔਰਤ ਨੂੰ ਰੋਕਿਆ ਪਰ ਉਹ ਔਰਤ ਨਾ ਮੰਨੀ। ਸੇਵਾਦਾਰ ਜਦੋਂ ਉਸ ਔਰਤ ਨੂੰ ਮੈਨੇਜਰ ਕੋਲ ਲੈ ਜਾਣ ਲੱਗੇ ਤਾਂ ਔਰਤ ਨੇ ਸੇਵਾਦਾਰ ’ਤੇ ਹਮਲਾ ਕਰ ਦਿੱਤਾ। ਇਸ ਔਰਤ ਕੋਲ ਕਥਿਤ ਸ਼ਰਾਬ ਦਾ ਪਊਆ ਵੀ ਨਿਕਲਿਆ। ਗੁਰਦੁਆਰੇ ਦੇ ਐਡੀਸ਼ਨਲ ਮੈਨੇਜਰ ਕਰਨੈਲ ਸਿੰਘ ਵਿਰਕ ਨੇ ਦੱਸਿਆ ਜਦੋਂ ਇਹ ਔਰਤ ਦਫਤਰ ਵਿਚ ਲਿਆਂਦੀ ਗਈ ਤਾਂ ਇਸ ਦੀ ਹਾਲਤ ਦੇਖ ਕੇ ਪੁਲੀਸ ਬੁਲਾ ਲਈ ਗਈ, ਜਦੋਂ ਪੁਲੀਸ ਇਸ ਔਰਤ ਨੂੰ ਲੈ ਕੇ ਜਾ ਰਹੀ ਸੀ ਤਾਂ ਨਿਰਮਲਜੀਤ ਸਿੰਘ ਔਰਤ ਨੂੰ ਆਪਣੇ ਲਾਇਸੈਂਸੀ ਰਿਵਾਲਵਰ ਨਾਲ ਗੋਲੀਆਂ ਮਾਰ ਦਿੱਤੀਆਂ। ਪਹਿਲੀ ਗੋਲੀ ਪੇਟ ਵਿਚ ਲੱਗੀ ਆਖਰੀ ਗੋਲੀ ਸਿਰ ਵਿਚ। ਸੂਤਰਾਂ ਅਨੁਸਾਰ ਔਰਤ ਦਾ ਦੋ ਵਾਰ ਤਲਾਕ ਹੋ ਚੁੱਕਿਆ ਹੈ। ਔਰਤ ਨਸ਼ੇੜੀ ਸੀ, ਜਿਸ ਦੀ ਡਾਕਟਰਾਂ ਕੋਲੋਂ ਦਵਾਈ ਵੀ ਚੱਲ ਰਹੀ ਸੀ। ਇਸ ਔਰਤ ਨੂੰ ਸ਼ਰਾਬ ਪੀਣ ਤੋਂ ਡਾਕਟਰਾਂ ਨੇ ਮਨ੍ਹਾਂ ਕੀਤਾ ਸੀ। ਔਰਤ ਨੂੰ ਘਰਦਿਆਂ ਵਲੋਂ ਬੇਦਖਲ ਕੀਤਾ ਹੋਇਆ ਹੈ। ਆਮ ਤੌਰ ’ਤੇ ਇਹ ਬਿਊਟੀ ਪਾਰਲਰ ’ਤੇ ਕੰਮ ਕਰਦੀ ਸੀ। ਇਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਗੁਰਦੁਆਰਾ ਦੂਖਨਿਵਾਰਨ ਸਾਹਿਬ ਦੀ ਨਿੱਜੀ ਸੁਰੱਖਿਆ ਦੀ ਮੌਜੂਦਗੀ ਵਿਚ ਔਰਤ ਸ਼ਰੇਆਮ ਨਸ਼ਾ ਕਰ ਰਹੀ ਹੈ ਤੇ ਸੁਰੱਖਿਆ ਕੁਝ ਵੀ ਨਹੀਂ ਕਰ ਸਕੀ।ਇਸ ਦੌਰਾਨ ਸਾਗਰ ਨਾਮ ਦੇ ਸੇਵਾਦਾਰ ਦੇ ਵੀ ਗੋਲੀ ਲੱਗੀ, ਜਿਸ ਨੂੰ ਰਾਜਿੰਦਰਾ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ ਪਰ ਔਰਤ ਨੂੰ ਰਾਜਿੰਦਰਾ ਹਸਪਤਾਲ ਵਿਚ ਮ੍ਰਿਤਕ ਕਰਾਰ ਦੇ ਦਿੱਤਾ। ਲਾਸ਼ ਨੂੰ ਰਾਜਿੰਦਰਾ ਹਸਪਤਾਲ ਦੀ ਮੋਰਚਰੀ ਵਿਚ ਰੱਖਿਆ ਗਿਆ ਹੈ।

## ਹਰਜਿੰਦਰ ਸਿੰਘ ਧਾਮੀ ਵਲੋਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ’ਚ ਘਿਨੌਣੀ ਹਰਕਤ ਦੀ ਨਿੰਦਾ



ਅੰਮ੍ਰਿਤਸਰ : ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਬੀਤੇ ਦਿਨ ਵਾਪਰੀ ਹਿਰਦੇਵੇਧਕ ਘਟਨਾ ਨੂੰ ਦੁਖਦਾਈ ਤੇ ਮੰਦਭਾਗੀ ਕਰਾਰ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਵਿਰੋਧੀ ਸ਼ਕਤੀਆਂ ਵਲੋਂ ਸੋਚੀ ਸਮਝੀ ਸਾਜਿਸ਼ ਨਾਲ ਗੁਰੂ ਘਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਦਕਿ ਸਰਕਾਰ ਮੂਕ ਦਰਸ਼ਕ ਬਣ ਕੇ ਵੇਖ ਰਹੀ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਅੰਦਰ ਇਕ ਲੜਕੀ ਵਲੋਂ ਸ਼ਰਾਬ ਪੀਣ ਦੀ ਘਿਨੌਣੀ ਹਰਕਤ ਸਾਜਿਸ਼ੀ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਸਵਾਲਾਂ ਦੇ ਘੇਰੇ ਵਿਚ ਲੈਂਦਿਆਂ ਕਿਹਾ ਕਿ ਕਦੇ ਸ੍ਰੀ ਦਰਬਾਰ ਸਾਹਿਬ ਨਜ਼ਦੀਕ ਧਮਾਕਿਆਂ ਅਤੇ ਸ਼ਰਧਾਲੂਆਂ ਦੀ ਮਾਰ ਕੁਟਾਈ ਦੀਆਂ ਘਟਨਾਵਾਂ ਅਤੇ ਕਦੇ ਵੱਖ-ਵੱਖ ਥਾਵਾਂ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਸਾਹਮਣੇ ਆ ਰਹੇ ਹਨ ਅਤੇ ਇਹ ਸਿੱਖ ਵਿਰੋਧੀ ਵਰਤਾਰਾ ਪੰਜਾਬ ਸਰਕਾਰ ਦੀ ਨਾਕਾਮੀ ਦਾ ਨਤੀਜਾ ਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਬੀਤੇ ਕੱਲ੍ਹ ਇਕ ਲੜਕੀ ਵਲੋਂ ਸ਼ਰਾਬ ਪੀਣ ਦੀ ਘਟਨਾ ਬੇਹੱਦ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਕਰਕੇ ਸਿੱਖ ਵਿਰੋਧੀ ਸ਼ਕਤੀਆਂ ਆਪਣੇ ਮਨਸੂਬਿਆਂ ਵਿਚ ਸਫਲ ਹੋ ਰਹੀਆਂ ਹਨ, ਜਿਸ ਨਾਲ ਕੌਮ ਅੰਦਰ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਸਰਕਾਰ ਪਟਿਆਲਾ ਵਿਖੇ ਵਾਪਰੀ ਘਟਨਾ ਦੀ ਉੱਚ ਪੱਧਰੀ ਜਾਂਚ ਕਰੇ। ਉਨ੍ਹਾਂ ਘਟਨਾ ਦੌਰਾਨ ਜ਼ਖ਼ਮੀ ਹੋਏ ਸ਼ਰਧਾਲੂ ਸੇਵਾਦਾਰ ਨਾਲ ਸ਼੍ਰੋਮਣੀ ਕਮੇਟੀ ਵਲੋਂ ਹਮਦਰਦੀ ਜ਼ਾਹਿਰ ਕਰਦਿਆਂ ਕਿਹਾ ਕਿ ਉਸ ਦੇ ਇਲਾਜ ਦਾ ਖ਼ਰਚਾ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਵੇਗਾ।

## ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ’ਚ ਬੇਅਦਬੀ ਕਰਨ ਵਾਲੀ ਔਰਤ ਨੂੰ ਸੋਧਾ ਲਾਉਣ ਵਾਲੇ ਨੌਜਵਾਨ ਦੀ ਕਾਨੂੰਨੀ ਮਦਦ ਕਰੇਗੀ ਦਿੱਲੀ ਗੁਰਦੁਆਰਾ ਕਮੇਟੀ: ਕਾਲਕਾ, ਕਾਹਲੋਂ



ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਐਲਾਨ ਕੀਤਾ ਹੈ ਕਿ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ’ਚ ਸਰੋਵਰ ਕੰਢੇ ਸ਼ਰਾਬ ਪੀ ਕੇ ਬੇਅਦਬੀ ਕਰਨ ਵਾਲੀ ਔਰਤ ਨੂੰ ਸੋਧਾ ਲਾਉਣ ਵਾਲੇ ਨੌਜਵਾਨ ਨਿਰਮਲਜੀਤ ਸਿੰਘ ਸੈਣੀ ਦੀ ਦਿੱਲੀ ਗੁਰਦੁਆਰਾ ਕਮੇਟੀ ਕਾਨੂੰਨੀ ਮਦਦ ਕਰੇਗੀ।

ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਪੰਜਾਬ ਵਿਚ ਗੁਰਦੁਆਰਾ ਸਾਹਿਬਾਨ ਦੇ ਅੰਦਰ ਵਾਰ ਵਾਰ ਬੇਅਦਬੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਉਹਨਾਂ ਕਿਹਾ ਕਿ ਇਕ ਔਰਤ ਵੱਲੋਂ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਚ ਸਰੋਵਰ ਦੇ ਕੰਢੇ ਬੈਠ ਕੇ ਸ਼ਰਾਬ ਪੀਤੀ ਤੇ ਬੇਅਦਬੀ ਕੀਤੀ।

ਉਹਨਾਂ ਕਿਹਾ ਕਿ ਇਸ ਬੇਅਦਬੀ ਨੂੰ ਨੌਜਵਾਨ ਨਿਰਮਲਜੀਤ ਸਿੰਘ ਸੈਣੀ ਬਰਦਾਸ਼ਤ ਨਹੀਂ ਕਰ ਸਕਿਆ ਤੇ ਉਸਨੇ ਤੈਸ਼ ਵਿਚ ਆ ਕੇ ਉਸਨੂੰ ਗੋਲੀਆਂ ਮਾਰ ਕੇ ਮਾਰ ਮੁਕਾਇਆ। ਉਹਨਾਂ ਕਿਹਾ ਕਿ ਇਸ ਨੌਜਵਾਨ ਨੂੰ ਜਿਸ ਵੀ ਕਿਸਮ ਦੀ ਕਾਨੂੰਨੀ ਮਦਦ ਚਾਹੀਦੀ ਹੋਵੇਗੀ, ਦਿੱਲੀ ਗੁਰਦੁਆਰਾ ਕਮੇਟੀ ਉਹਪੂਰੀ ਮਦਦ ਮੁਹੱਈਆ ਕਰਵਾਏਗੀ ਕਿਉਂਕਿ ਇਸਦੀ ਜ਼ਿੰਮੇਵਾਰੀ ਬਣਦੀ ਹੈ ਕਿ ਗੁਰਧਾਮਾਂ ਦੇ ਮਾਮਲੇ ਵਿਚ ਜੇਕਰ ਕੁਝ ਹੁੰਦਾ ਹੈ ਤਾਂ ਅਜਿਹੇ ਵਿਅਕਤੀਆਂ ਦੀ ਮਦਦ ਕਰਨਾ ਸਾਡਾ ਫਰਜ਼ ਹੈ।

ਉਹਨਾਂ ਕਿਹਾ ਕਿ ਸਾਡੇ ਵਕੀਲ ਜਲਦੀ ਹੀ ਉਕਤ ਨੌਜਵਾਨ ਨਾਲ ਮੁਲਾਕਾਤ ਕਰਨਗੇ ਤੇ ਜਿਸ ਵੀ ਤਰੀਕੇ ਕੇਸ ਦੀ ਪੈਰਵੀ ਕਰਨੀ ਪਈ ਕਰਨਗੇ।

## ਮੁੱਖ ਮੰਤਰੀ ਭਗਵੰਤ ਮਾਨ ਨੇ ਬੇਅਦਬੀ ਦੇ ਦੋਸ਼ੀਆਂ ’ਤੇ ਯੂਏਪੀਏ ਐਕਟ ਲਗਾਉਣ ਦੀ ਦਿੱਤੀ ਸਹਿਮਤੀ: ਜਥੇਦਾਰ ਦਾਦੂਵਾਲ



ਚੰਡੀਗੜ੍ਹ : ਪੰਥ ਪ੍ਰਸਿੱਧ ਪ੍ਰਚਾਰਕ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਭਖਦੇ ਸਿੱਖ ਮਸਲਿਆਂ ਉੱਪਰ ਮੁੱਖ ਮੰਤਰੀ ਨਿਵਾਸ ਚੰਡੀਗੜ੍ਹ ਵਿਖੇ ਮੁਲਾਕਾਤ ਕੀਤੀ। ਮੀਡੀਆ ਵੱਲੋਂ ਪੁੱਛੇ ਜਾਣ ’ਤੇ ਜਥੇਦਾਰ ਦਾਦੂਵਾਲ ਦੇ ਸਹਾਇਕ ਭਾਈ ਜਗਮੀਤ ਸਿੰਘ ਬਰਾੜ ਨੇ ਦੱਸਿਆ ਕੇ ਕੱਲ ਸੋਮਵਾਰ ਨੂੰ ਮੁੱਖ ਮੰਤਰੀ ਪੰਜਾਬ ਅਤੇ ਜਥੇਦਾਰ ਦਾਦੂਵਾਲ ਜੀ ਨੇ ਲੰਬਾ ਸਮਾਂ ਮੁਲਾਕਾਤ ਮੁੱਖ ਮੰਤਰੀ ਨਿਵਾਸ ਚੰਡੀਗੜ ਵਿਖੇ ਹੋਈ।

ਇਸ ਮੀਟਿੰਗ ਵਿੱਚ ਜਥੇਦਾਰ ਦਾਦੂਵਾਲ ਨੇ ਭਖਦੇ ਸਿੱਖ ਮਸਲਿਆਂ ਜਿਵੇਂ ਵਾਰ ਵਾਰ ਪੰਜਾਬ ਵਿੱਚ ਬੇਅਦਬੀ ਦੀਆਂ ਵਾਪਰ ਰਹੀਆਂ ਘਟਨਾਵਾਂ ਦੇ ਦੋਸ਼ੀਆਂ ਉਪਰ ਯੂਏਪੀਏ ਐਕਟ ਲਗਾ ਕੇ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ। ਭਾਈ ਬਰਾੜ ਨੇ ਦੱਸਿਆ ਜਥੇਦਾਰ ਦਾਦੂਵਾਲ ਜੀ ਵੱਲੋਂ ਮੁੱਖ ਮੰਤਰੀ ਪੰਜਾਬ ਨੂੰ ਕਿਹਾ ਗਿਆ ਹੈ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਤੁਰੰਤ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਭਾਰਤ ਸਰਕਾਰ ਨੂੰ ਚਿੱਠੀ ਲਿਖੀ ਜਾਵੇ। ਸਚਖੰਡ ਸ੍ਰੀ ਦਰਬਾਰ ਸਾਹਿਬ ਦੇ ਕਥਾ ਕੀਰਤਨ ਜਿਸ ਦਾ ਪਹਿਲਾਂ ਤੋਂ ਹੋਇਆ ਟੈਂਡਰ ਜੁਲਾਈ ਵਿੱਚ ਖ਼ਤਮ ਹੋ ਰਿਹਾ ਹੈ ਤੋਂ ਇੱਕ ਚੈਨਲ ਦਾ ਏਕਾਧਿਕਾਰ ਖਤਮ ਕਰਕੇ ਲਿੰਕ ਸਭ ਲਈ ਓਪਨ ਕਰਵਾਇਆ ਜਾਵੇ, ਡਿਬਰੂਗੜ ਅਸਾਮ ਭੇਜੇ ਗਏ ਸਿੱਖ ਨੌਜਵਾਨਾਂ ਉੱਪਰੋਂ ਐਨ ਐਸ ਏ ਐਕਟ ਹਟਾ ਕੇ ਰਿਹਾ ਕੀਤਾ ਜਾਵੇ, ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਅਤੇ ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡਾ ਵਿੱਚ ਵਾਪਰੀ ਘਟਨਾ ਦੇ ਦੋਸ਼ੀਆਂ ਉੱਪਰ ਜਜ਼ਬਾਤੀ ਕਾਰਵਾਈ ਕਰਨ ਵਾਲੇ ਰੋਪੜ ਦੇ ਵਕੀਲ ਸਾਹਿਬ ਸਿੰਘ ਅਤੇ ਪਟਿਆਲਾ ਦੇ ਨਿਰਮਲਜੀਤ ਸਿੰਘ ਨੂੰ ਰਿਹਾਅ ਕੀਤਾ ਜਾਵੇ ਕਿਉਂਕਿ ਉਨਾਂ ਨੇ ਗੁਰੂ ਕੀ ਬੇਅਦਬੀ ਦੀ ਘਟਨਾ ਦੇ ਰੋਸ਼ ਵਿਚ ਕਾਰਵਾਈ ਕੀਤੀ ਹੈ। ਉਹ ਕੋਈ ਅਪਰਾਧਿਕ ਪਿਛੋਕੜ ਨਹੀਂ ਰੱਖਦੇ। ਭਾਈ ਬਰਾੜ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸਾਰੀਆਂ ਮੰਗਾਂ ਉੱਪਰ ਸਰਕਾਰੀ ਕਨੂੰਨੀ ਮਾਹਰਾਂ ਨਾਲ ਵਿਚਾਰ ਵਟਾਂਦਰਾ ਕਰਕੇ ਤੁਰੰਤ ਪੂਰਾ ਕਰਨ ਦਾ ਭਰੋਸਾ ਦਿੱਤਾ।

## ਰਾਜਪੁਰਾ ਦੇ ਗੁਰਦੁਆਰੇ ’ਚ ਜੁੱਤੀਆਂ ਸਣੇ ਤੇ ਨੰਗੇ ਸਿਰ ਦਾਖ਼ਲ ਹੋਣ ਵਾਲੇ ਨੂੰ ਪੁਲੀਸ ਹਵਾਲੇ ਕੀਤਾ



ਪਟਿਆਲਾ : ਰਾਜਪੁਰਾ ਸ਼ਹਿਰ ਦੇ ਗੁਰਦੁਆਰੇ ਵਿੱਚ ਕਥਿਤ ਤੌਰ ’ਤੇ ਜੁੱਤੀਆਂ ਸਣੇ ਤੇ ਨੰਗੇ ਸਿਰ ਦਾਖਲ ਹੋਣ ਵਾਲੇ ਨੂੰ ਸੇਵਾਦਾਰਾਂ ਨੇ ਪੁਲੀਸ ਹਵਾਲੇ ਕਰ ਦਿੱਤਾ ਹੈ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿੱਚ ਅਜਿਹੀ ਹਰਕਤ ਕਰਨ ਵਾਲੇ ਦੀ ਪਛਾਣ ਸਾਹਿਲ ਵਜੋਂ ਹੋਈ ਹੈ। ਇਹ ਖ਼ਬਰ ਫੈਲਦਿਆਂ ਹੀ ਥਾਣਾ ਸਿਟੀ (ਸਿਟੀ) ਰਾਜਪੁਰਾ ਦੇ ਬਾਹਰ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋ ਗਏ। ਰਾਜਪੁਰਾ ਸਿਟੀ ਇੰਸਪੈਕਟਰ ਰਾਜੇਸ਼ ਮਲਹੋਤਰਾ ਨੇ ਦੱਸਿਆ ਕਿ ਮੁਲਜ਼ਮ ਖ਼ਿਲਾਫ਼ ਧਾਰਾ 295ਏ (ਜਾਣਬੁੱਝ ਕੇ ਧਾਰਮਿਕ ਭਾਵਨਾਵਾਂ ਨੂੰ ਭੜਕਾਉਣਾ) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਘਟਨਾ ਦੀ ਪੁਸ਼ਟੀ ਕਰਦਿਆਂ ਗੁਰਦੁਆਰਾ ਕਮੇਟੀ ਰਾਜਪੁਰਾ ਦੇ ਪ੍ਰਧਾਨ ਅਬਰਿੰਦਰ ਸਿੰਘ ਕੰਗ ਨੇ ਕਿਹਾ ਕਿ ਉਹ ਘਟਨਾ ਦੀ ਸਮੀਖਿਆ ਕਰ ਰਹੇ ਹਨ ਅਤੇ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਢੁਕਵੇਂ ਕਦਮਾਂ ’ਤੇ ਵਿਚਾਰ ਕਰ ਰਹੇ ਹਨ। ਮੁਲਜ਼ਮ ਦੀ ਮਾਂ ਨੇ ਦੱਸਿਆ ਕਿ ਉਸ ਦੇ ਪੁੱਤ ਦਾ ਪਟਿਆਲਾ ਦੇ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ।

# ਪਰਮਜੀਤ ਸਿੰਘ ਪੰਜਵੜ ਨਮਿਤ ਅੰਤਿਮ ਅਰਦਾਸ



ਤਰਨ ਤਾਰਨ : ਖਾਲਿਸਤਾਨ ਕਮਾਂਡੋ ਫੋਰਸ (ਕੇਸੀਐਫ) ਦੇ ਮੁਖੀ ਪਰਮਜੀਤ ਸਿੰਘ ਪੰਜਵੜ ਦੇ ਪਰਿਵਾਰ ਵੱਲੋਂ ਅੱਜ ਪੰਜਵੜ ਪਿੰਡ ਵਿੱਚ ਆਪਣੀ ਰਿਹਾਇਸ਼ 'ਤੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਦੀ ਅਰਦਾਸ ਕੀਤੀ ਗਈ। ਪਰਮਜੀਤ ਸਿੰਘ ਪੰਜਵੜ ਦੀ ਯਾਦ ਵਿੱਚ ਪਿੰਡ ਦੇ ਗੁਰਦੁਆਰਾ ਬਾਬਾ ਸ਼ਹੀਦਾਂ ਵਿੱਚ ਸ਼ਰਧਾਂਜਲੀ ਸਮਾਗਮ ਵਿੱਚ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਸ਼ਰਧਾਂਜਲੀ ਸਮਾਗਮ ਵਿੱਚ ਦੂਰ-ਦੁਰੇਡੇ ਤੋਂ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਹਾਜ਼ਰੀ ਭਰੀ। ਜ਼ਿਕਰਯੋਗ ਹੈ ਕਿ ਪਰਮਜੀਤ ਸਿੰਘ ਪੰਜਵੜ ਦੀ 6 ਮਈ ਨੂੰ ਪਾਕਿਸਤਾਨ ਵਿੱਚ ਹੱਤਿਆ ਕਰ ਦਿੱਤੀ ਗਈ ਸੀ। ਇਸ ਮੌਕੇ ਜਥੇਦਾਰ ਅਕਾਲ ਤਖ਼ਤ (ਸਰਬਤ ਖਾਲਸਾ) ਧਿਆਨ ਸਿੰਘ ਮੰਡ ਨੇ ਪੰਜਵੜ ਵਲੋਂ ਕੀਤੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਉਸ ਨੂੰ 'ਕੌਮੀ ਸ਼ਹੀਦ' ਦਾ ਖਿਤਾਬ ਦਿੱਤਾ। ਇਸ ਮੌਕੇ ਦਲ ਖਾਲਸਾ ਦੇ ਆਗੂ ਹਰਪਾਲ ਸਿੰਘ ਚੀਮਾ, ਦਲਜੀਤ ਸਿੰਘ ਬਿੱਟੂ, ਸੰਯੁਕਤ ਅਕਾਲੀ ਦਲ ਦੇ ਆਗੂ ਸਤਨਾਮ ਸਿੰਘ ਮਨਾਵਾਂ, ਸਤਨਾਮ ਸਿੰਘ ਖੰਡਾ, ਹਵਾਰਾ ਕਮੇਟੀ ਦੇ ਆਗੂ ਪ੍ਰੋ. ਬਲਜਿੰਦਰ ਸਿੰਘ, ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਦੇ ਆਗੂ ਜਗਦੀਪ ਸਿੰਘ ਰੰਧਾਵਾ, ਸਿੱਖ ਯੂਥ ਫੈਡਰੇਸ਼ਨ (ਭਿੰਡਰਾਂਵਾਲਾ) ਦੇ ਰਣਜੀਤ ਸਿੰਘ ਸਣੇ ਹੋਰਨਾਂ ਸੰਬੋਧਨ ਕੀਤਾ। ਜਥੇਬੰਦੀਆਂ ਨੇ ਪੰਜਵੜ ਦੇ ਭਰਾਵਾਂ ਸਰਬਜੀਤ ਸਿੰਘ, ਅਮਰਜੀਤ ਸਿੰਘ ਅਤੇ ਬਲਦੇਵ ਸਿੰਘ ਨੂੰ ਉਸ ਦੇ ਲੜਕੇ ਨੂੰ ਦੇਣ ਲਈ ਦਸਤਾਰਾਂ ਭੇਟ ਕੀਤੀਆਂ। ਇਸ ਮੌਕੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਗ਼ੈਰਹਾਜ਼ਰ ਰਹੇ।

# ਕੋਈ ਹੋਰ ਬੋਲੇ ਤਾਂ 'ਸੁਪਰੀਮ', ਜੇ ਤੁਸੀਂ ਬੋਲੋ ਤਾਂ ਆਮ ਵਿਅਕਤੀ

**ਅਕਾਲ ਤਖਤ ਦੇ ਜਥੇਦਾਰ ਬਾਰੇ ਅਕਾਲੀ ਦਲ ਦੇ ਦੋਹਰੇ ਮਾਪਦੰਡ ਸਮਝ ਤੋਂ ਪਰ੍ਹੇ**
**ਕੀ ਅਕਾਲੀ ਦਲ ਵਿਰਸਾ ਸਿੰਘ ਵਲਟੋਹਾ ਵਿਰੁੱਧ ਕਾਰਵਾਈ ਕਰੇਗਾ?**

ਚੰਡੀਗੜ੍ਹ : ਪਿਛਲੇ ਦਿਨੀਂ ਆਮ ਆਦਮੀ ਪਾਰਟੀ (ਆਪ) ਦੇ ਆਗੂ ਰਾਘਵ ਚੱਢਾ ਤੇ ਅਦਾਕਾਰਾ ਪਰਿਨੀਤੀ ਚੋਪੜਾ ਦੀ ਨਿੱਜੀ ਸਮਾਗਮ ਦੌਰਾਨ ਮੰਗਣੀ ਹੋਈ। ਇਹ ਮੰਗਣੀ ਦਿੱਲੀ ਸਥਿਤ ਕਪੂਰਥਲਾ ਹਾਊਸ ਵਿਚ ਹੋਈ। ਇਸ ਸਮਾਗਮ ਵਿਚ ਜਿਥੇ ਪੰਜਾਬ ਅਤੇ ਦਿੱਲੀ ਦੇ ਮੁੱਖ ਮੰਤਰੀ ਸਮੇਤ ਕਈ ਹੋਰ ਹਸਤੀਆਂ ਸ਼ਾਮਲ ਹੋਈਆਂ, ਉਥੇ ਹੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਸ਼ਾਮਲ ਹੋਏ ਪਰ ਦੂਜੀ ਪਾਰਟੀ ਦੇ ਕਿਸੇ ਆਗੂ 'ਚ 'ਜਥੇਦਾਰ' ਦਾ ਸ਼ਾਮਲ ਹੋਣਾ ਅਕਾਲੀਆਂ ਨੂੰ ਹਜ਼ਮ ਨਹੀਂ ਹੋਇਆ। ਉਨ੍ਹਾਂ 'ਜਥੇਦਾਰ' ਨੂੰ ਖੂਬ ਕੋਸਿਆ ਤੇ ਇਥੋਂ ਤੱਕ ਕਹਿ ਦਿੱਤਾ ਕਿ 'ਹੁਣ ਤਾਂ ਰੱਬ ਰਾਖਾ ਹੈ'। ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਇਸ ਸਬੰਧੀ ਇਤਰਾਜ਼ ਉਠਾਏ। ਵਲਟੋਹਾ ਨੇ ਇਥੋਂ ਤੱਕ ਕਹਿ ਦਿੱਤਾ ਕਿ ਸਮਾਗਮ 'ਚ ਸਿੱਖ ਧਰਮ ਦੀ ਮਰਿਆਦਾ ਦੀਆਂ ਧੱਜੀਆਂ ਉਡੀਆਂ ਹਨ।

'ਜਥੇਦਾਰ' ਵਲੋਂ ਸਮਾਗਮ 'ਚ ਹਿੱਸਾ ਲੈਣ 'ਤੇ ਅਕਾਲੀ ਭੂਹੇ ਹੋ ਗਏ ਤੇ ਜੋ ਆਇਆ ਜੋ ਬੋਲੀ ਗਏ। ਇਥੋਂ ਤੱਕ ਕਿ ਕਈ ਛੋਟੇ-ਛੋਟੇ ਆਗੂ ਵੀ 'ਜਥੇਦਾਰ' ਨੂੰ ਸਵਾਲ ਪੁੱਛਣ 'ਚ ਆਪਣੀ ਸ਼ਾਨ ਸਮਝਣ ਲੱਗ ਗਏ। ਹਾਲਾਂਕਿ ਸਮਾਗਮ ਦੌਰਾਨ ਅਜਿਹਾ ਕੁਝ ਵੀ ਨਹੀਂ ਹੋਇਆ ਜਿਸ ਨਾਲ ਮਰਿਆਦਾ ਨੂੰ ਕੋਈ ਠੇ। ਪਹੁੰਚੀ ਹੋਵੇ। ਕੇਵਲ ਲੋਕ ਗੱਦਿਆਂ ਉਪਰ ਬੈਠੇ ਸਨ ਤੇ ਕੀਰਤਨ ਕਰਨ ਵਾਲੇ ਜਥੇ ਦੀ ਸਟੇਜ ਉਚੀ ਸੀ। ਜੇਕਰ ਥੋੜ੍ਹਾ ਜਿਹਾ ਉਚਾ ਗੱਦਾ ਲੱਗਣ ਨਾਲ ਮਰਿਆਦਾ ਭੰਗ ਹੋਈ ਹੈ ਤਾਂ ਕਈ ਗੁਰਦੁਆਰਾ ਸਾਹਿਬਾਨ ਅੰਦਰ ਲੱਗੇ ਬੈਂਚ ਤਾਂ ਫਿਰ ਰੋਜ਼ਾਨਾ ਹੀ ਮਰਿਆਦਾ ਨੂੰ ਭੰਗ ਕਰਦੇ ਹਨ। ਦਰਅਸਲ ਇਹ ਤਾਂ ਇਕ ਕਾਢ ਹੈ ਤੇ ਪਰਦੇ ਪਿਛੇ ਕੁਝ ਹੋਰ ਹੀ ਚਲ ਰਿਹਾ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਵਿਰਸਾ ਸਿੰਘ ਵਲਟੋਹਾ ਨੂੰ ਕੋਈ ਕੁਝ ਨਹੀਂ ਬੋਲਿਆ। ਸ਼੍ਰੋਮਣੀ ਕਮੇਟੀ ਨੇ ਇੰਨਾ ਕਹਿ ਕੇ ਪੱਲਾ ਝਾੜ ਦਿੱਤਾ ਕਿ ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ। ਕੀ





ਅਕਾਲੀ ਦਲ ਜੋ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ 'ਸੁਪਰੀਮ' ਮੰਨਦਾ ਹੈ, ਉਹ ਵਲਟੋਹਾ ਵਿਰੁੱਧ ਕਾਰਵਾਈ ਕਰੇਗਾ? ਸ਼ਾਇਦ ਨਹੀਂ ਕਿਉਂਕਿ ਇਨ੍ਹਾਂ ਦੇ ਆਪਣੇ ਬੰਦੇ ਜਦੋਂ ਜਥੇਬਾਰ ਬਾਰੇ ਬੋਲਦੇ ਹਨ ਤਾਂ ਉਦੋਂ ਉਹ ਆਮ ਵਿਅਕਤੀ ਬਣ ਜਾਂਦੇ ਹਨ ਪਰ ਜਦੋਂ ਕਿਸੇ ਹੋਰ ਪਾਰਟੀ ਜਾਂ ਧੜੇ ਦਾ ਆਗੂ ਜਥੇਦਾਰ ਬਾਰੇ ਕੁਝ ਬੋਲਦਾ ਹੈ ਤਾਂ ਉਹ 'ਸੁਪਰੀਮ' ਹੋ ਜਾਂਦੇ ਹਨ।

ਦਰਅਸਲ ਪਰਦੇ ਪਿਛੇ ਕੋਈ ਹੋਰ ਹੀ ਖੇਡ ਚਲ ਰਹੀ ਹੈ। ਅਕਾਲੀ ਦਲ ਨੇ 'ਜਥੇਦਾਰ' ਤੋਂ ਕਈ ਵਾਰ ਆਪਣੀ ਮਰਜ਼ੀ ਦੇ ਬਿਆਨ ਦਿਵਾਉਣ ਦੀ ਕੋਸ਼ਿਸ਼ ਕੀਤੀ ਤੇ ਕਈ ਵਾਰ ਉਹ ਬੋਲ ਵੀ ਗਏ ਪਰ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਨੇ 'ਜਥੇਦਾਰ' ਬਾਰੇ ਟਵੀਟ ਕੀਤਾ ਤਾਂ 'ਜਥੇਦਾਰ' ਨੇ ਕਹਿ ਦਿੱਤਾ, "ਮੈਨੂੰ ਪਤਾ ਹੈ ਕਿ ਸਿਆਸੀ ਆਗੂ ਆਪਣੀ ਮਰਜ਼ੀ ਦੇ ਫੈਸਲੇ ਕਰਵਾ ਲੈਂਦੇ ਹਨ' ਇਸ ਤਰ੍ਹਾਂ ਕਈ ਆਕੂਆਂ ਦੇ ਉਹ ਉਸ ਦਿਲ ਤੋਂ ਹੀ ਅੱਖਾਂ ਵਿਚ ਰੜਕਣ ਲੱਗ ਪਏ ਸਨ। ਇਸ ਪਰੀ ਕਹਾਣੀ ਦਾ ਪੂਰਾ ਸਾਰ ਇਹ ਬਣਦਾ ਹੈ ਕਿ ਅਕਾਲੀਆਂ ਲਈ ਗਿਆਨੀ ਹਰਪ੍ਰੀਤ ਸਿੰਘ 'ਸੁਪਰੀਮ' ਨਹੀਂ ਰਹੇ। ਜੇਕਰ ਇਹ ਸਾਬਤ ਕਰਨਾ ਚਾਹੁੰਦੇ ਹਨ ਤਾਂ ਅੱਜ ਹੀ ਵਿਰਸਾ ਸਿੰਘ ਵਲਟੋਹਾ ਨੂੰ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾਇਆ ਜਾਵੇ ਕਿਉਂ ਵਲਟੋਹਾ ਪਾਰਟਂ ਦੇ ਬੁਲਾਰੇ ਹਨ ਤੇ ਪਾਰਟੀ ਬੁਲਾਰੇ ਦੇ ਵਿਚਾਰ ਨਿੱਜੀ ਨਹੀਂ ਹੁੰਦੇ ਬਲਕਿ ਪਾਰਟੀ ਦੇ ਹੁੰਦੇ ਹਨ। ਜੇਕਰ ਅਕਾਲੀ ਦਲ ਅਜਿਹਾ ਨਹੀਂ ਕਰਦਾ ਤਾਂ ਭਵਿੱਖ ਵਿਚ ਦੂਜੇ ਆਗੂ 'ਜਥੇਦਾਰ' ਬਾਰੇ ਜੋ ਮਰਜ਼ੀ ਬੋਲਣ ਤਾਂ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਕੋਲ ਕੋਈ ਅਧਿਕਾਰ ਨਹੀਂ ਹੋਵੇਗਾ।

# ਸ਼ਹੀਦ ਭਾਈ ਪੰਜਵੜ ਦੀ ਤਸਵੀਰ ਗੁਰਦੁਆਰਾ ਸਿਖ ਸੈਂਟਰ ਫ਼ਰੈਂਕਫ਼ੋਰਟ (ਜਰਮਨੀ) ਦੇ ਅਜਾਇਬ ਘਰ ਵਿਚ ਕੀਤੀ ਸੁਸ਼ੋਭਿਤ

*ਵੱਖ-ਵੱਖ ਦੇਸ਼ਾਂ ਵਿਚੋਂ ਪਹੁੰਚੇ ਪੰਥਕ ਆਗੂਆਂ ਨੇ ਕੌਮੀ ਜਰਨੈਲ ਨੂੰ ਕੀਤੇ ਸ਼ਰਧਾ ਦੇ ਫੁੱਲ ਭੇਟ*

ਜਰਮਨੀ : ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ ਦੀ ਦੋ ਮੋਟਰਸਾਈਕਲ ਸਵਾਰ ਅਣਪਛਾਤੇ ਵਿਅਕਤੀਆਂ ਵਲੋਂ 6 ਮਈ ਦੀ ਸਵੇਰ ਸੈਰ ਕਰਦਿਆਂ ਨੂੰ ਲਾਹੌਰ ਜੌਹਰ ਟਾਊਨ ਵਿਚ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਸੀ। ਇਸ ਮੰਦਭਾਗੀ ਘਟਨਾ ਦਾ ਸਿੱਖਾਂ ਦੇ ਮਨਾਂ ਵਿਚ ਬਹੁਤ ਦੁੱਖ ਹੋਇਆ ਹੈ। ਖਾਸ ਕਰਕੇ ਖਾਲਿਸਤਾਨ ਦੀ ਲਹਿਰ ਨਾਲ ਜੁੜੀਆਂ ਪੰਥਕ ਜਥੇਬੰਦੀਆਂ ਵਿਚ ਰੋਹ ਦੀ ਲਹਿਰ ਦੇਖਣ ਨੂੰ ਮਿਲੀ।

ਸ਼ਹੀਦ ਭਾਈ ਪੰਜਵੜ ਦੇ ਦਰਬਾਰ ਸਾਹਿਬ ਵਿਚ ਸ਼ਰਧਾਂਜਲੀ ਸਮਾਗਮ ਤੋਂ ਬਾਅਦ ਵੱਖ-ਵੱਖ ਦੇਸ਼ਾਂ ਵਿਚ ਵੀ ਇਹ ਸ਼ਰਧਾਂਜਲੀ ਸਮਾਗਮ ਕੀਤੇ ਜਾ ਰਹੇ ਹਨ। ਇਸੇ ਕੜੀ ਦੌਰਾਨ ਗੁਰਦੁਆਰਾ ਸਿੱਖ ਸੈਂਟਰ ਫ਼ਰੈਂਕਫ਼ੋਰਟ (ਜਰਮਨੀ) ਵਿਚ ਇਕ ਵਿਸ਼ੇਸ਼ ਸਮਾਗਮ ਭਾਈ ਪੰਜਵੜ ਦੇ ਨਮਿਨ ਕਰਵਾਇਆ ਗਿਆ। ਇਸ ਸਮਾਗਮ ਵਿਚ ਯੂਰਪ ਦੇ ਵੱਖ-ਵੱਖ ਦੇਸ਼ਾਂ ਵਿਚੋਂ ਭਾਰੀ ਗਿਣਤੀ ਵਿਚ ਪੰਥਕ ਸ਼ਖਸੀਅਤਾਂ ਨੇ ਆਪਣੇ ਕੌਮੀ ਜਰਨੈਲ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਵੱਖ-ਵੱਖ ਬੁਲਾਰਿਆਂ ਵਲੋਂ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਭਾਰਤੀ ਏਜੰਸੀਆਂ ਸਾਡੇ ਜਰਨੈਲਾਂ ਜਾਂ ਅਜ਼ਾਦੀ ਦੇ ਸੰਘਰਸ਼ ਲੜਨ ਵਾਲਿਆਂ ਨੂੰ ਸ਼ਹੀਦ ਕਰ ਸਾਨੂੰ ਮੰਜ਼ਲ ਵਲ ਵਧਣ ਤੋਂ ਨਹੀਂ ਰੋਕ ਸਕੇਗੀ। ਅਸੀਂ ਆਪਣੀ ਲੜਾਈ ਖਾਲਿਸਤਾਨ ਦੀ ਪ੍ਰਾਪਤੀ ਤੱਕ ਜਾਰੀ ਰੱਖਾਂਗੇ। ਸਮਾਗਮ ਵਿਚ ਭਾਈ ਗੁਰਦਿਆਲ ਸਿੰਘ ਲਾਲੀ, ਭਾਈ ਗੁਰਮੀਤ ਸਿੰਘ ਖਨਿਆਨ, ਭਾਈ ਅਮਰਜੀਤ ਸਿੰਘ ਖਾਲੜਾ, ਭਾਈ



ਗੁਰਮੀਤ ਸਿੰਘ ਸਪੁੱਤਰ ਸ਼ਹੀਦ ਭਾਈ ਮਨਵੀਰ ਸਿੰਘ ਚਹੇੜੂ, ਜਥੇਦਾਰ ਰੇਸ਼ਮ ਸਿੰਘ ਬੱਬਰ, ਭਾਈ ਭੁਪਿੰਦਰ ਸਿੰਘ ਭਲਵਾਨ ਆਦਿ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਕੌਮੀ ਜਰਨੈਲ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਮੌਕੇ ਨਾਨਕਾ ਪ੍ਰਵਾਰ ਅਤੇ ਪੰਥਕ ਜਥੇਬੰਦੀਆਂ ਵਲੋਂ ਭਾਈ ਪੰਜਵੜ ਦੇ ਵੱਡੇ ਸਪੁੱਤਰ ਬੇਟਾ ਸ਼ਾਹਬਾਜ਼ ਸਿੰਘ ਨੂੰ ਦਸਤਾਰ ਅਤੇ ਤਸਵੀਰ ਭੇਟ ਕੀਤੀ ਗਈ। ਵਿਸ਼ੇਸ਼ ਤੌਰ 'ਤੇ ਪਹੁੰਚੇ ਸਹੀਦ ਭਾਈ ਮਨਵੀਰ ਸਿੰਘ ਚਹੇੜੂ ਦੇ ਸਪੁੱਤਰ ਗੁਰਮੀਤ ਸਿੰਘ ਅਤੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਭਰਾਤਾ ਭਾਈ ਅਮਰਜੀਤ ਸਿੰਘ ਖਾਲੜਾ ਨੂੰ ਪੰਥਕ ਜਥੇਬੰਦੀਆਂ ਵਲੋਂ ਸਿਰੋਪੇ ਭੇਟ ਕਰ ਸਨਮਾਨਿਤ ਕੀਤਾ ਗਿਆ। ਇਸੇ ਸਮਾਗਮ ਵਿਚ ਭਾਈ ਦਲਜੀਤ ਸਿੰਘ ਬਿੱਟੂ ਦਾ ਰਿਕਾਰਡ ਕੀਤਾ ਸੰਦੇਸ਼ ਸੰਗਤਾਂ ਦੇ ਨਾਲ ਸਾਂਝਾ ਕੀਤਾ ਜਿਸ ਵਿਚ ਸ਼ਹੀਦ ਭਾਈ ਪੰਜਵੜ ਦੀਆਂ ਕੀਤੀਆਂ ਸੇਵਾਵਾਂ ਅਤੇ ਪ੍ਰਵਾਰ ਦੀਆਂ ਕੁਰਬਾਨੀਆਂ ਸਿੱਖ ਸੰਘਰਸ਼ਸ਼ੀਲ ਯੋਧਿਆਂ ਲਈ ਪ੍ਰੇਰਨਾਸਰੋਤ ਹੈ, ਸਾਨੂੰ ਹਿੰਦ ਸਰਕਾਰ ਦੀਆਂ ਇਨ੍ਹਾਂ ਕੋਝੀਆਂ ਹਰਕਤਾਂ ਤੋਂ ਸੁਚੇਤ ਹੋ ਕੇ ਆਪਣੀ ਮੰਜ਼ਲ ਵਲਵਧਣ ਬਾਰੇ ਸੁਨੇਹਾ ਸੀ। ਸਮਾਗਮ ਦੇ ਅੰਤ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਗਤਾਂ ਅਤੇ ਪੰਥਕ ਜਥੇਬੰਦੀਆਂ ਦੀ ਹਾਜ਼ਰੀ ਵਿਚ ਖਾਲਿਸਤਾਨ ਜ਼ਿੰਦਾਬਾਦ ਦੇ ਜੈਕਾਰਿਆਂ ਦੀ ਗੂੰਜ ਨਾਲ ਸ਼ਹੀਦ ਭਾਈ ਪੰਜਵੜ ਦੀ ਤਸਵੀਰ ਗੁਰੂ ਘਰ ਵਿਚ ਸੁਸ਼ੋਭਿਤ ਕੀਤੀ।

# ਅੰਮ੍ਰਿਤਸਰ ਧਮਾਕਾ: ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ 'ਚ ਸੁਰੱਖਿਆ ਪ੍ਰਬੰਧ ਵਧਾਏ

*ਪ੍ਰਵੇਸ਼ ਦੁਆਰਾਂ 'ਤੇ ਪਹਿਲੀ ਵਾਰ ਮਹਿਲਾ ਮੁਲਾਜ਼ਮ ਤਾਇਨਾਤ; ਮਹਿਲਾ ਸੈਲਾਨੀਆਂ ਦੀ ਹੋਵੇਗੀ ਜਾਂਚ*

ਅੰਮ੍ਰਿਤਸਰ : ਸ੍ਰੀ ਦਰਬਾਰ ਸਾਹਿਬ ਸਮੂਹ ਨੇੜੇ ਧਮਾਕਿਆਂ ਦੀਆਂ ਘਟਨਾਵਾਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਰਬਾਰ ਸਾਹਿਬ ਦੇ ਅੰਦਰ ਅਤੇ ਆਲੇ-ਦੁਆਲੇ ਸੁਰੱਖਿਆ ਪ੍ਰਬੰਧਾਂ ਵਿੱਚ ਵਾਧਾ ਕਰ ਦਿੱਤਾ ਹੈ। ਇਨ੍ਹਾਂ ਘਟਨਾਵਾਂ ਤੋਂ ਬਾਅਦ ਇਹ ਪਹਿਲੀ ਵਾਰ ਹੋਇਆ ਹੈ ਕਿ ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਦੇ ਸਾਰੇ ਪ੍ਰਵੇਸ਼ ਦੁਆਰਾਂ 'ਤੇ ਮਹਿਲਾ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਹੈ।

ਇਸ ਧਰਮ ਅਸਥਾਨ 'ਤੇ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ ਜਿਨ੍ਹਾਂ ਦੀ ਆਮਦ ਨੂੰ ਧਿਆਨ ਵਿੱਚ ਰੱਖਦੇ ਹੋਏ ਜੋੜਾਘਰ ਨੇੜੇ ਇੱਕ ਵੱਡੇ ਆਕਾਰ ਦੀ ਐੱਲਈਡੀ ਵੀ ਲਗਾਈ ਗਈ ਹੈ, ਜੋ ਬਹੁ-ਭਾਸ਼ਾਈ ਸ਼ਬਦਾਂ ਤੇ ਆਵਾਜ਼ ਵਿੱਚ 'ਕੀ ਕਰਨਾ ਅਤੇ ਕੀ ਨਾ ਕਰਨਾ' ਬਾਰੇ ਜਾਣਕਾਰੀ ਦੇਵੇਗੀ। ਇਸ ਤੋਂ ਇਲਾਵਾ ਐੱਲਈਡੀ ਰਾਹੀਂ ਧਾਰਮਿਕ ਮਰਿਆਦਾ ਅਤੇ ਸਿੱਖ ਸਿਧਾਂਤਾਂ ਦੀ ਮਹੱਤਤਾ ਨੂੰ ਦਰਸਾਉਂਦੀ ਜਾਣਕਾਰੀ ਦਿੱਤੀ ਜਾਵੇਗੀ। ਇਸ ਨਾਲ ਅਕਾਲ ਤਖ਼ਤ, ਇਤਿਹਾਸਕ 'ਦੁੱਖ ਭੰਜਨੀ ਬੇਰੀ', 'ਬੇਰ ਬਾਬਾ ਬੁੱਢਾ ਸਾਹਿਬ' ਅਤੇ ਲਾਚੀ ਬੇਰ ਵਰਗੇ ਹੋਰ ਮਹੱਤਵਪੂਰਨ ਸਥਾਨਾਂ ਬਾਰੇ ਵੀ ਜਾਣੂ ਕਰਵਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਦਰਬਾਰ ਸਾਹਿਬ ਕੰਪਲੈਕਸ ਵਿਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਪਹਿਲਾਂ ਹੀ ਵੱਖਰੇ ਪੱਕੇ ਬੋਰਡ ਲਾਏ ਹੋਏ ਹਨ, ਜਿਨ੍ਹਾਂ 'ਤੇ ਗੁਰੂ ਘਰ ਵਿਚ ਸਿਗਰਟ, ਤੰਬਾਕੂ ਜਾਂ ਕੋਈ ਵੀ ਨਸ਼ਾ ਕਰਨ ਵਾਲੀ ਵਸਤੂ ਨਾ ਲਿਜਾਣ ਬਾਰੇ ਲਿਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ



ਗਰੇਵਾਲ ਨੇ ਕਿਹਾ ਕਿ ਇਹ ਸਾਰੇ ਕਦਮ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ ਚੁੱਕੇ ਗਏ ਹਨ। ਪਹਿਲੀ ਵਾਰ ਦਾਖਲਾ ਗੇਟਾਂ 'ਤੇ ਮਹਿਲਾ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਗਿਆ ਅਤੇ ਐੱਲਈਡੀ ਲਗਾਈ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਦਰਬਾਰ ਸਾਹਿਬ ਦੇ ਪ੍ਰਵੇਸ਼ ਦੁਆਰ 'ਤੇ ਸਕੈਨਰ ਅਤੇ ਹੋਰ ਸੀਸੀਟੀਵੀ ਲਗਾਉਣ ਦੀ ਵੀ ਯੋਜਨਾ ਹੈ। ਪਹਿਲਾਂ ਵੀ ਇੱਥੇ ਵੱਡੀ ਗਿਣਤੀ 'ਚ ਸੀਸੀਟੀਵੀ ਕੈਮਰੇ ਲੱਗੇ ਹੋਏ ਹਨ ਅਤੇ ਹੁਣ ਗਲਿਆਰੇ ਵਿਚ ਵੀ ਸੀਸੀਟੀਵੀ ਕੈਮਰੇ ਲਾਏ ਜਾਣਗੇ। ਉਨ੍ਹਾਂ ਦੱਸਿਆ ਕਿ ਮਹਿਲਾ ਮੁਲਾਜ਼ਮ ਪ੍ਰਵੇਸ਼ ਦੁਆਰਾਂ 'ਤੇ ਮਹਿਲਾ ਸੈਲਾਨੀਆਂ ਦੇ ਸਾਮਾਨ ਦੀ ਜਾਂਚ ਕਰਨਗੇ। ਸ਼੍ਰੋਮਣੀ ਕਮੇਟੀ ਵੱਲੋਂ ਦਰਬਾਰ ਸਾਹਿਬ ਤੋਂ ਇਲਾਵਾ ਹੋਰ ਗੁਰੂ ਘਰਾਂ ਵਿੱਚ ਵੀ ਇਹੀ ਸੁਰੱਖਿਆ ਪ੍ਰਕਿਰਿਆ ਅਪਣਾਈ ਜਾਵੇਗੀ।

ਕਾਬਿਲੇਗੌਰ ਹੈ ਕਿ ਹਾਲ ਹੀ ਵਿਚ ਵਾਪਰੀਆਂ ਧਮਾਕੇ ਦੀਆਂ ਘਟਨਾਵਾਂ ਦੇ ਸਬੰਧ ਵਿਚ ਕਾਬੂ ਕੀਤੇ ਗਏ ਮੁਲਜ਼ਮਾਂ ਦੇ ਨਾਲ ਇੱਕ ਔਰਤ ਵੀ ਸ਼ਾਮਲ ਸੀ। ਉਹ ਦਰਬਾਰ ਸਾਹਿਬ ਕੰਪਲੈਕਸ ਅੰਦਰ ਸਥਿਤ ਸ੍ਰੀ ਗੁਰੂ ਰਾਮ ਦਾਸ ਸਰਾਂ ਵਿੱਚ ਠਹਿਰੇ ਅਤੇ ਸਰਾਵਾਂ ਦੇ ਅੰਦਰ ਧਮਾਕਾ ਸਮੱਗਰੀ ਤੋਂ ਆਸਾਨੀ ਨਾਲ ਦੇਸੀ ਬੰਬ ਤਿਆਰ ਕੀਤਾ। ਪੁਲੀਸ ਨੇ ਉਨ੍ਹਾਂ ਦੇ ਕਬਜ਼ੇ 'ਚੋਂ ਇਕ ਬੈਗ ਬਰਾਮਦ ਕੀਤਾ ਸੀ, ਜਿਸ 'ਚ ਧਮਾਕਾ ਸਮੱਗਰੀ ਸੀ। ਉਸ ਵੇਲੇ ਅਜਿਹੀ ਸੁਰੱਖਿਆ ਅਤੇ ਚੌਕਸੀ ਨਾ ਹੋਣ ਕਾਰਨ ਹੀ ਉਹ ਸਾਰੇ ਇਹ ਸਮੱਗਰੀ ਲੈ ਕੇ ਸਰਾਂ ਵਿਚ ਪੁੱਜ ਗਏ ਸਨ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ




ਵਿਸ਼ਵ ਦੇ ਇਤਿਹਾਸ ਵਿਚ ਸਭ ਤੋਂ ਪਹਿਲੀ ਸ਼ਹਾਦਤ ਸੁਕਰਾਤ ਦੀ ਸੀ। ਸੁਕਰਾਤ ਦਾ ਜਨਮ 470 ਬੀ.ਸੀ (ਈਸਾ ਮਸੀਹ ਤੋਂ ਪਹਿਲਾਂ) ਯੂਨਾਨ ਦੇ ਇਕ ਇਲਾਕੇ ਏਥਨਸ ਦੇ ਪਿੰਡ ਡੇਮੀਕਲੋਪੇਕ ਵਿਚ ਹੋਇਆ। ਸੁਕਰਾਤ ਦੀ ਮੌਤ 399 ਬੀ.ਸੀ (ਈਸਾ ਮਸੀਹ ਤੋਂ ਪਹਿਲਾਂ) ਤਕਰੀਬਨ 71 ਸਾਲ ਦੀ ਉਮਰ ਵਿਚ ਹੋਈ। ਉਸ ਨੂੰ ਹੈਮਲੌਕ ਨਾਮੀ ਜ਼ਹਿਰ ਪਿਲਾ ਕੇ ਸ਼ਹੀਦ ਕੀਤਾ ਗਿਆ।

ਵਿਦਿਆਰਥੀ ਦੇ ਤੌਰ 'ਤੇ ਸੁਕਰਾਤ ਨੇ ਸੰਗੀਤ, ਗਰਾਮਰ ਅਤੇ ਜਿਮਨਾਸਟਿਕ ਪੜ੍ਹੀ, ਜੋ ਉਹਨਾਂ ਦਿਨਾਂ ਵਿਚ ਯੂਨਾਨੀ ਨੌਜਵਾਨ ਪੜ੍ਹਦੇ ਸਨ। ਸੁਕਰਾਤ ਦੇ ਪਿਤਾ ਦਾ ਨਾਂ ਸਫਰੋਨਿਕਸ ਸੀ ਜੋ ਕਿ ਪੱਥਰਘਾੜਾ ਸਨ। ਸੁਕਰਾਤ ਵੀ ਆਪਣੇ ਪਿਤਾ ਵਾਂਗ ਇਕ ਅੱਛਾ ਪੱਥਰਘਾੜਾ ਬਣਿਆ। ਸੁਕਰਾਤ ਨੇ ਫੌਜ ਵਿਚ ਭਰਤੀ ਹੋ ਕੇ ਪੁਟੀਡਾ ਦੀ ਲੜਾਈ ਵਿਚ ਜਨਰਲ ਐਲਕੀਬਾਲਡਿਸ ਦੀ ਜਾਨ ਬਚਾਈ।

ਸੁਕਰਾਤ ਦੀ ਸੂਝ-ਬੂਝ ਬਹੁਤ ਅੱਛੀ ਸੀ ਅਤੇ ਉਸ ਨੂੰ ਪੱਛਮੀ ਫਿਲਾਸਫੀ ਦਾ ਪਿਤਾ ਸਮਝਿਆ ਜਾਂਦਾ ਹੈ। ਸੁਕਰਾਤ ਗੁਣਵਾਨ ਅਤੇ ਗਿਆਨਵਾਨ ਜੀਵਨ ਨੂੰ ਹੀ ਸਹੀ ਜੀਵਨ ਸਮਝਦਾ ਸੀ। ਸੁਕਰਾਤ ਆਜ਼ਾਦ ਵਿਚਾਰਾਂ ਵਾਲਾ ਫਿਲਾਸਫਰ ਸੀ। ਉਹਨਾਂ ਦਿਨਾਂ ਵਿਚ ਏਥਨ ਵਿਚ ਲੋਕ ਰਾਜ ਸੀ। ਸੁਕਰਾਤ ਲੋਕ ਰਾਜ ਦੇ ਹੱਕ ਵਿਚ ਨਹੀ ਸੀ। ਸਮੇਂ ਦੀ ਸਰਕਾਰ ਨੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ। ਜ਼ਿਆਦਤਰ ਲੋਕ ਸਮਝਦੇ ਸਨ ਕਿ ਉਹ ਮੌਤ ਤੋ ਬਚਣ ਲਈ ਏਥਨ ਛੱਡ ਕੇ ਕਿਸੇ ਹੋਰ ਸ਼ਹਿਰ ਚਲਾ ਜਾਵੇਗਾ। ਪਰ ਉਸ ਨੇ ਅਜਿਹਾ ਨਹੀਂ ਕੀਤਾ। ਸੁਕਰਾਤ ਨੇ ਬਹਾਦਰੀ, ਇਨਸਾਨੀਅਤ ਅਤੇ ਸੱਚ ਦੇ ਨਾਂ 'ਤੇ ਹੈਮਲੌਕ ਜ਼ਹਿਰ ਦਾ ਪਿਆਲਾ ਪੀ ਕੇ ਮੌਤ ਨੂੰ ਹੱਸ ਕੇ ਸਵੀਕਾਰ ਕੀਤਾ। ਉਸ ਦੀ ਮੌਤ ਦੇ ਸਮੇਂ ਉਸ ਦਾ ਸੁਪ੍ਰਸਿੱਧ ਚੇਲਾ, ਪਲੈਟੋ ਵੀ ਉਥੇ ਹੀ ਮੌਜੂਦ ਸੀ। ਸੁਕਰਾਤ ਦੁਨੀਆ ਨੂੰ ਸਿੱਧ ਕਰਨਾ ਚਾਹੁੰਦਾ ਸੀ ਕਿ ਉਹ ਮੌਤ ਤੋਂ ਨਹੀਂ ਡਰਦਾ। ਉਸ ਦੀ ਫਿਲਾਸਫੀ ਵੀ ਇਹੀ ਸੀ ਕਿ ਗੁਣ ਅਤੇ ਗਿਆਨ ਸਾਨੂੰ ਮੌਤ ਲਈ ਤਿਆਰ ਕਰਦੇ ਹਨ ਅਤੇ ਡਰ ਤੋਂ ਮੁਕਤ ਕਰਦੇ ਹਨ।

ਗਲੀਲੀਓ ਇਕ ਜਗਤ ਪ੍ਰਸਿੱਧ ਇਟਲੀ ਦਾ ਸਾਇੰਸਦਾਨ ਹੋਇਆ ਹੈ। ਗਲੀਲੀਓ ਦਾ ਜਨਮ 1564 ਈ ਵਿਚ ਹੋਇਆ। 1642 ਈ ਵਿਚ 78 ਸਾਲ ਦੀ ਉਮਰ ਵਿਚ ਕੈਦ ਕੱਟਦਿਆਂ ਇਸ ਦੀ ਮੌਤ ਹੋਈ। ਗਲੀਲੀਓ ਇਟਲੀ ਦਾ ਭੌਤਿਕ ਵਿਗਿਆਨੀ ਸੀ। ਉਸ ਜ਼ਮਾਨੇ ਵਿਚ ਐਰਸਟੌਟਲ ਦੇ ਵਿਚਾਰ ਹੀ ਮੰਨੇ ਜਾਂਦੇ ਸਨ, ਜਿਸ ਵਿਚ ਧਰਤੀ ਨੂੰ ਸਾਰੀ ਸ੍ਰਿਸ਼ਟੀ ਦਾ ਮੱਧ ਮੰਨਦੇ ਸਨ ਤੇ ਸਮਝਦੇ ਸਨ ਕਿ ਸੂਰਜ ਚੰਦ ਆਦਿਕ ਧਰਤੀ ਦੁਆਲੇ ਘੁੰਮਦੇ ਹਨ। ਇਹ ਸਮਝਿਆ ਜਾਂਦਾ ਸੀ ਕਿ ਧਰਤੀ ਖੜੀ ਹੈ ਚੰਦ ਅਤੇ ਸੂਰਜ ਆਦਿ ਗ੍ਰਹਿ ਚਲ ਰਹੇ ਹਨ।

ਗਲੀਲੀਓ ਨੇ ਦੂਰਬੀਨ ਬਣਾਈ ਅਤੇ ਇਸ ਦੀ ਸਹਾਇਤਾ ਨਾਲ ਸਿਤਾਰਿਆਂ ਆਦਿਕ ਨੂੰ ਦੇਖਿਆ। ਗਲੀਲੀਓ ਇਸ ਸਿੱਟੇ 'ਤੇ ਪਹੁੰਚਿਆ ਕਿ ਸੂਰਜ ਖੜ੍ਹਾ ਹੈ ਧਰਤੀ, ਚੰਦ ਅਤੇ ਵੀਨਸ ਆਦਿ ਇਸ ਦੇ ਦੁਆਲੇ ਘੁੰਮ ਰਹੇ ਹਨ। ਕ੍ਰਿਸ਼ਚਨ ਚਰਚ ਨੇ ਦੋ ਵਾਰ ਉਸ ਨੂੰ ਈਸਾਈ ਮਤ ਦੇ ਵਿਰੁੱਧ ਕੁਫਰ ਦੇ ਦੋਸ਼ ਲਾ ਕੇ ਉਸ ਨੂੰ ਸਜ਼ਾ ਸੁਣਾਈ ਅਤੇ ਮਰਨ ਤੱਕ ਉਸ ਨੂੰ ਜੇਲ ਵਿਚ ਰੱਖਿਆ ਗਿਆ। ਇਸ ਤੋਂ ਪਤਾ ਲੱਗਦਾ ਹੈ ਕਿ ਸੱਚੇ ਫਾਂਸੀ ਚੜ੍ਹਦੇ ਦੇਖੇ। ਹੁਣ ਉਸੇ ਹੀ ਗਲੀਲੀਓ ਨੂੰ ਆਧੁਨਿਕ ਸਾਇੰਸ ਦਾ ਪਿਤਾ ਕਿਹਾ ਜਾਂਦਾ ਹੈ।

ਸ਼ਹਾਦਤ ਆਪਣਾ ਬਲਿਦਾਨ ਦੇਣ ਦਾ ਨਾਮ ਹੈ। ਜੋ ਵਿਅਕਤੀ ਆਪਣੀ ਸੋਝੀ ਨਾਲ ਕਿਸੇ ਖਾਸ ਮੁੱਦੇ, ਦੇਸ਼, ਧਰਮ ਅਤੇ ਲੋਕ ਭਲਾਈ ਲਈ ਆਪਣੇ ਸਰੀਰ ਨੂੰ ਮਹੱਤਤਾ ਨਾ ਦਿੰਦਾ ਹੋਇਆ ਬਲਿਦਾਨ ਕਰਦਾ ਹੈ ਉਸ ਨੂੰ ਸ਼ਹੀਦ ਕਿਹਾ ਜਾਂਦਾ ਹੈ। ਭਾਰਤ ਵਿਚ ਪੁਰਾਣੇ ਸਮੇਂ ਤੋਂ ਹੀ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਲਈ ਪਸ਼ੂ ਦੀ ਬਲੀ ਦੇਣ ਦੀ ਪ੍ਰਥਾ ਚੱਲਦੀ ਆ ਰਹੀ ਹੈ। ਅੱਜ-ਕੱਲ੍ਹ ਵੀ ਬਕਰੇ ਆਦਿਕ ਝਟਕਾਏ ਜਾਂਦੇ ਹਨ। ਮੁਸਲਾਮਾਨਾਂ ਵਿਚ ਵੀ ਇਹ ਪ੍ਰਪੰਰਾ ਰਹੀ ਹੈ।

ਸਿੱਖੀ ਉਤਰੀ ਭਾਰਤ ਵਿਚ ਸ਼ੁਰੂ ਹੋਈ ਅਤੇ ਇਸ ਦਾ ਜਨਮ ਗੁਰੂ ਨਾਨਕ ਦੇਵ ਜੀ ਦੇ ਜਨਮ (1469 ਈ.) ਨਾਲ ਹੀ ਕਹਿ ਸਕਦੇ ਹਾਂ। ਬਾਬਰ, ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਹੋਇਆ ਹੈ ਅਤੇ ਇਸ ਨੇ 1526 ਵਿਚ ਹਿੰਦੁਸਤਾਨ ਵਿਚ ਰਾਜ ਸਥਾਪਿਤ ਕੀਤਾ। ਬਾਬਰ ਦੇ ਮਰਨ ਤੋਂ ਬਾਅਦ ਹਿੰਮਾਯੂ ਰਾਜ ਨਾ ਸੰਭਾਲ ਸਕਿਆ।

(ਚਲਦਾ)

# ਵਿਰੋਧੀ ਆਗੂਆਂ ਦਾ ਮਾਨਸਿਕ ਤਵਾਜ਼ਨ ਵਿਗੜਿਆ: ਭਗਵੰਤ ਮਾਨ

## ਮੁੱਖ ਮੰਤਰੀ ਵੱਲੋਂ ਪਟਿਆਲਾ ਦੇ ਆਧੁਨਿਕ ਬੱਸ ਅੱਡੇ ਦਾ ਉਦਘਾਟਨ



ਪਟਿਆਲਾ : ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਪਟਿਆਲਾ ਵਿੱਚ 61 ਕਰੋੜ ਦੀ ਲਾਗਤ ਨਾਲ ਬਣੇ ਅਤਿ ਆਧੁਨਿਕ ਬੱਸ ਅੱਡੇ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਇਸ ਬੱਸ ਅੱਡੇ ਦੀ ਤਰਜ਼ 'ਤੇ ਸੂਬੇ 'ਚ ਹੋਰ ਬੱਸ ਅੱਡੇ ਵੀ ਉਸਾਰੇ ਜਾਣਗੇ। ਜਲੰਧਰ ਜ਼ਿਮਨੀ ਚੋਣ ਵਿੱਚ ਮਿਲੀ ਜਿੱਤ ਬਾਰੇ ਗੱਲਬਾਤ ਕਰਦਿਆਂ ਸ੍ਰੀ ਨੇ ਕਿਹਾ ਕਿ ਜਲੰਧਰ ਵਾਸੀਆਂ ਨੇ 'ਆਪ' ਵੱਲੋਂ ਪੰਜਾਬ ਵਾਸੀਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੇ ਆਧਾਰ 'ਤੇ ਅਕਾਲੀ ਦਲ, ਭਾਜਪਾ ਤੇ ਕਾਂਗਰਸੀ ਆਗੂਆਂ ਦੇ ਹੰਕਾਰ ਨੂੰ ਕਰਾਰਾ ਜਵਾਬ ਦਿੱਤਾ ਹੈ। ਵਿਰੋਧੀ ਧਿਰਾਂ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਦੇ ਆਗੂ ਤਹਿਜ਼ੀਬ ਭੁੱਲ ਗਏ ਹਨ ਅਤੇ ਆਪਣਾ ਮਾਨਸਿਕ ਤਵਾਜ਼ਨ ਗੁਆ ਬੈਠੇ ਹਨ। ਉਨ੍ਹਾਂ ਆਖਿਆ ਕਿ ਉਕਤ ਆਗੂ ਮੁੱਖ ਮੰਤਰੀ ਦੇ ਅਹੁਦੇ ਦੀ ਮਰਿਆਦਾ ਭੁੱਲ ਕੇ ਮੈਨੂੰ ਮੰਦਾ-ਚੰਗਾ ਬੋਲਦੇ ਰਹੇ ਪਰ ਪਹਾੜੀ ਸਕੂਲਾਂ ਵਿੱਚ ਪੜ੍ਹੇ ਇਹ ਆਗੂ, ਪੇਂਡੂ ਸਕੂਲਾਂ ਵਿੱਚ ਪੜ੍ਹੇ ਲੋਕਾਂ ਦੀ ਸਮਝਦਾਰੀ ਅੱਗੇ ਹਾਰ ਗਏ। ਭਗਵੰਤ ਮਾਨ ਨੇ ਐਲਾਨ ਕੀਤਾ ਕਿ ਇਸ ਵਾਰ ਝੋਨੇ ਦੇ ਸੀਜ਼ਨ ਦੌਰਾਨ ਨਹਿਰਾਂ ਵਿੱਚ ਵਧੇਰੇ ਪਾਣੀ ਛੱਡਿਆ ਜਾਵੇਗਾ ਤਾਂ ਜੋ ਧਰਤੀ ਹੇਠਲੇ ਪਾਣੀ ਦੀ ਬੱਚਤ ਹੋ ਸਕੇ। ਸੁਖਬੀਰ ਸਿੰਘ ਬਾਦਲ ਬਾਰੇ ਪੁੱਛੇ ਸਵਾਲ ਦਾ ਜਵਾਬ ਦੇਣ ਤੋਂ ਟਾਲਾ ਵੱਟਦਿਆਂ ਸ੍ਰੀ ਮਾਨ ਨੇ ਕਿਹਾ ਕਿ ਸੁਖਬੀਰ ਬਾਦਲ ਨੂੰ ਪੰਜਾਬ ਦੇ ਮਸਲਿਆਂ ਅਤੇ ਸੂਬੇ ਦੀ ਰੂਹਾਨੀਅਤ ਦਾ ਪਤਾ ਹੀ ਨਹੀਂ ਹੈ। ਬਿਕਰਮ ਸਿੰਘ ਮਜੀਠੀਆ ਬਾਰੇ ਉਨ੍ਹਾਂ ਕਿਹਾ ਕਿ ਉਹ ਹੁਣ ਉਨ੍ਹਾਂ ਦੀਆਂ ਗੱਲਾਂ ਦਾ ਕੀ ਜਵਾਬ ਦਈਏ, ਜਿਨ੍ਹਾਂ ਦੇ ਪੁਰਖਿਆਂ ਨੇ ਜਨਰਲ ਓ'ਡਵਾਇਰ ਨੂੰ ਉਸੇ ਸ਼ਾਮ ਆਪਣੇ ਘਰ ਰਾਤ ਦੇ ਭੋਜ 'ਤੇ ਸੱਦਿਆ ਸੀ, ਜਿਸ ਦਿਨ ਉਸ ਨੇ ਜੱਲ੍ਹਿਆਂਵਾਲਾ ਬਾਗ਼ ਵਿੱਚ ਬੇਗੁਨਾਹ ਭਾਰਤੀਆਂ ਨੂੰ ਕਤਲ ਕੀਤਾ ਸੀ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪਹਿਲਾਂ ਪੰਜਾਬ 'ਚ ਲੰਬੀ ਕੋਲ ਮਹੂਆਣਾ ਵਿੱਚ ਇੱਕ ਹੀ ਡਰਾਈਵਿੰਗ ਸਕੂਲ ਬਣਾਇਆ ਗਿਆ ਹੈ, ਪਰ ਹੁਣ ਸਰਕਾਰ ਨੇ ਇਹ ਫ਼ੈਸਲਾ ਕੀਤਾ ਹੈ ਕਿ ਇਕ ਡਰਾਈਵਿੰਗ ਸਕੂਲ ਅਮਰਗੜ੍ਹ ਕੋਲ ਪਿੰਡ ਤੋਲੇਵਾਲ ਵਿੱਚ ਬਣਾਇਆ ਜਾਵੇਗਾ। ਇਸੇ ਤਰ੍ਹਾਂ ਮਾਝੇ ਤੇ ਦੁਆਬੇ ਵਿੱਚ ਵੀ ਡਰਾਈਵਿੰਗ ਸਕੂਲ ਬਣਾਏ ਜਾਣਗੇ।

# ਸੰਤ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ 2 ਜੂਨ ਨੂੰ ਪਿੰਡ ਰੋਡੇ ਵਿਖੇ, ਸੰਗਤਾਂ ਵਿਚ ਭਾਰੀ ਉਤਸ਼ਾਹ

ਅੰਮ੍ਰਿਤਸਰ : ਵੀਹਵੀਂ ਸਦੀ ਦੇ ਮਹਾਨ ਜਰਨੈਲ, ਦਮਦਮੀ ਟਸਕਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ 2 ਜੂਨ ਦਿਨ ਸ਼ੁੱਕਰਵਾਰ ਨੂੰ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਆਯੋਜਿਤ ਕੀਤੇ ਜਾ ਰਹੇ ਸਮਾਗਮਾਂ ਦੀਆਂ ਤਿਆਰੀਆਂ ਲਈ ਸਿੱਖ ਪੰਥ ਦੀਆਂ ਮੋਹਰੀ ਸਫ਼ਾਂ ਵਿਚ ਅਣਥੱਕ ਅਤੇ ਨਿੱਗਰ ਸੇਵਾਵਾਂ ਨਿਭਆ ਰਹੀ ਜਥੇਬੰਦੀ ਇੰਟਰਨੈਸ਼ਨਲ ਪੰਥਕ ਦਲ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ ਦੀ ਅਗਵਾਈ ਵਿਚ ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਵਿਖੇ ਵਿਸ਼ੇਸ਼ ਇਕੱਤਰਤਾ ਬੁਲਾਈ ਗਈ, ਜਿਸ ਦੌਰਾਨ ਜਥੇਬੰਦੀ ਦੇ ਸੀਨੀਅਰ ਆਗੂਆਂ, ਨਗਰ ਅਤੇ ਇਲਾਕੇ ਦੀਆਂ ਨਾਮਵਰ ਸ਼ਖਸੀਅਤਾਂ ਨੇ ਉਤਸ਼ਾਹਪੂਰਵਕ ਸ਼ਿਰਕਤ ਕੀਤੀ। ਇਕੱਤਰਤਾ ਦੌਰਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ 2 ਜੂਨ 2023 ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਵਿਚਾਰਾਂ ਅਤੇ ਵਿਉਂਤਬੰਦੀ ਕੀਤੀ ਗਈ। ਭਾਵੇਂ ਕਿ ਨਗਰ ਅਤੇ ਇਲਾਕੇ ਦੀਆਂ ਸੰਗਤਾਂ ਵਲੋਂ ਹਰ ਵਰ੍ਹੇ ਸਲਾਨਾ ਜੋੜ ਮੇਲੇ ਦੇ ਰੂਪ ਵਿਚ ਸੰਤ ਜੀ ਦਾ ਜਨਮ ਦਿਹਾੜਾ ਉਨ੍ਹਾਂ ਦੇ ਜਨਮ ਅਸਥਾਨ ਗੁਰਦੁਆਰਾ ਸੰਤ ਖਾਲਸਾ ਵਿਖੇ ਮਨਾਇਆ ਜਾਂਦਾ ਰਿਹਾ ਹੈ, ਪਰ ਪਿਛਲੇ ਵਰ੍ਹੇ ਸੰਗਤਾਂ ਦੇ ਉਤਸ਼ਾਹ ਅਤੇ ਪ੍ਰੇਮਪੂਰਵਕ ਸ਼ਿਰਕਤ ਦੇ ਸਾਮਹਣੇ ਕੀਤੇ ਗਏ ਸੇਵਾ ਪ੍ਰਬੰਧ ਛੋਟੇ ਪੈ ਗਏ ਸਨ, ਇਸ ਲਈ ਇਸ ਵਾਰ ਪਿੰਡ ਰੋਡੇ ਦੇ ਸਟੇਡੀਅਮ ਵਿਖੇ ਉਕਤ ਸਮਾਗਮ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਵਿਚਾਰਾਂ ਦੌਰਾਨ ਸਭ ਬੁਲਾਰਿਆਂ ਨੇ ਗੁਰਮਤਿ ਸਮਾਗਮਾਂ ਵਿਚ ਵੱਧ ਚੜ੍ਹ ਕੇ ਤਨ, ਮਨ, ਧਨ ਨਾਲ ਸਹਿਯੋਗ ਦੇਣ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਨੂੰ ਲੈ ਕੇ ਪਹੁੰਚਣ ਦਾ ਭਰੋਸਾ ਦਿਵਾਇਆ। ਇਸ ਮੌਕੇ ਭਾਈ ਚਾਨਣ ਸਿੰਘ ਨੂੰ ਜ਼ਿਲ੍ਹਾ ਫਿਰੋਜ਼ਪੁਰ ਦੇ ਕਿਸਾਨ ਵਿੰਗ ਪ੍ਰਧਾਨ ਵਜੋਂ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਨੇ ਸਿਰੋਪਾਓ ਦੇ ਕੇ ਸੇਵਾ ਸੌਂਪੀ। ਭਾਈ ਚਾਨਣ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸੰਗਤ ਦੀ ਹਾਜ਼ਰੀ ਵਿਚ ਜਥੇਬੰਦੀ ਵਲੋਂ ਬਖਸ਼ੀ ਸੇਵਾ ਨੂੰ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿਵਾਇਆ। ਇਕੱਤਰਤਾ ਦੌਰਾਨ ਬਾਬਾ ਚਰਨਜੀਤ ਸਿੰਘ ਜੱਸੋਵਾਲ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ, ਬਾਬਾ ਸਵਰਨਜੀਤ ਸਿੰਘ ਤਰਨਾ ਦਲ ਪੈਨਲ ਮੈਂਬਰ, ਜਥੇਦਾਰ ਦਲੀਪ ਸਿੰਘ ਚੱਕਰ ਪੈਨਲ ਮੈਂਬਰ, ਭਾਈ ਹਰਚੰਦ ਸਿੰਘ ਚੱਕਰ ਪੰਜਾਬ ਪ੍ਰਧਾਨ, ਬਾਬਾ ਸਤਨਾਮ ਸਿੰਘ ਵੱਲੀਆਂ ਪੰਜਾਬ ਪ੍ਰਧਾਨ ਧਾਰਮਿਕ ਵਿੰਗ, ਭਾਈ ਕਿਰਪਾ ਸਿੰਘ ਪੰਜਾਬ ਪ੍ਰਧਾਨ ਕਿਸਾਨ ਵਿੰਗ, ਬਾਬਾ ਸੱਜਣ ਸਿੰਘ ਮੁੱਖ ਸਲਾਹਕਾਰ, ਭਾਈ ਜਗਤਾਰ ਸਿੰਘ ਰੋਡੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗਿਆਨੀ ਰਾਜਪਾਲ ਸਿੰਘ ਬੋਪਾਰਾਏ ਸੀਨੀਅਰ ਮੀਤ ਪ੍ਰਧਾਨ ਧਾਰਮਿਕ ਵਿੰਗ, ਬਾਬਾ ਗੁਰਦਿਆਲ ਸਿੰਘ ਲੰਗੇਆਣਾ, ਗਿਆਨੀ ਗੁਰਕ੍ਰਿਸ਼ਨ ਸਿੰਘ ਡੇਮਰੂ, ਗਿਆਨੀ ਬੇਅੰਤ ਸਿੰਘ, ਬਾਬਾ ਲੱਖਾ ਸਿੰਘ ਔਲਖ, ਭਾਈ ਗੁਰਦੇਵ ਸਿੰਘ ਜ਼ਿਲ੍ਹਾ ਪ੍ਰਧਾਨ ਜਲੰਧਰ, ਭਾਈ ਰਣਧੀਰ ਸਿੰਘ ਪ੍ਰਧਾਨ ਸੰਗਰੂਰ, ਭਾਈ ਹਰਕ੍ਰਿਸ਼ਨ ਸਿੰਘ ਜ਼ਿਲ੍ਹਾ ਪ੍ਰਧਾਨ ਲੁਧਿਆਣਾ, ਭਾਈ ਕੁਲਦੀਪ ਸਿੰਘ ਡੱਲਾ ਜ਼ਿਲ੍ਹਾ ਪ੍ਰਧਾਨ ਲੁਧਿਆਣਾ ਅਤੇ ਹੋਰ ਧਾਰਮਿਕ ਸ਼ਖਸੀਅਤਾਂ ਹਾਜ਼ਰ ਸਨ।



# ਕੌਮੀ ਇਨਸਾਫ ਮੋਰਚਾ ਮਾਮਲੇ 'ਤੇ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਪਾਈ ਝਾੜ, ਡੀਜੀਪੀ ਨੂੰ ਕੀਤਾ ਤਲਬ




ਚੰਡੀਗੜ੍ਹ : ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਮੋਹਾਲੀ 'ਚ ਕੌਮੀ ਇਨਸਾਫ ਮੋਰਚੇ ਦੇ ਮਾਮਲੇ 'ਚ ਪੰਜਾਬ ਸਰਕਾਰ ਨੂੰ ਝਾੜ ਪਾਈ ਹੈ। ਅਦਾਲਤ ਨੇ ਪੰਜਾਬ ਦੇ ਡੀਜੀਪੀ ਨੂੰ ਤਲਬ ਕੀਤਾ ਹੈ। ਹਾਈਕੋਰਟ ਨੇ ਸੁਣਵਾਈ ਕਰਦੇ ਹੋਏ ਕਿਹਾ ਕਿ ਇਸ ਮਾਮਲੇ ਦਾ ਹੱਲ ਕੱਢਣ ਲਈ ਸਰਕਾਰ ਨੂੰ ਕਈ ਵਾਰ ਆਦੇਸ਼ ਦਿੱਤੇ ਗਏ ਹਨ ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ।

ਹਾਈਕੋਰਟ ਨੇ ਕਿਹਾ, ਸਰਕਾਰ ਹੁਣ ਤੱਕ ਇਸ ਮਾਮਲੇ 'ਚ ਕੋਈ ਠੋਸ ਕਾਰਵਾਈ ਕਰਨ 'ਚ ਨਾਕਾਮ ਰਹੀ ਹੈ, ਹੁਣ ਵੀ ਸਰਕਾਰ ਸਮਾਂ ਮੰਗ ਰਹੀ ਹੈ। ਪਿਛਲੀ ਸੁਣਵਾਈ 'ਤੇ ਇਕ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ, ਫਿਰ ਵੀ ਧਰਨਾ ਜਾਰੀ ਹੈ

ਜ਼ਿਕਰਯੋਗ ਹੈ ਕਿ ਮੁਹਾਲੀ ਦੇ ਵਾਈਪੀਐਸ ਚੌਕ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਸੜਕ ਜਾਮ ਕਰਕੇ ਦਿੱਤੇ ਜਾ ਰਹੇ ਧਰਨੇ ਖ਼ ?ਲਾਫ਼ ਹਾਈ ਕੋਰਟ ਵਿੱਚ ਪਾਈ ਜਨਹਿੱਤ ਪਟੀਸ਼ਨ 'ਤੇ ਹਾਈ ਕੋਰਟ ਨੇ ਸਰਕਾਰ ਨੂੰ ਇਸ ਵਿਵਾਦ ਨੂੰ ਸ਼ਾਂਤੀਪੂਰਵਕ ਹੱਲ ਕਰਨ ਦੇ ਹੁਕਮ ਦਿੱਤੇ ਸਨ। ਹਾਈਕੋਰਟ ਨੇ ਕਿਹਾ ਸੀ ਕਿ ਅਸੀਂ ਜਾਣਦੇ ਹਾਂ ਕਿ ਇਹ ਸੰਵੇਦਨਸ਼ੀਲ ਮਾਮਲਾ ਹੈ ਪਰ ਹੁਣ ਤੱਕ ਸਰਕਾਰ ਵੱਲੋਂ ਕੁਝ ਨਹੀਂ ਕੀਤਾ ਜਾ ਰਿਹਾ ਹੈ। ਅਸੀਂ ਸਰਕਾਰ ਨੂੰ ਮੌਕਾ ਦੇਣਾ ਚਾਹੁੰਦੇ ਹਾਂ।

ਅੱਜ ਹਾਈਕੋਰਟ ਨੇ ਕਿਹਾ ਕਿ ਸਰਕਾਰ ਹੁਣ ਤੱਕ ਵਾਰ-ਵਾਰ ਮੌਕੇ ਦੇ ਬਾਵਜੂਦ ਕੋਈ ਕਾਰਵਾਈ ਕਰਨ 'ਚ ਨਾਕਾਮ ਰਹੀ ਹੈ, ਇਸ ਲਈ ਹੁਣ ਡੀਜੀਪੀ ਨੂੰ ਖੁਦ ਹਾਈਕੋਰਟ 'ਚ ਪੇਸ਼ ਹੋ ਕੇ ਇਸ 'ਤੇ ਜਵਾਬ ਦੇਣਾ ਚਾਹੀਦਾ ਹੈ। ਇਸ ਹੁਕਮ ਨਾਲ ਕੇਸ ਦੀ ਸੁਣਵਾਈ 24 ਮਈ ਤੱਕ ਮੁਲਤਵੀ ਕਰ ਦਿੱਤੀ ਗਈ ਹੈ।

# ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਵਲੋਂ ਅਕਾਲੀ ਦਲ ਨਾਲ ਗੱਠਜੋੜ ਤੋਂ ਇਨਕਾਰ

ਕਪੂਰਥਲਾ : ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਭਾਜਪਾ ਵਲੋਂ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਕੀਤੇ ਜਾਣ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪੁਰੀ ਨੇ ਕਿਹਾ ਕਿ ਭਾਜਪਾ 25 ਸਾਲ ਅਕਾਲੀ ਦਲ ਨਾਲ ਗੱਠਜੋੜ ਵਿਚ ਰਹੀ ਪਰ ਅਕਾਲੀ ਦਲ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਨਹੀਂ ਉਤਰ ਸਕਿਆ। ਕੇਂਦਰੀ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਅਤੇ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਵੋਟਰਾਂ ਵਿਚ ਆਪਣੀ ਭਰੋਸੇਯੋਗਤਾ ਗੁਆ ਚੁੱਕਾ ਹੈ, ਜਿਵੇਂ ਕਿ ਹਾਲ ਹੀ ਵਿਚ ਜਲੰਧਰ ਉਪ ਚੋਣ ਦੇ ਨਤੀਜਿਆਂ ਵਿਚ ਸਾਹਮਣੇ ਆਇਆ ਹੈ। ਇਸ ਦੇ ਨਾਲ ਹੀ ਉਨ੍ਹਾਂ ਅਕਾਲੀ ਦਲ ਨਾਲ ਕਿਸੇ ਵੀ ਗੱਠਜੋੜ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ। ਹਾਲਾਂਕਿ, ਪੁਰੀ ਨੇ ਕਿਹਾ ਕਿ ਜੇਕਰ ਅਕਾਲੀ ਦਲ ਦੇ ਕੁਝ ਚੰਗੇ ਆਗੂ ਜਾਂ ਹਾਲ ਹੀ ਵਿਚ ਅਕਾਲੀ ਦਲ ਛੱਡ ਕੇ ਭਾਜਪਾ ਵਿਚ ਸ਼ਾਮਿਲ ਹੋ ਕੇ ਭਗਵਾਂ ਪਾਰਟੀ ਦੇ ਚੋਣ ਨਿਸ਼ਾਨ 'ਤੇ ਚੋਣ ਲੜਨਾ ਚਾਹੁੰਦੇ ਹਨ ਤਾਂ ਇਹ ਵੱਖਰੀ ਗੱਲ ਹੈ। ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ 'ਤੇ ਨਿਸ਼ਾਨਾ ਸਾਧਦੇ ਹੋਏ ਮੰਤਰੀ ਨੇ ਕਿਹਾ ਕਿ 'ਮੁਫ਼ਤ' ਦੀਆਂ ਸਕੀਮਾਂ ਸੂਬੇ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਵਿਚ ਮਦਦ ਨਹੀਂ ਕਰਨਗੀਆਂ, ਕਿਉਂਕਿ ਸੂਬਾ ਪਹਿਲਾਂ ਹੀ ਭਾਰੀ ਕਰਜ਼ੇ ਹੇਠ ਦੱਬਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ, ਜਿਸ ਨੂੰ 2014 ਤੋਂ ਚੋਣਾਵੀ ਗਿਰਾਵਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਨੇ ਹੁਣ ਰੱਦ ਕੀਤੇ ਕੇਂਦਰੀ ਖੇਤੀ ਕਾਨੂੰਨਾਂ ਨੂੰ ਲੈ ਕੇ 2020 ਵਿਚ ਭਾਜਪਾ ਨਾਲੋਂ ਨਾਤਾ ਤੋੜ ਲਿਆ। ਹਾਲ ਹੀ ਵਿਚ ਭਾਜਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਵਿਜੇ ਰੂਪਾਨੀ ਨੇ ਵੀ ਕਿਹਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਮੁੜ ਗੱਠਜੋੜ ਦੀ ਕੋਈ ਸੰਭਾਵਨਾ ਨਹੀਂ ਹੈ।



# ਅਟਾਰੀ: ਪਿੰਡ ਰਾਮਪੁਰਾ ਤੋਂ ਲਾਪਤਾ ਬੱਚੀ ਦੀ ਲਾਸ਼ ਛੱਪੜ 'ਚੋਂ ਬਰਾਮਦ, ਮਤਰੇਈ ਮਾਂ ਨਿਕਲੀ ਕਾਤਲ

ਅਟਾਰੀ : ਥਾਣਾ ਘਰਿੰਡਾ ਦੇ ਪਿੰਡ ਰਾਮਪੁਰਾ ਵਿਖੇ ਘਰੋਂ ਟਿਊਸ਼ਨ ਪੜ੍ਹਨ ਗਈ ਲਾਪਤਾ ਹੋਈ ਲੜਕੀ ਦੀ ਲਾਸ਼ ਪਿੰਡ ਦੇ ਛੱਪੜ 'ਚੋਂ ਬਰਾਮਦ ਹੋਈ ਹੈ। ਮਤਰੇਈ ਮਾਂ ਨੇ ਲੜਕੀ ਦੀ ਕਥਿਤ ਤੌਰ 'ਤੇ ਹੱਤਿਆ ਕਰ ਕੇ ਲਾਸ਼ ਪਿੰਡ ਦੇ ਛੱਪੜ ਵਿੱਚ ਸੁੱਟ ਦਿੱਤੀ ਸੀ। ਇਸ ਸਬੰਧੀ ਡੀਐੱਸਪੀ ਅਟਾਰੀ ਪ੍ਰਵੇਸ਼ ਚੋਪੜਾ ਨੇ ਦੱਸਿਆ ਕਿ ਮੰਗਲਵਾਰ ਦੇਰ ਰਾਤ ਜਦੋਂ ਔਰਤ ਨੂੰ ਹਿਰਾਸਤ 'ਚ ਲੈ ਕੇ ਸਖ਼ਤੀ ਨਾਲ ਪੁੱਛ ਪੜਤਾਲ ਕੀਤੀ ਤਾਂ ਉਸ ਨੇ ਦੋਸ਼ ਕਬੂਲ ਕਰ ਲਿਆ। ਬਾਅਦ ਵਿੱਚ ਲੜਕੀ ਦੀ ਲਾਸ਼ ਪਿੰਡ ਦੇ ਛੱਪੜ 'ਚੋਂ ਬਰਾਮਦ ਕਰ ਲਈ। ਮ੍ਰਿਤਕ ਦੇ ਪਿਤਾ ਅਜੀਤ ਸਿੰਘ ਵਾਸੀ ਪਿੰਡ ਰਾਮਪੁਰਾ ਨੇ ਦੱਸਿਆ ਕਿ ਉਸ ਦੀ ਲੜਕੀ ਅਭਿਰੋਜ਼ਪ੍ਰੀਤ ਕੌਰ (7) 15 ਮਈ ਸ਼ਾਮ 4 ਵਜੇ ਘਰ ਤੋਂ ਕੁਝ ਕਦਮ ਦੂਰ ਗੁਆਂਢੀ ਦੇ ਘਰ ਟਿਊਸ਼ਨ ਪੜ੍ਹਨ ਗਈ ਪਰ ਉੱਥੇ ਨਹੀਂ ਪਹੁੰਚੀ। ਮਤਰੇਈ ਮਾਂ ਮਨੀ ਨੇ ਤੁਰੰਤ ਲੜਕੀ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਪਰ ਉਸ ਦਾ ਕਿਧਰੇ ਵੀ ਸੁਰਾਗ ਪਤਾ ਨਹੀਂ ਲੱਗਾ, ਜਿਸ ਤੋਂ ਬਾਅਦ ਉਸ ਨੇ ਤੁਰੰਤ ਥਾਣਾ ਘਰਿੰਡਾ ਵਿਖੇ ਗੁੰਮਸ਼ੁਦਗੀ ਦੀ ਸ਼ਿਕਾਇਤ ਦਰਜ ਕਰਵਾਈ। ਲੜਕੀ ਦੇ ਲਾਪਤਾ ਹੋਣ ਦੀ ਸ਼ਿਕਾਇਤ ਮਿਲਦੇ ਹੀ ਪੁਲੀਸ ਹਰਕਤ 'ਚ ਆ ਗਈ ਅਤੇ ਅਭਿਰੋਜ਼ਪ੍ਰੀਤ ਦੀ ਭਾਲ ਸ਼ੁਰੂ ਕਰ ਦਿੱਤੀ। ਪੁਲੀਸ ਨੂੰ ਕੋਈ ਸਫ਼ਲਤਾ ਨਹੀਂ ਮਿਲੀ। ਅਖੀਰ ਜਦੋਂ ਮਤਰੇਈ ਮਾਂ ਕੋਲੋਂ ਸ਼ੱਕ ਦੇ ਆਧਾਰ 'ਤੇ ਸਖ਼ਤੀ ਨਾਲ ਪੁੱਛ ਪੜਤਾਲ ਕੀਤੀ ਤਾਂ ਉਸ ਨੇ ਮੰਨ ਲਿਆ ਕਿ ਉਸ ਨੇ ਹੀ ਲੜਕੀ ਦਾ ਕਤਲ ਕਰਕੇ ਲਾਸ਼ ਨੂੰ ਛੱਪੜ ਵਿੱਚ ਸੁੱਟਿਆ ਸੀ।



# ਨਾਲੇ ਬਾਬਾ ਲੱਸੀ ਪੀ ਗਿਆ ਤੇ ਨਾਲੇ ਦੇ ਗਿਆ ਦੁਆਨੀ ਖੋਟੀ ॥



ਡਾ. ਨਰਿੰਦਰ ਸਿੰਘ ਸੰਧੂ

ਜਲੰਧਰ ਉਪ ਚੋਣ ਵਿੱਚ ਜ਼ੀਰੋ ਬਿਜਲੀ ਬਿੱਲ ਨੇ ਲੋਕਾਂ ਨੂੰ ਸਮੂਹਿਕ ਤੌਰ ਤੇ ਸੰਮੋਹਨ ਦਾ ਕੰਮ ਕੀਤਾ ਹੈ। ਪਰ ਕੀ ਸੱਚੀਓਂ ਆਮ ਸ਼ਹਿਰੀ ਨੂੰ ਜ਼ੀਰੋ ਬਿੱਲ ਦਾ ਫਾਇਦਾ ਹੋਇਆ ਹੈ ? ਇਹ ਸਵਾਲ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ। ਮੇਰੇ ਕੋਲ ਅੱਜ ਇਕ ਬਹੁਤ ਹੀ ਸੰਜਮ ਨਾਲ ਬਿਜਲੀ ਵਰਤਣ ਵਾਲੇ ਇੱਕ ਉਪਭੋਗਤਾ ਦਾ ਬਿੱਲ ਆਇਆ ਹੈ। ਜਿਸ ਦੀ ਸਰਦੀਆਂ ਦੀ ਛੇ ਮਹੀਨਿਆਂ ਦੀ ਦੋ-ਮਾਸਿਕ ਖਪਤ ਸਰਕਾਰ ਦੀ 600 ਯੂਨਿਟਾਂ ਵਾਲੀ ਸੀਮਾ ਤੋਂ ਅੱਧੀ ਹੈ ਅਤੇ ਗਰਮੀਆਂ ਵਿੱਚ ਇੱਕ ਬਜ਼ੁਰਗ ਮਰੀਜ਼ ਲਈ ਹੀ ਏ.ਸੀ. ਵਰਤਿਆ ਜਾਂਦਾ ਹੈ। ਇਸ ਬਿੱਲ ਦੇ ਸਲਾਨਾ ਖਪਤ ਦੇ ਵਿਸ਼ਲੇਸ਼ਣ ਤੋਂ ਬਹੁਤ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ ਜੋ ਤੁਹਾਡੇ ਨਾਲ ਸਾਂਝੇ ਕਰ ਰਿਹਾ ਹਾਂ। ਸਲਾਨਾ ਖਪਤ ਹਰ ਬਿੱਲ ਦੇ ਹੇਠਾਂ ਸਾਈਕਲ-ਵਾਈਜ਼ ਦਿੱਤੀ ਹੁੰਦੀ ਹੈ ਤੁਸੀਂ ਵੀ ਇਸ ਫਾਰਮੂਲੇ ਨਾਲ ਆਪਣੇ ਬਿੱਲ ਦਾ ਵਿਸ਼ਲੇਸ਼ਣ ਕਰ ਸਕਦੇ ਹੋ।

ਜ਼ੀਰੋ ਬਿੱਲ ਪਾਲਿਸੀ ਤੋਂ ਪਹਿਲਾਂ ਚੰਨੀ ਸਰਕਾਰ ਨੇ ਸਾਰੇ ਉਪਭੋਗਤਾਵਾਂ ਨੂੰ ਸਸਤੀ ਬਿਜਲੀ ਦੇਣ ਲਈ 2.50 ਰੁਪਏ ਪ੍ਰਤੀ ਯੂਨਿਟ ਸਬਸਿਡੀ ਦਿੱਤੀ ਸੀ ਜੋ ਜ਼ੀਰੋ ਬਿੱਲ ਨਾਲ ਖਤਮ ਕਰ ਦਿੱਤੀ ਗਈ ਸੀ।

ਇਸ ਉਪਭੋਗਤਾ ਦੇ ਬਿੱਲ ਤੋਂ ਹੇਠ ਲਿਖੇ ਸਿੱਟੇ ਨਿਕਲੇ ਹਨ:-

* ਬਿਨਾਂ ਕਿਸੇ ਸਬਸਿਡੀ ਤੋਂ ਇਸ ਪਰਿਵਾਰ ਦਾ ਪੁਰਾਣੀਆਂ (ਮੌਜੂਦਾ) ਦਰਾਂ ਨਾਲ ਸਲਾਨਾ ਬਿੱਲ 29874/- ਰੁਪਏ ਆਉਣਾ ਸੀ।
* ਸਾਲ ਦੌਰਾਨ ਚੰਨੀ ਸਰਕਾਰ ਵਲੋਂ ਦਿੱਤੀ ਸਬਸਿਡੀ ਦੀ ਰਕਮ 10810/-ਰੁਪੈ ਮਿਲਣੀ ਸੀ।
* 'ਮਾਨ' ਸਰਕਾਰ ਵਲੋਂ ਜ਼ੀਰੋ ਸਬਸਿਡੀ ਦੀ ਜਾਦੂਗਿਰੀ ਨਾਲ ਛੇ ਸੌ ਯੂਨਿਟਾਂ ਵਾਲੇ ਤਿੰਨ ਬਿੱਲਾਂ ਤੇ ਕੁੱਲ 5209 ਰੁਪਏ ਸਬਸਿਡੀ ਮਿਲੀ ਜਿਸ ਨਾਲ ਇਸ ਉਪਭੋਗੀ ਨੂੰ 5602 ਰੁਪਏ ਘੱਟ ਸਬਸਿਡੀ ਮਿਲੀ॥
* ਨਵੀਆਂ ਦਰਾਂ ਤੇ ਜੇਕਰ ਸਲਾਨਾ ਬਿਜਲੀ ਦੀ ਵਰਤੋਂ ਇੰਨੀ ਹੀ ਹੋਵੇ ਤਾਂ ਜ਼ੀਰੋ ਸਬਸਿਡੀ ਵਾਲੇ ਤਿੰਨ ਬਿੱਲਾਂ ਨੂੰ ਛੱਡਕੇ ਬਾਕੀ ਤਿੰਨ ਬਿੱਲਾਂ ਤੇ ਕੁਲ ਰਕਮ 26775 ਰੁਪੈ ਬਣੇਗੀ, ਜੋ ਚੰਨੀ ਸਰਕਾਰ ਵਲੋਂ ਦਿੱਤੀ ਸਬਸਿਡੀ ਤੋਂ ਬਾਅਦ 7712 ਰੁਪੈ ਵੱਧ ਬਣਦੇ ਹਨ॥
* ਹੈ ਨਾ ਦਿੱਲੀ ਵਾਲਿਆਂ ਦੇ ਜਮੂਰੇ ਦੀ ਜਾਦੂਗਿਰੀ॥

ਨਾਲੇ ਬਾਬਾ ਲੱਸੀ ਪੀ ਗਿਆ ਤੇ ਨਾਲੇ ਦੇ ਗਿਆ ਦੁਆਨੀ ਖੋਟੀ॥

### ਨਵੀਆਂ ਬਿਜਲੀ ਦਰਾਂ: ਇੱਕ ਨਵਾਂ ਜਾਦੂ

2.72 ਕਿਲੋਵਾਟ ਦੇ ਲੋਡ ਵਾਲੇ ਇੱਕ ਘਰੇਲੂ ਬਿਜਲੀ ਖਪਤਕਾਰ ਦਾ ਨਵੀਆਂ ਤੇ ਪੁਰਾਣੀਆਂ ਬਿਜਲੀ ਦਰਾਂ ਨਾਲ ਇਕ ਵਿਸ਼ਲੇਸ਼ਣ

| ਮੌਜੂਦਾ ਪੁਰਾਣੀਆਂ ਦਰਾਂ | | | ਨਵੀਆਂ ਦਰਾਂ | | |
|---|---|---|---|---|---|
| ਖਪਤ ਯੂਨਿਟਾਂ | ਦਰਾਂ | ਪੱਕੇ ਖਰਚੇ | ਖਪਤ ਯੂਨਿਟਾਂ | ਦਰਾਂ | ਪੱਕੇ ਖਰਚੇ |
| 0-100 | 3.74 | 60/ ਰੁਪਏ ਪ੍ਰਤੀ ਕਿਲੋ ਵਾਟ | 0-100 | 4.44 | 75 ਰੁਪਏ ਪ੍ਰਤੀ ਕਿਲੋ ਵਾਟ |
| 101-300 | 5.84 | | 101-300 | 6.64 | |
| 300 ਤੋਂ ਵੱਧ | 7.30 | | 300 ਤੋਂ ਵੱਧ | 7.75 | |

ਦੋ-ਮਾਸਕ ਬਿੱਲ ਸਾਈਕਲ ਅਨੁਸਾਰ ਸਲਾਨਾ ਖਪਤ ਤੇ ਅਸਰ

(ਮਾਰਚ 2022 ਤੋਂ ਮਾਰਚ 2023 ਤੱਕ)

| ਦੋ-ਮਾਸਕ ਬਿਲ ਸਾਈਕਲ | ਖਪਤ ਯੂਨਿਟਾਂ | ਮੌਜੂਦਾ ਦਰਾਂ ਤੇ ਬਿੱਲ: ਲਾਗਤ ਰਕਮ | ਮੌਜੂਦਾ ਦਰਾਂ ਤੇ ਬਿੱਲ: ਪੱਕੇ ਖਰਚੇ | ਮੌਜੂਦਾ ਦਰਾਂ ਤੇ ਬਿੱਲ: ਕੁਲ ਜੋੜ | 2.50 ਰੁ: ਪ੍ਰਤੀ ਯੂ. ਸਬਸਿਡੀ | ਨਵੀਆਂ ਦਰਾਂ ਤੇ ਬਿੱਲ: ਲਾਗਤ ਰਕਮ | ਨਵੀਆਂ ਦਰਾਂ ਤੇ ਬਿੱਲ: ਪੱਕੇ ਖਰਚੇ | Total |
|---|---|---|---|---|---|---|---|---|
| 1-3/ 23 | 229 | ~~1127.3~~ | ~~326.4~~ | ~~1454.0~~ | 572.0 | ~~1356.6~~ | ~~408.0~~ | ~~1765.0~~ |
| 11-1/22-23 | 212 | ~~1028.0~~ | ~~326.4~~ | ~~1354.0~~ | 530.0 | ~~1187.7~~ | ~~408.0~~ | ~~1596.0~~ |
| 9-11/22 | 373 | ~~2074.9~~ | ~~326.4~~ | ~~2401.0~~ | 932.0 | ~~2337.7~~ | ~~408.0~~ | ~~2746.0~~ |
| 7-9/22 | 1283 | 8717.9 | 326.4 | 9044.0 | 3207.0 | 9390.2 | 408.0 | 9798.0 |
| 5-7/22 | 1348 | 9192.4 | 326.4 | 9519.0 | 3370.0 | 9894.0 | 408.0 | 10302.0 |
| 3-5/22 | 880 | 5776.0 | 326.4 | 6102.0 | 2200.0 | 6267.0 | 408.0 | 6675.0 |
| ਕੁਲ ਜੋੜ | | | | 29874. | 10811.0 | 600 ਯੂ. ਤੋਂ ਵੱਧ ਖਪਤ ਵਾਲੇ ਤਿੰਨ ਬਿੱਲਾਂ ਦੀ ਕੁਲ ਰਕਮ | | 26775-0 |

(A) ਬਿਨਾਂ ਕਿਸੇ ਸਬਸਿਡੀ ਤੋਂ ਮੌਜੂਦਾ ਦਰਾਂ ਤੇ ਸਲਾਨਾ ਬਿੱਲ = 29874-00

(B) ਚੰਨੀ ਸਰਕਾਰ ਵਲੋਂ 2.50/- ਰੁਪਏ ਪ੍ਰਤੀ ਯੂ. ਦੀ ਦਰ ਤੇ ਸਲਾਨਾ ਸਬਸਿਡੀ = 10811-00

(C) 2.50 ਦੀ ਦਰ ਤੇ ਸਬਸਿਡੀ ਤੋਂ ਬਾਅਦ ਸਲਾਨਾ ਬਿੱਲ (A-B) = 19063-00

(D) ਜੀਰੋ ਬਿੱਲ ਸਬਸਿਡੀ ਤੇ ਨਵੀਆਂ ਦਰਾਂ ਤੇ ਸਲਾਨਾ ਬਿੱਲ (600 ਤੋਂ ਵੱਧ ਯੂ. ਵਾਲੇ ਤਿੰਨ ਬਿੱਲ) = 26775-00

(E) **ਨਵੀਆਂ ਦਰਾਂ ਨਾਲ 2.50 ਰੁਪੈ ਯੂਨਿਟ ਸਬਸਿਡੀ ਨਾਲੋਂ ਸਲਾਨਾ ਵਾਧੂ ਬੋਝ** (D-C) = **7712-00**

(F) ਮੌਜੂਦਾ ਦਰਾਂ ਤੇ ਕੁੱਲ ਸਲਾਨਾ ਸਬਸਿਡੀ = 5209-00

(G) ਦੋਹਾਂ ਸਰਕਾਰਾਂ ਦੀ ਸਲਾਨਾ ਸਬਸਿਡੀ ਵਿੱਚ ਫਰਕ (B-F) (Channi -Trick Master) = **5602-00**

# ਸ੍ਰੀ ਦਰਬਾਰ ਸਾਹਿਬ ਵਿੱਚ ਪੰਜਵੜ ਨੂੰ ਸ਼ਰਧਾਂਜਲੀਆਂ



ਅੰਮ੍ਰਿਤਸਰ : ਦਲ ਖ਼ਾਲਸਾ ਅਤੇ ਹੋਰ ਸਿੱਖ ਜਥੇਬੰਦੀਆਂ ਤੇ ਸ਼ਖ਼ਸੀਅਤਾਂ ਵੱਲੋਂ ਲਾਹੌਰ ਵਿਚ ਕਤਲ ਕੀਤੇ ਗਏ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਆਗੂ ਪਰਮਜੀਤ ਸਿੰਘ ਪੰਜਵੜ ਨਮਿਤ ਅਖੰਡ ਪਾਠ ਦੇ ਭੋਗ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਪਾਏ ਗਏ। ਇਸ ਮੌਕੇ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਅਰਦਾਸ ਸਮਾਗਮ ਵਿੱਚ ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਕੰਵਰਪਾਲ ਸਿੰਘ, ਬੁਲਾਰਾ ਪਰਮਜੀਤ ਸਿੰਘ ਮੰਡ, ਸ਼੍ਰੋਮਣੀ ਕਮੇਟੀ ਮੈਂਬਰ ਭਗਵੰਤ ਸਿੰਘ ਸਿਆਲਕਾ, ਹਰਜਾਪ ਸਿੰਘ ਸੁਲਤਾਨਵਿੰਡ ਅਤੇ ਭਾਈ ਦਲਜੀਤ ਸਿੰਘ ਬਿੱਟੂ ਨੇ ਕਿਹਾ ਕਿ ਭਾਈ ਪੰਜਵੜ ਸਿੱਖ ਸੰਘਰਸ਼ ਦੇ ਯੋਧੇ ਸਨ, ਜਿਨ੍ਹਾਂ ਨੂੰ ਪੰਥ ਵਿਰੋਧੀਆਂ ਨੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਹੱਦ ਪਾਰ ਹੋਏ ਇਸ ਕਤਲ ਦੀ ਸਾਜ਼ਿਸ਼ ਦਿੱਲੀ ਦੀਆਂ ਏਜੰਸੀਆਂ ਨੇ ਰਚੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਕੁਝ ਮਹੀਨਿਆਂ ਤੋਂ ਪੰਜਾਬ ਅੰਦਰ ਉਥਲ ਪੁਥਲ ਕਰਨ ਲਈ ਕੇਂਦਰੀ ਏਜੰਸੀਆਂ ਜ਼ਿੰਮੇਵਾਰ ਹਨ। ਉਨ੍ਹਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਉਹ ਜਾਂਚ ਦੇ ਖੇਤਰ ਵਿੱਚ ਸੇਵਾਵਾਂ ਨਿਭਾ ਚੁੱਕੇ ਸਾਬਕਾ ਉੱਚ ਪੱਧਰ ਦੇ ਤਜਰਬੇਕਾਰ ਸਿੱਖਾਂ ਦੀ ਇੱਕ ਕਮੇਟੀ ਬਣਾਉਣ ਅਤੇ ਇਹੋ ਜਿਹੇ ਗੁੰਝਲਦਾਰ ਮਸਲਿਆਂ ਦੀ ਜਾਂਚ ਅਕਾਲ ਤਖ਼ਤ ਆਪਣੀ ਨਿਗਰਾਨੀ ਹੇਠ ਕਰਵਾਏ।

# ਲਾਹੌਰ ਹਾਈ ਕੋਰਟ ਨੇ ਇਮਰਾਨ ਦੀ ਜ਼ਮਾਨਤ ਅਰਜ਼ੀ 'ਤੇ ਫੈਸਲਾ ਰਾਖਵਾਂ ਰੱਖਿਆ

## ਇਸਲਾਮਾਬਾਦ ਹਾਈ ਕੋਰਟ ਨੇ ਦੋ ਕੇਸਾਂ 'ਚ ਮਿਲੀ ਜ਼ਮਾਨਤ 8 ਜੂਨ ਤੱਕ ਵਧਾਈ



ਲਾਹੌਰ : ਲਾਹੌਰ ਹਾਈ ਕੋਰਟ ਨੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੱਲੋਂ ਉਨ੍ਹਾਂ ਖ਼ਿਲਾਫ਼ ਪੰਜਾਬ ਸੂਬੇ ਵਿੱਚ ਦਰਜ ਸਾਰੇ ਕੇਸਾਂ 'ਚ ਜ਼ਮਾਨਤ ਦੀ ਮੰਗ ਕਰਦੀ ਪਟੀਸ਼ਨ 'ਤੇ ਫੈਸਲਾ ਰਾਖਵਾਂ ਰੱਖ ਲਿਆ ਹੈ। ਇਹ ਸਾਰੇ ਕੇਸ ਪਿਛਲੇ ਹਫ਼ਤੇ ਇਮਰਾਨ ਦੀ ਭ੍ਰਿਸ਼ਟਾਚਾਰ ਕੇਸ ਵਿਚ ਗ੍ਰਿਫ਼ਤਾਰੀ ਤੇ ਉਨ੍ਹਾਂ ਦੇ ਹਮਾਇਤੀਆਂ ਵੱਲੋਂ ਕੀਤੇ ਹਿੰਸਕ ਪ੍ਰਦਰਸ਼ਨਾਂ ਤੋਂ ਬਾਅਦ ਦਰਜ ਕੀਤੇ ਗਏ ਸਨ। ਇਸ ਦੌਰਾਨ ਇਸਲਾਮਾਬਾਦ ਹਾਈ ਕੋਰਟ ਨੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਮੁਖੀ ਇਮਰਾਨ ਖ਼ਾਨ ਨੂੰ ਹਿੰਸਾ ਭੜਕਾਉਣ ਤੇ ਦੇਸ਼ਧ੍ਰੋਹ ਨਾਲ ਜੁੜੇ ਦੋ ਕੇਸਾਂ ਵਿੱਚ ਦਿੱਤੀ ਜ਼ਮਾਨਤ 8 ਜੂਨ ਤੱਕ ਵਧਾ ਦਿੱਤੀ ਹੈ। ਖ਼ਾਨ (70) ਨੇ ਅਲ-ਕਾਦਿਰ ਟਰੱਸਟ ਨਾਲ ਜੁੜੇ ਭ੍ਰਿਸ਼ਟਾਚਾਰ ਕੇਸ ਵਿੱਚ ਇਸਲਾਮਾਬਾਦ ਹਾਈ ਕੋਰਟ ਤੋਂ ਜ਼ਮਾਨਤ ਮਿਲਣ ਤੋਂ ਇਕ ਦਿਨ ਮਗਰੋਂ ਲਾਹੌਰ ਹਾਈ ਕੋਰਟ ਦਾ ਰੁਖ਼ ਕੀਤਾ ਸੀ। ਉਧਰ ਪੰਜਾਬ ਦੀ ਅੰਤਰਿਮ ਸਰਕਾਰ ਵੱਲੋਂ ਪੇਸ਼ ਵਕੀਲ ਨੇ ਅਪੀਲ ਨੂੰ ਨਾ-ਮੰਨਣਯੋਗ ਦੱਸ ਕੇ ਜ਼ਮਾਨਤ ਅਰਜ਼ੀ ਦਾ ਵਿਰੋਧ ਕੀਤਾ। ਸਰਕਾਰੀ ਵਕੀਲ ਨੇ ਕਿਹਾ ਕਿ ਇਮਰਾਨ ਖ਼ਾਨ ਕੋਰਟ ਵਿੱਚ ਪੇਸ਼ ਨਹੀਂ ਹੋਇਆ ਤੇ ਇਹਤਿਆਤੀ ਜ਼ਮਾਨਤ ਦੀ ਮੰਗ ਕਰ ਰਿਹਾ ਹੈ। ਇਸ 'ਤੇ ਖ਼ਾਨ ਦੇ ਵਕੀਲ ਨੇ ਦਲੀਲ ਦਿੱਤੀ ਕਿ ਪੀਟੀਆਈ ਮੁਖੀ ਨੇ ਇਹਤਿਆਤੀ ਜ਼ਮਾਨਤ ਨਹੀਂ ਬਲਕਿ ਪੇਸ਼ਗੀ ਜ਼ਮਾਨਤ (ਗ੍ਰਿਫ਼ਤਾਰੀ ਤੋਂ ਪਹਿਲਾਂ ਵਾਲੀ) ਮੰਗੀ ਹੈ।

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥
ਮੈਨੂੰ ਮਿਲਿਆ ਨਾ ਮਾਏ ਤੇਰੀ ਗੋਦ ਜਿਹਾ ਸੁਖ ਨੀ
ਮੈਂ ਜਿੰਨੀ ਵਾਰ ਮੁੜਾਂ ਮੈਨੂੰ ਮਿਲੇ ਤੇਰੀ ਹੀ ਕੁੱਖ ਨੀ

## ਕਮਿਉਨਟੀ ਦੀ ਹਮੇਸ਼ਾ ਸੇਵਾ ਕਰਨ ਵਾਲੇ ਗੁਰੂ ਨਾਨਕ ਦੇ ਘਰ ਦੇ ਅਨਿਨ ਸੇਵਾਦਾਰ ਸ੍ਰ. ਸਤਨਾਮ ਸਿੰਘ ਬੱਲ ਤੇ ਪ੍ਰਵਾਰ ਨੂੰ ਭਾਰੀ ਸਦਮਾ

# ਉਨ੍ਹਾਂ ਦੇ ਸਤਿਕਾਰਯੋਗ ਮਾਤਾ ਪਿਆਰ ਕੌਰ ਜੀ ਨਹੀਂ ਰਹੇ



ਸਵ. ਮਾਤਾ ਪਿਆਰ ਕੌਰ ਜੀ ਬੱਲ
2 ਜੂਨ 1947 - 16 ਮਈ 2023

ਕਮਿਉਨਟੀ ਦੀ ਹਮੇਸ਼ਾ ਸੇਵਾ ਕਰਨ ਵਾਲੇ ਗੁਰੂ ਨਾਨਕ ਦੇ ਘਰ ਦੇ ਅਨਿਨ ਸੇਵਾਦਾਰ ਸ੍ਰ. ਸਤਨਾਮ ਸਿੰਘ ਬੱਲ ਤੇ ਪ੍ਰਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਸਤਿਕਾਰਯੋਗ ਮਾਤਾ ਪਿਆਰ ਕੌਰ ਜੀ ਬੱਲ ਅਚਾਨਕ ਸਦੀਵੀ ਵਿਛੋੜਾ ਦੇ ਗਏ। ਸਾਰੀ ਜ਼ਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਹਰ ਇੱਕ ਨੂੰ ਪਿਆਰ ਮੁਹੱਬਤ ਨਾਲ ਬਲਾਉਣ ਵਾਲੇ ਮਾਤਾ ਪਿਆਰ ਕੌਰ ਜੀ ਬੱਲ ਇੱਕ ਸੱਚੇ ਸੁਚੇ ਨੇਕ ਠੰਡੇ ਅਤੇ ਮਿੱਠੇ ਸੁਭਾਅ ਦੇ ਮਾਲਕ ਸਨ। ਮਾਤਾ ਪਿਆਰ ਕੌਰ ਜੀ ਆਪਣੇ ਪਿਛੇ ਪਤੀ ਸ੍ਰ. ਗੁਰਮੇਲ ਸਿੰਘ ਬੱਲ, ਦੋ ਪੁੱਤਰ, ਇਕ ਪੋਤਾ ਅਤੇ ਇਕ ਪੋਤੀ ਛੱਡ ਗਏ ਹਨ। ਉਹ 1989 ਵਿਚ ਅਮਰੀਕਾ ਆਏ ਸਨ। ਉਨ੍ਹਾਂ ਦਾ ਪਿਛਲਾ ਪਿੰਡ ਰਮੀਦੀ, ਜ਼ਿਲ੍ਹਾ ਕਪੂਰਥਲਾ ਹੈ। ਭਾਵੇਂ ਅੱਜ ਮਾਤਾ ਪਿਆਰ ਕੌਰ ਜੀ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਅਸੀਂ ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖਸ਼ੀ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੀ।

**ਸੰਸਕਾਰ**

**Chapel of the Angels**

**21 ਮਈ ਦਿਨ ਐਤਵਾਰ ਨੂੰ 12:PM ਤੋਂ 2:00 PM**

40542 Fremont Blvd Fremont CA 94538-4334 ਵਿਖੇ ਹੋਵੇਗਾ
ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹੋਵੇਗੀ।

**ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ**
**ਸਪੁੱਤਰ ਸ੍ਰ. ਸਤਨਾਮ ਸਿੰਘ ਬੱਲ - 510 677 2300**

# ਜਸਵਿੰਦਰ ਸਿੰਘ ਛਿੰਦਾ ਦੇ ਕਹਾਣੀ ਸੰਗ੍ਰਹਿ ’ਤੇ ਦਿਲ ਫਿਰ ਉਦਾਸ ਹੋ ਗਿਆ’ ਨੂੰ ਲੋਕ ਅਰਪਣ ਕੀਤਾ





ਮਹਿਫ਼ਿਲ-ਏ-ਅਦੀਬ ਸੰਸਥਾ ਜਗਰਾਉਂ ਵਿਖੇ ਜਸਵਿੰਦਰ ਸਿੰਘ ਛਿੰਦਾ ਦਾ ਕਹਾਣੀ ਸੰਗ੍ਰਹਿ ’ਤੇ ਦਿਲ ਫਿਰ ਉਦਾਸ ਹੋ ਗਿਆ’ ਅਤੇ ਅਜੀਤ ਪਿਆਸਾ ਦੀ ਕਿਤਾਬ ਨੂੰ ਲੋਕ ਅਰਪਣ ਕਰਨ ਸਮੇਂ ਮਿੱਤਰ ਸੈਨ ਮੀਤ, ਡਾ. ਸੁਰਜੀਤ ਬਰਾੜ, ਅਮਰ ਸ਼ੂਫ਼ੀ, ਅਮਰੀਕ ਸਿੰਘ ਤਲਵੰਡੀ, ਪ੍ਰਿੰ. ਬਲਵੰਤ ਸਿੰਘ ਸੰਧੂ, ਪ੍ਰੋ. ਕਰਮ ਸਿੰਘ ਸੰਧੂ, ਪ੍ਰਧਾਨ ਕੈਪਟਨ ਪੂਰਨ ਸਿੰਘ ਗਗੜਾ ਅਤੇ ਸਮੂਹ ਸਹਿਤਕਾਰ।

ਜਗਰਾਉਂ, (ਸਾਡੇ ਲੋਕ ਬਿਊਰੋ) : ਆਪਣੇ ਪਲੇਠੇ ਨਾਵਲ ‘ਹਵਾਲਾਤ’ ਨਾਲ ਚਰਚਾ ’ਚ ਆਏ ਨਾਵਲਕਾਰ ਜਸਵਿੰਦਰ ਸਿੰਘ ਛਿੰਦਾ ਦੇ ਪਲੇਠੇ ਕਾਵਿ ਸੰਗ੍ਰਹਿ ’ਤੇ ਦਿਲ ਫਿਰ ਉਦਾਸ ਹੋ ਗਿਆ’ ਨੂੰ ਲੋਕ ਅਰਪਣ ਕਰਨ ਲਈ ਮਹਿਫ਼ਿਲ-ਏ-ਅਦੀਬ ਸੰਸਥਾ ਜਗਰਾਉਂ ਨੇ ਕਾਮਰੇਡ ਨਛੱਤਰ ਸਿੰਘ ਯਾਦਗਾਰੀ ਹਾਲ ਜਗਰਾਉਂ ਵਿਖੇ ਪ੍ਰਧਾਨ ਕੈਪਟਨ ਪੂਰਨ ਸਿੰਘ ਗਗੜਾ ਦੀ ਅਗਵਾਈ ਹੇਠ ਸਾਹਿਤਕ ਸਮਾਗਮ ਕਰਵਾਇਆ। ਜਿਸ ਵਿਚ ਪ੍ਰਸਿੱਧ ਅਲੋਚਕ ਅਤੇ ਲੇਖਕ ਡਾ. ਸੁਰਜੀਤ ਬਰਾੜ ਮੁੱਖ ਮਹਿਮਾਨ ਵਜੋਂ ਪੁੱਜੇ, ਜਦਕਿ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਨਾਵਲਕਾਰ ਮਿੱਤਰ ਸੈਨ ਮੀਤ ਨੇ ਕੀਤੀ। ਇਸ ਤੋਂ ਇਲਾਵਾ ਸ਼੍ਰੋਮਣੀ ਗੀਤਕਾਰ ਅਮਰੀਕ ਸਿੰਘ ਤਲਵੰਡੀ, ਸ਼ਾਇਰ ਅਮਰ ਸ਼ੂਫ਼ੀ, ਪ੍ਰਿੰ. ਗੁਰਦੇਵ ਸਿੰਘ ਸੰਦੌੜ, ਮਾ. ਮਹਿੰਦਰ ਸਿੰਘ ਸਿੱਧੂ ਸਾਬਕਾ ਪ੍ਰਧਾਨ, ਪ੍ਰੋ. ਕਰਮ ਸਿੰਘ ਸੰਧੂ ਪ੍ਰਧਾਨ ਸਾਹਿਤ ਸਭਾ ਜਗਰਾਉਂ, ਰਛਪਾਲ ਸਿੰਘ ਚਕਰ ਪ੍ਰਧਾਨ ਸ਼ਬਦ ਅਦਬ ਸਾਹਿਤ ਸਭਾ ਮਾਣੂੰਕੇ ਉੱਚੇਚੇ ਤੌਰ ’ਤੇ ਸ਼ਾਮਲ ਹੋਏ। ਸਮਾਗਮ ਦੀ ਸ਼ੁਰੂਆਤ ਕਰਦਿਆਂ ਡਾ. ਬਲਦੇਵ ਸਿੰਘ ਨੇ ਸਮਾਗਮ ਦੀ ਰੂਪ ਰੇਖਾ ਬਿਆਨ ਕਰਦਿਆਂ ਪ੍ਰਧਾਨ ਕੈਪਟਨ ਪੂਰਨ ਸਿੰਘ ਗਗੜਾ ਨੂੰ ਸੱਦਾ ਦਿੱਤਾ ਜਿਨ੍ਹਾਂ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਆਪਣੀ ਕਵਿਤਾ ਰਾਹੀਂ ਜਸਵਿੰਦਰ ਸਿੰਘ ਛਿੰਦਾ ਦੇ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦਾ ਪ੍ਰਸੰਗ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤਾ। ਇਸ ਤੋਂ ਬਾਅਦ ਜਸਵਿੰਦਰ ਸਿੰਘ ਛਿੰਦਾ ਦੇ ਕਹਾਣੀ ਸੰਗ੍ਰਹਿ ’ਤੇ ਦਿਲ ਫਿਰ ਉਦਾਸ ਹੋ ਗਿਆ’ ਅਤੇ ਸ਼ਾਇਰ ਅਜੀਤ ਪਿਆਸਾ ਦੇ ਕਿਤਾਬ ‘ਜਗਰਾਵਾਂ ਠੰਢੀਆਂ ਛਾਵਾਂ’ ਭਾਗ 2 ਨੂੰ ਮਹਿਮਾਨਾਂ ਨੇ ਸਾਂਝੇ ਤੌਰ ’ਤੇ ਲੋਕ ਅਰਪਣ ਕੀਤਾ। ਮਿੱਤਰ ਸੈਨ ਮੀਤ ਨੇ ਦੋਵੇਂ ਲੇਖਕਾਂ ਨੂੰ ਉਨਾਂ ਦੀਆਂ ਪੁਸਤਕਾਂ ਲਈ ਵਧਾਈ ਦਿੰਦਿਆਂ ਕਿਹਾ ਕੇ ਜਸਵਿੰਦਰ ਸਿੰਘ ਛਿੰਦਾ ਦੇ ਪਲੇਠੇ ਨਾਵਲ ‘ਹਵਾਲਾਤ’ ਤੋਂ ਹੀ ਸਪੱਸ਼ਟ ਹੋ ਗਿਆ ਸੀ ਕੇ ਉਹ ਇਕ




ਪਾਏਦਾਰ ਲੇਖਕ ਹੈ। ਜਿਸ ਨੂੰ ਆਪਣੀ ਗੱਲ ਪਾਠਕਾਂ ਦੀ ਨਬਜ਼ ਫੜ੍ਹ ਕੇ ਕਹਿਣ ਦਾ ਸਲੀਕਾ ਹੈ। ਉਨ੍ਹਾਂ ਕਿਹਾ ਕੇ ਜਸਵਿੰਦਰ ਸਿੰਘ ਛਿੰਦਾ ਦੇ ਇਸ ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਕੁੱਲ ਗਿਆਰਾਂ ਕਹਾਣੀਆਂ ਇਨਸਾਨੀ ਰਿਸ਼ਤਿਆਂ ਦੀ ਮਹੱਤਤਾ ਨੂੰ ਬਿਆਨ ਕਰਦੀਆਂ। ਪ੍ਰਿੰ. ਬਲਵੰਤ ਸਿੰਘ ਸੰਧੂ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕੇ ਜਸਵਿੰਦਰ ਸਿੰਘ ਛਿੰਦਾ ਬਹੁਪੱਖੀ ਸਖਸ਼ੀਅਤ ਹੈ।ਜੋ ਪੱਤਰਕਾਰ, ਗਲਪਕਾਰ, ਸ਼ਾਇਰ, ਸੰਪਾਦਕ, ਫ਼ਿਲਮੀ ਕਲਾਕਾਰ, ਨਾਟਕਕਾਰ, ਨਾਵਲਕਾਰ ਹੈ ਅਤੇ ਹੁਣ ਆਪਣੇ ਇਸ ਕਹਾਣੀ ਸੰਗ੍ਰਹਿ ਨਾਲ ਉਹ ਕਹਾਣੀਕਾਰਾਂ ਦੀ ਮੂਹਰਲ਼ੀ ਕਤਾਰ ’ਚ ਸ਼ੁਮਾਰ ਹੋ ਗਿਆ ਹੈ। ਡਾ. ਸੁਰਜੀਤ ਬਰਾੜ ਨੇ ਸੰਬੋਧਨ ਹੁੰਦਿਆਂ ਕਿਹਾ ਕੇ ਜਸਵਿੰਦਰ ਸਿੰਘ ਛਿੰਦਾ ਦਾ ਨਾਵਲ ‘ਹਵਾਲਾਤ’ ਸਾਹਿਤਕ ਹਲਕਿਆਂ ’ਚ ਖ਼ੂਬ ਚਰਚਿਤ ਰਿਹਾ ਅਤੇ ਹੁਣ ਉਕਤ ਕਹਾਣੀ ਸੰਗ੍ਰਹਿ ਦਾ ਖਰੜਾ ਛਪਣ ਤੋਂ ਪਹਿਲਾਂ ਪੜ੍ਹਨ ਨੂੰ ਮਿਲਿਆ। ਇਸ ਦੀਆਂ ਕਥਾਵਾਂ ਦਾ ਵਿਸ਼ਾ-ਵਸਤੂ ਯਥਾਰਥ ਜੀਵਨ ਦੀ ਕਿਸੇ ਨਾ ਕਿਸੇ ਸਮੱਸਿਆ ਜਾਂ ਮੁਸ਼ਕਲ ਨੂੰ ਪ੍ਰਸਤੁਤ ਕਰਦਾ ਹੈ। ਕਥਾਵਾਂ ਦੀ ਬੋਲੀ ਸ਼ੈਲੀ ਬਹੁਤ ਪ੍ਰਭਾਵਸ਼ਾਲੀ ਹੈ। ਵਾਕਾਂ ਨੂੰ ਅਖੌਤਾਂ ਤੇ ਮੁਹਾਵਰਿਆਂ ਨਾਲ ਸ਼ਿੰਗਾਰਿਆ ਹੋਇਆ ਹੈ ਅਤੇ ਕਿਧਰੇ ਵੀ ਕੋਈ ਕਥਾ ਬੋਰ ਨਹੀਂ ਕਰਦੀ ਸਗੋਂ ਪੇਸ਼ਕਾਰੀ ਦਾ ਅੰਦਾਜ਼ ਪਾਠਕ ਦੇ ਮਨ ’ਤੇ ਸਿੱਧਾ ਅਸਰ ਕਰਦਾ ਹੈ। ਇਸੇ ਤਰ੍ਹਾਂ ਸ਼ਾਇਰ ਪ੍ਰਿੰ. ਗੁਰਦੇਵ ਸਿੰਘ ਸੰਦੌੜ, ਮਹਿੰਦਰ ਸਿੰਘ ਸਿੱਧੂ, ਅਮਰ ਸ਼ੂਫ਼ੀ, ਪ੍ਰਧਾਨ ਪ੍ਰੋ. ਕਰਮ ਸਿੰਘ ਸੰਧੂ, ਅਮਰੀਕ ਸਿੰਘ ਤਲਵੰਡੀ, ਜਗਦੀਸ਼ਪਾਲ ਮਹਿਤਾ, ਬੁੱਧ ਸਿੰਘ ਨੀਲੋਂ ਨੇ ਵੀ ਜਸਵਿੰਦਰ ਸਿੰਘ ਛਿੰਦਾ ਅਤੇ ਅਜੀਤ ਪਿਆਸਾ ਨੂੰ ਉਨ੍ਹਾਂ ਦੀਆਂ ਪੁਸਤਕਾਂ ਲਈ ਵਧਾਈਆਂ ਦਿੱਤੀਆਂ ਅਤੇ ਆਪਣੇ ਵਿਚਾਰ ਪੇਸ਼ ਕੀਤੇ। ਆਖ਼ਿਰ ’ਚ ਪ੍ਰਧਾਨ ਰਛਪਾਲ ਸਿੰਘ ਚਕਰ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਦੋਵੇਂ ਲੇਖਕਾਂ ਨੂੰ ਵਧਾਈ ਦਿੰਦਿਆਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕਵੀ ਦਰਬਾਰ ਵੀ ਕਰਵਾਇਆ। ਸਟੇਜ਼ ਦੀ ਕਾਰਵਾਈ ਮੁੱਖ ਸਲਾਹਕਾਰ, ਡਾ. ਬਲਦੇਵ ਸਿੰਘ ਨੇ ਕੁਸ਼ਲਤਾ ਨਾਲ ਨਿਭਾਈ। ਇਸ ਮੌਕੇ ਨਾਵਲਕਾਰ ਕ੍ਰਿਸ਼ਨ ਪ੍ਰਤਾਪ ਮੋਗਾ, ਪ੍ਰਭਦੀਪ ਸੋਹੀ ਸਾਬਕਾ ਪ੍ਰਧਾਨ, ਮਹਿੰਦਰ ਸਿੰਘ ਸੇਖੋਂ, ਕਾਨਤਾ ਦੇਵੀ, ਡਾ. ਸਰਬਜੀਤ ਕੌਰ ਬਰਾੜ ਮੋਗਾ, ਗੁਰਬਿੰਦਰ ਕੌਰ ਗਿੱਲ, ਸ਼ਾਇਰ ਰਾਜਦੀਪ ਤੂਰ, ਗਜ਼ਲਗੋ ਗੁਰਜੀਤ ਸਹੋਤਾ, ਸ਼ਾਇਰ ਅਜੀਤ ਪਿਆਸਾ, ਸ਼ਾਇਰ ਰਾਜਵੀਰ ਰੂਮੀ, ਮਹਿੰਦਰ ਸੰਧੂ, ਅਵਤਾਰ ਸਿੰਘ ਭੁੱਲਰ, ਰਜਿੰਦਰ ਸਿੰਘ ਗਿੱਲ, ਸਰਦੂਲ ਸਿੰਘ ਲੱਖਾ, ਮਨਦੀਪ ਸਿੰਘ ਸਿੱਧਵਾਂ, ਹਰਦੇਵ ਸਿੰਘ ਕਸਬਾ, ਜੀਵਨ ਕੁਮਾਰ ਗੋਲਡੀ, ਕਰਤਾਰ ਸਿੰਘ, ਗੁਰਮੀਤ ਸਿੰਘ ਗਗੜਾ ਆਦਿ ਅਦੀਬ ਹਾਜ਼ਰ ਸਨ।

## ਜਸਵਿੰਦਰ ਸਿੰਘ ਛਿੰਦਾ ਦੇ ਕਹਾਣੀ ਸੰਗ੍ਰਹਿ ‘ਤੇ ਦਿਲ ਫਿਰ ਉਦਾਸ ਹੋ ਗਿਆ’ 13 ਨੂੰ ਕੀਤਾ ਜਾਵੇਗਾ ਰਿਲੀਜ਼

### ਡਾ. ਸੁਰਜੀਤ ਬਰਾੜ ਅਤੇ ਮਿੱਤਰ ਸੈਨ ਮੀਤ ਪੁੱਜਣਗੇ ਵਿਸ਼ੇਸ਼ ਤੌਰ ’ਤੇ



ਡਾ. ਸੁਰਜੀਤ ਬਰਾੜ, ਮਿੱਤਰ ਸੈਨ ਮੀਤ, ਜਸਵਿੰਦਰ ਸਿੰਘ ਛਿੰਦਾ

ਜਗਰਾਉਂ, (ਸਾਡੇ ਲੋਕ ਬਿਊਰੋ)-ਬਹੁਚਰਚਿਤ ਨਾਵਲ ‘ਹਵਾਲਾਤ’ ਨਾਲ ਚਰਚਾ ਵਿਚ ਆਏ ਲੇਖਕ ਜਸਵਿੰਦਰ ਸਿੰਘ ਛਿੰਦਾ ਵਲੋਂ ਹੁਣ ਕਹਾਣੀਆਂ ਦੀ ਕਿਤਾਬ ‘ਤੇ ਦਿਲ ਫਿਰ ਉਦਾਸ ਹੋ ਗਿਆ’ ਪਾਠਕਾਂ ਦੀ ਝੋਲੀ ਪਾਉਣ ਦੀਆਂ ਤਿਆਰੀਆਂ ਕੀਤੀਆ ਗਈਆਂ ਹਨ। ਮਹਿਫ਼ਿਲ-ਏ-ਅਦੀਬ ਸੰਸਥਾ ਜਗਰਾਉਂ ਵਲੋਂ ਜਸਵਿੰਦਰ ਸਿੰਘ ਛਿੰਦਾ ਦੇ ਉਕਤ ਕਹਾਣੀ ਸੰਗ੍ਰਹਿ ਨੂੰ ਰਿਲੀਜ਼ ਕਰਨ ਲਈ 13 ਮਈ ਨੂੰ ਕਾਮਰੇਡ ਨਛੱਤਰ ਸਿੰਘ ਯਾਦਗਾਰੀ ਹਾਲ ਜਗਰਾਉਂ ਵਿਖੇ ਵਿਸ਼ੇਸ਼ ਤੌਰ ’ਤੇ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਕੈਪਟਨ ਪੂਰਨ ਸਿੰਘ ਗਗੜਾ, ਮੁੱਖ ਸਲਾਹਕਾਰ ਡਾ. ਬਲਦੇਵ ਸਿੰਘ ਅਤੇ ਜਗਦੀਸ਼ਪਾਲ ਮਹਿਤਾ ਨੇ ਦੱਸਿਆ ਕੇ ਇਨ੍ਹਾਂ ਸਮਾਗਮਾਂ ਵਿਚ ਪ੍ਰਸਿੱਧ ਅਲੋਚਕ ਅਤੇ ਲੇਖਕ ਡਾ. ਸੁਰਜੀਤ ਬਰਾੜ ਮੁੱਖ ਮਹਿਮਾਨ ਦੇ ਤੌਰ ’ਤੇ ਪਹੁੰਚ ਰਹੇ ਹਨ ਜਦਕਿ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਨਾਵਲਕਾਰ ਮਿੱਤਰ ਸੈਨ ਮੀਤ ਕਰਨਗੇ। ਇਸ ਤੋਂ ਇਲਾਵਾ ਸ਼੍ਰੋਮਣੀ ਗੀਤਕਾਰ ਅਮਰੀਕ ਸਿੰਘ ਤਲਵੰਡੀ, ਪ੍ਰਸਿੱਧ ਕਹਾਣੀਕਾਰ ਗੁਰਦੇਵ ਸਿੰਘ ਸੰਦੌੜ, ਪ੍ਰਸਿੱਧ ਗ਼ਜ਼ਲਗੋ ਅਮਰ ਸੂਫ਼ੀ, ਨਾਵਲਕਾਰ ਕ੍ਰਿਸ਼ਨ ਪ੍ਰਤਾਪ, ਪ੍ਰਿੰ. ਬਲਵੰਤ ਸਿੰਘ ਸੰਧੂ, ਪ੍ਰੋ. ਇੰਦਰਪਾਲ ਸਿੰਘ, ਸਾਹਿਤ ਸਭਾ ਦੇ ਪ੍ਰਧਾਨ ਪ੍ਰੋ. ਕਰਮ ਸਿੰਘ ਸੰਧੂ, ਸ਼ਬਦ ਅਦਬ ਸਾਹਿਤ ਸਭਾ ਮਾਣੂੰਕੇ ਦੇ ਪ੍ਰਧਾਨ ਰਛਪਾਲ ਸਿੰਘ ਚਕਰ ਵੀ ਵਿਸ਼ੇਸ਼ ਤੌਰ ’ਤੇ ਪੁੱਜਣਗੇ ਅਤੇ ਜਸਵਿੰਦਰ ਸਿੰਘ ਛਿੰਦਾ ਦੇ ਕਹਾਣੀ ਸੰਗ੍ਰਹਿ ‘ਤੇ ਦਿਲ ਫਿਰ ਉਦਾਸ ਹੋ ਗਿਆ’ ਸਬੰਧੀ ਆਪਣੇ ਵਿਚਾਰ ਪੇਸ਼ ਕਰਨਗੇ। ਇਸ ਮੌਕੇ ਸ਼ਾਇਰ ਅਜੀਤ ਪਿਆਸਾ ਦੀ ਜਗਰਾਉਂ ਵਾਰੇ ਲਿਖੀ ਕਿਤਾਬ ਦਾ ਦੂਜਾ ਭਾਗ ‘ਜਗਰਾਵਾਂ ਠੰਢੀਆਂ ਛਾਵਾਂ’ ਵੀ ਰਿਲੀਜ਼ ਕੀਤੀ ਜਾਵੇਗੀ।

# ਡਾ. ਨਵਸ਼ਰਨ ਨੂੰ ਈਡੀ ਦਫ਼ਤਰ ਬੁਲਾ ਕੇ ਪ੍ਰੇਸ਼ਾਨ ਕਰਨ ਦਾ ਵਿਰੋਧ

ਚੰਡੀਗੜ੍ਹ : ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਨਾਮਵਰ ਲੇਖਕ ਅਤੇ ਸਮਾਜਿਕ ਨਿਆਂ ਲਈ ਆਵਾਜ਼ ਬੁਲੰਦ ਕਰਨ ਵਾਲੀ ਡਾ. ਨਵਸ਼ਰਨ ਨੂੰ ਈਡੀ ਵੱਲੋਂ ਪੁੱਛ-ਪੜਤਾਲ ਦੇ ਬਹਾਨੇ ਆਪਣੇ ਦਫ਼ਤਰ ਬੁਲਾ ਕੇ ਪ੍ਰੇਸ਼ਾਨ ਕਰਨ ਦੀ ਸਾਹਿਤਕ ਅਤੇ ਸੱਭਿਆਚਾਰਕ ਸੰਗਠਨਾਂ ਵੱਲੋਂ ਪੁਰਜ਼ੋਰ ਨਿੰਦਿਆ ਕੀਤੀ ਗਈ ਹੈ। ਡਾ. ਨਵਸ਼ਰਨ ਘੱਟ-ਗਿਣਤੀਆਂ, ਔਰਤਾਂ, ਦਲਿਤਾਂ, ਕਿਰਤੀਆਂ, ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ ਅਤੇ ਬੁੱਧੀਜੀਵੀਆਂ ਵਿੱਚ ਝੰਡਾ-ਬਰਦਾਰ ਵਾਲੀ ਭੂਮਿਕਾ ਅਦਾ ਕਰਦੇ ਆ ਰਹੇ ਹਨ। ਉਨ੍ਹਾਂ ਨੇ ਘੱਟ-ਗਿਣਤੀਆਂ ਉੱਤੇ ਸਰਕਾਰੀ ਅਤੇ ਸੰਪ੍ਰਦਾਇਕ ਤਾਕਤਾਂ ਵੱਲੋਂ ਹੁੰਦੇ ਜਬਰ ਵਿਰੁੱਧ ਆਪਣੀ ਕਲਮ ਅਤੇ ਸਮਾਜਕ ਸਰਗਰਮੀ ਨਾਲ ਨਿਰੰਤਰ ਆਵਾਜ਼ ਉਠਾਈ ਹੈ। ਕਸ਼ਮੀਰ, ਦਿੱਲੀ, ਹੈਦਰਾਬਾਦ ਅਤੇ ਯੂਪੀ ਵਿੱਚ ਹੋਏ ਔਰਤਾਂ ਦੇ ਜਬਰ-ਜਨਾਹ ਅਤੇ ਕਤਲਾਂ ਵਿਰੁੱਧ ਉਨ੍ਹਾਂ ਦਾ ਸੰਘਰਸ਼ ਜੱਗ-ਜ਼ਾਹਰ ਹੈ। ਕੌਮੀ ਨਾਗਰਿਕ ਰਜਿਸਟਰ (ਐਨਆਰਸੀ) ਅਤੇ ਨਾਗਰਿਕਤਾ ਸੋਧ ਕਾਨੂੰਨ ਖ਼ਿਲਾਫ਼ ਸ਼ਹੀਨ ਬਾਗ਼ ਅੰਦੋਲਨ, ਤਿੰਨ ਖੇਤੀ ਕਾਨੂੰਨਾਂ ਖ਼ ?ਲਾਫ਼ ਹੋਏ ਕਿਸਾਨ ਅੰਦੋਲਨ ਅਤੇ ਵੱਖ ਵੱਖ ਕਾਲੇ ਕਾਨੂੰਨਾਂ ਦੀ ਓਟ ਹੇਠ ਜੇਲ੍ਹਾਂ ਵਿੱਚ ਬੰਦ ਲੇਖਕਾਂ ਅਤੇ ਬੁੱਧੀਜੀਵੀਆਂ ਦੇ ਮਾਨਵੀ ਅਧਿਕਾਰਾਂ ਦੀ ਰਾਖੀ ਲਈ ਡਾ. ਨਵਸ਼ਰਨ ਨੇ ਬੁਲੰਦ ਆਵਾਜ ਵਿੱਚ ਵਕਾਲਤ ਕੀਤੀ ਹੈ। ਸ੍ਰੀ ਸਿਰਸਾ ਨੇ ਕਿਹਾ ਕਿ ਈਡੀ ਵੱਲੋਂ ਡਾ. ਨਵਸ਼ਰਨ ਨੂੰ ਪ੍ਰੇਸ਼ਾਨ ਕਰਨ ਦੀ ਸਾਜ਼ਿਸ਼ ਸਰਕਾਰੀ ਦਮਨ ਰਾਹੀਂ ਲੇਖਕਾਂ ਅਤੇ ਬੁੱਧੀਜੀਵੀਆਂ ਦੀ ਜੁਬਾਨਬੰਦੀ ਦੀ ਹੀ ਅਗਲੀ ਕੜੀ ਹੈ। ਪੰਜਾਬ ਦੀਆਂ ਸਾਹਿਤਕ ਤੇ ਸੱਭਿਆਚਾਰਕ ਜਥੇਬੰਦੀਆਂ ਅਤੇ ਸਮਾਜਕ ਨਿਆਂ ਲਈ ਸੰਘਰਸ਼ਸ਼ੀਲ ਸੰਗਠਨਾਂ ਨੇ ਭਾਰਤ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਵਿਚਾਰਾਂ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਤੇ ਪਾਬੰਦੀਆਂ ਲਾਉਣ ਤੋਂ ਬਾਜ਼ ਆਵੇ।



# ਸਿੱਖਸ ਆਫ ਅਮੈਰਿਕਾ ਨੇ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦਾ ਕੀਤਾ ਸਨਮਾਨ

ਵਾਸ਼ਿੰਗਟਨ ਡੀ.ਸੀ. (ਰਾਜ ਗੋਗਨਾ) : ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਇਨੀਂ ਦਿਨੀਂ ਅਮਰੀਕਾ ਫ਼ੇਰੀ ’ਤੇ ਹਨ ਅਤੇ ਵਾਸ਼ਿੰਗਟਨ ਪਹੁੰਚਣ ’ਤੇ ਉਨਾਂ ਦਾ ਸਿੱਖਸ ਆਫ ਅਮਰੀਕਾ ਵਲੋਂ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ ’ਚ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਨਮਾਨ ਸਮਾਰੋਹ ਵਿਚ ਕਮਲਜੀਤ ਸੋਨੀ, ਬਲਜਿੰਦਰ ਸਿੰਘ ਸ਼ੰਮੀ, ਇੰਦਰਜੀਤ ਸਿੰਘ ਗੁਜਰਾਲ, ਦਿਲਵੀਰ ਸਿੰਘ, ਰਤਨ ਸਿੰਘ, ਗੁਰਵਿੰਦਰ ਸੇਠੀ, ਮਨਿੰਦਰ ਸੇਠੀ, ਜਸਵਿੰਦਰ ਸਿੰਘ ਰਾਇਲ ਤਾਜ, ਧਰਮਪਾਲ ਸਿੰਘ, ਸਰਬਜੀਤ ਢਿੱਲੋਂ, ਸੁਖਵਿੰਦਰ ਸਿੰਘ ਘੋਗਾ, ਚਰਨਜੀਤ ਸਿੰਘ ਸਰਪੰਚ, ਵਰਿੰਦਰ ਸਿੰਘ, ਜਸਵਿੰਦਰ ਸਿੰਘ ਜੌਨੀ, ਸੁਖਪਾਲ ਸਿੰਘ ਧਨੋਆ, ਹਰਜੀਤ ਚੰਢੋਕ, ਭੋਗਲ ਸਿੰਘ, ਤਰਲੋਚਨ ਸਿੰਘ, ਜਸਵੰਤ ਸਿੰਘ ਧਾਲੀਵਾ, ਮਲਕਾ ਸਿੰਘ (ਮੇਜਰ), ਰਣਜੀਤ ਚਾਹਲ, ਚੰਚਲ ਸਿੰਘ ਧਾਲੀਵਾਲ, ਮਨਜੀਤ ਗਰੇਵਾਲ ਤੋਂ ਇਲਾਵਾ ਕਈ ਗੁਰਦੁਆਰਾ ਸਹਿਬਾਨ ਦੇ



ਚੇਅਰਮੈਨ ਤੇ ਸਾਬਕਾ ਪ੍ਰਧਾਨ ਅਤੇ ਸਾਬਕਾ ਚੇਅਰਮੈਨ ਵੀ ਸ਼ਾਮਿਲ ਹੋਏ। ਇਸ ਮੌਕੇ ਸ੍ਰ. ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵਲੋਂ ਗੁਰਬਾਣੀ ਦੇ ਪ੍ਰਚਾਰ ਲਈ ਵਿਸ਼ਵ ਪੱਧਰ ’ਤੇ ਮੁਹਿੰਮ ਚਲਾਈ ਗਈ ਅਤੇ ਉਨਾਂ ਵਲੋਂ ਸਿੱਖੀ ਦੀ ਚੜਦੀ ਕਲਾ ਲਈ ਕੀਤੇ ਜਾ ਰਹੇ ਪ੍ਰਚਾਰ ਕਾਰਨ ਸਿੱਖਸ ਆਫ ਅਮੈਰਿਕਾ ਵਲੋਂ ਉਨਾਂ ਦਾ ਸਨਮਾਨ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਉਹ ਸੰਤ ਰਣਜੀਤ ਸਿੰਘ ਜੀ ਨੂੰ ਸਨਮਾਨ ਦੇ ਕੇ ਖੁਦ ਸਨਮਾਨਿਤ ਹੋਏ ਮਹਿਸੂਸ ਕਰ ਰਹੇ ਹਨ।

# ਇੰਡੋਨੇਸ਼ੀਆ ਏਅਰਪੋਰਟ 'ਤੇ ਦੋ ਪੰਜਾਬੀ ਕਤਲ ਕੇਸ 'ਚ ਗ੍ਰਿਫ਼ਤਾਰ

## ਹੋ ਸਕਦੀ ਹੈ ਸਜ਼ਾ-ਏ ਮੌਤ

## ਕਮਿਊਨਿਟੀ ਵਲੋਂ ਭਾਰਤ ਸਰਕਾਰ ਨੂੰ ਮਦਦ ਦੀ ਅਪੀਲ

ਬਾਲੀ : ਸਨੂਰ, ਬਾਲੀ ਵਿੱਚ ਲੁੱਟ ਦੀ ਨੀਅਤ ਨਾਲ ਇੱਕ ਕਤਲ ਦਾ ਮਾਮਲਾ ਸਾਹਮਣੇ ਆਉਣ ਆਇਆ ਹੈ। ਪੁਲਿਸ ਨੇ ਦੋ ਭਾਰਤੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ 'ਤੇ ਅਪਰਾਧੀ ਹੋਣ ਦਾ ਸ਼ੱਕ ਸੀ। ਏਐਸ (21) ਅਤੇ ਜੀਐਸ (24) ਨਾਮ ਦੇ ਦੋ ਦੋਸ਼ੀਆਂ ਨੂੰ ਨਗੁਰਾਹ ਰਾਏ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ।

"ਇਹ ਸੱਚ ਹੈ ਕਿ ਦੋ ਭਾਰਤੀ ਨਾਗਰਿਕਾਂ ਨੂੰ ਨਗੁਰਾਹ ਰਾਏ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ 'ਤੇ ਕਤਲ ਅਤੇ ਅਤਿਆਚਾਰ ਦੇ ਇੱਕ ਮਾਮਲੇ ਵਿੱਚ ਸ਼ਾਮਲ ਹੋਣ ਦਾ ਸ਼ੱਕ ਸੀ ਜਿਸ ਦੇ ਨਤੀਜੇ ਵਜੋਂ ਜਕਾਰਤਾ ਦੇ ਇੱਕ ਨਿਵਾਸੀ ਦੀ ਮੌਤ ਅਤੇ ਗੰਭੀਰ ਸੱਟ ਲੱਗ ਗਈ ਸੀ।

ਰਿਟੰਗਾ ਨੇ ਦੱਸਿਆ ਕਿ 17 ਅਤੇ GS ਨੂੰ ਸ਼ਨੀਵਾਰ, 13 ਮਈ 2023 ਨੂੰ 19.00 WITA ਦੇ ਆਸਪਾਸ ਅੰਤਰਰਾਸ਼ਟਰੀ ਰਵਾਨਗੀ ਟਰਮੀਨਲ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਪੁਲਿਸ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਤੋਂ ਸੂਚਨਾ ਮਿਲਣ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ ਕਿ ਦੋ ਭਾਰਤੀ ਨਾਗਰਿਕ ਸਿੰਗਾਪੁਰ ਏਅਰਲਾਈਨਜ਼ SQ IDG ਦੀ ਵਰਤੋਂ ਕਰਕੇ ਸਿੰਗਾਪੁਰ ਲਈ ਉਡਾਣ ਭਰਨਗੇ। ਪੁਲਿਸ ਇਮੀਗ੍ਰੇਸ਼ਨ ਨਾਲ ਕੰਮ ਕਰ ਰਹੀ ਸੀ ਕਿ AS ਅਤੇ GS ਨੂੰ ਕਿਸੇ ਵੀ ਹਾਲਤ ਵਿੱਚ ਇੰਡੋਨੇਸ਼ੀਆ ਛੱਡਣ ਤੋਂ ਰੋਕਿਆ ਜਾ ਸਕੇ।

ਇਹ ਦੋ ਪੰਜਾਬ ਮੁੰਡਿਆਂ ਨੇ ਅਮਰੀਕਾ ਜਾਣ ਲਈ ਏਜੰਟ ਨੂੰ ਪੈਸੇ ਦਿੱਤੇ ਤੇ ਇੰਡੋਨੇਸ਼ੀਆ ਦੇ ਏਜੰਟ ਨੇ ਫੜ ਲਿਆ ਜਦ ਇਹ ਭੱਜਣ ਲੱਗੇ ਤਾਂ ਬੰਦਾ ਮਾਰਿਆ ਗਿਆ ਜਿੰਨੇ ਫੜਿਆ ਸੀ। ਹੁਣ ਇਨ੍ਹਾਂ ਨੂੰ ਮੌਤ ਦੀ ਸਜ਼ਾ ਹੋਈ। ਕਮਿਊਨਿਟੀ ਅਤੇ ਪਰਿਵਾਰ ਵਲੋਂ ਭਾਰਤ ਸਰਕਾਰ ਅਪੀਲ ਹੈ ਕਿ ਇਨ੍ਹਾਂ ਦੀ ਮਦਦ ਕੀਤੀ ਜਾਵੇ ਤਾਂ ਜੋ ਇਨ੍ਹਾਂ ਨੂੰ ਬਚਾਇਆ ਜਾ ਸਕੇ।



# ਬਾਇਡਨ ਦਾ ਦੌਰਾ ਮੁਲਤਵੀ ਹੋਣ 'ਤੇ ਕੁਆਡ ਸਿਖਰ ਸੰਮੇਲਨ ਰੱਦ

## • ਕਰਜ਼ਿਆਂ ਦੀ ਅਦਾਇਗੀ ਤੋਂ ਪੈਦਾ ਸੰਕਟ ਨਾਲ ਜੂਝ ਰਹੇ ਨੇ ਬਾਇਡਨ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਦੇਸ਼ ਨੂੰ ਗੰਭੀਰ ਆਰਥਿਕ ਸੰਕਟ ਤੋਂ ਬਚਾਉਣ 'ਤੇ ਧਿਆਨ ਕੇਂਦਰਿਤ ਕਰਨ ਦੇ ਮਕਸਦ ਨਾਲ ਆਪਣਾ ਆਸਟਰੇਲੀਆ ਦੌਰਾ ਮੁਲਤਵੀ ਕਰ ਦਿੱਤਾ ਹੈ ਅਤੇ ਇਸ ਵਾਸਤੇ ਸਿਡਨੀ ਵਿੱਚ 24 ਮਈ ਨੂੰ ਹੋਣ ਵਾਲਾ ਕੁਆਡ ਦੇਸ਼ਾਂ ਦੇ ਆਗੂਆਂ ਦਾ ਸਿਖਰ ਸੰਮੇਲਨ ਰੱਦ ਕਰ ਦਿੱਤਾ ਗਿਆ ਹੈ। ਬਾਇਡਨ ਪਾਪੂਆ ਨਿਊ ਗਿਨੀ ਦੇ ਨਾਲ ਹੀ ਆਸਟਰੇਲੀਆ ਦੌਰੇ 'ਤੇ ਜਾਣ ਵਾਲੇ ਸਨ। ਬਾਇਡਨ ਨੂੰ ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਮਰੀਕਾ ਨੂੰ ਕਰਜ਼ੇ ਦੀ ਅਦਾਇਗੀ ਕਰਨ ਤੋਂ ਖੁੰਝਣ ਤੋਂ ਬਚਾਉਣ ਲਈ ਵਿਰੋਧੀ ਰਿਪਬਲੀਕਨ ਪਾਰਟੀ ਨਾਲ ਡੂੰਘਾਈ 'ਚ ਚਰਚਾ ਕਰਨ ਦੀ ਲੋੜ ਹੈ ਅਤੇ ਇਸ ਵਾਸਤੇ ਉਨ੍ਹਾਂ ਨੇ ਆਪਣਾ ਆਸਟਰੇਲੀਆ ਦੌਰਾ ਮੁਲਤਵੀ ਕਰਨ ਦਾ ਫ਼ੈਸਲਾ ਲਿਆ ਹੈ।

ਬਾਇਡਨ ਨੇ ਆਸਟਰੇਲੀਆ ਵਿੱਚ ਕੁਆਡ ਦੇਸ਼ਾਂ ਦੇ ਆਗੂਆਂ ਦੀ ਹੋਣ ਵਾਲੀ ਤੀਜੀ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜਪਾਨ ਦੇ ਪ੍ਰਧਾਨ ਮੰਤਰੀ ਫੁਮੀਓ ਕਿਸ਼ਿਦਾ ਅਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਐਲਬਨੀਜ਼ ਦੇ ਨਾਲ ਹਿੱਸਾ ਲੈਣਾ ਸੀ। ਹਾਲਾਂਕਿ, ਬਾਇਡਨ ਜੀ-7 ਦੇਸ਼ਾਂ ਦੇ ਆਗੂਆਂ ਦੀ ਮੀਟਿੰਗ ਵਿੱਚ ਹਿੱਸਾ ਲੈਣ ਵਾਸਤੇ ਬੁੱਧਵਾਰ ਨੂੰ ਜਪਾਨ ਦੇ ਹੀਰੋਸ਼ੀਮਾ ਲਈ ਰਵਾਨਾ ਹੋਣਗੇ। ਆਪਣੇ ਫੈਸਲੇ ਬਾਰੇ ਜਾਣਕਾਰੀ ਦੇਣ ਲਈ ਐਲਬਨੀਜ਼ ਨਾਲ ਫੋਨ 'ਤੇ ਹੋਈ ਗੱਲਬਾਤ ਦੌਰਾਨ ਬਾਇਡਨ ਨੇ ਸੁਵਿਧਾਜਨਕ ਸਮੇਂ ਮੁਤਾਬਕ



ਆਸਟਰੇਲਿਆਈ ਪ੍ਰਧਾਨ ਮੰਤਰੀ ਨੂੰ ਦੇਸ਼ ਦੇ ਸਰਕਾਰੀ ਦੌਰੇ ਲਈ ਸੱਦਾ ਦਿੱਤਾ ਹੈ। ਬਾਇਡਨ 22 ਜੂਨ ਨੂੰ ਵ੍ਹਾਈਟ ਹਾਊਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਧਿਕਾਰਤ ਦੌਰੇ ਦੀ ਮੇਜ਼ਬਾਨੀ ਕਰਨਗੇ। ਬਾਇਡਨ ਤੇ ਮੋਦੀ ਕੁਆਡ ਸਿਖਰ ਸੰਮੇਲਨ ਤੋਂ ਇਕ ਪਾਸੇ ਆਸਟਰੇਲੀਆ ਵਿੱਚ ਮਿਲਣ ਵਾਲੇ ਸਨ। ਵ੍ਹਾਈਟ ਹਾਊਸ ਨੇ ਕਿਹਾ, ਹਾਲਾਂਕਿ ਜੀ-7 ਮੀਟਿੰਗ ਤੋਂ ਇਕ ਪਾਸੇ ਇਸ ਹਫ਼ਤੇ ਜਪਾਨ ਵਿੱਚ ਉਨ੍ਹਾਂ ਦੀ ਪਹਿਲਾਂ ਤੋਂ ਤੈਅ ਮੀਟਿੰਗ ਤੈਅ ਸਮੇਂ 'ਤੇ ਹੋਵੇਗੀ। ਵ੍ਹਾਈਟ ਹਾਊਸ ਵਿੱਚ 'ਯਹੂਦੀ ਅਮਰੀਕੀ ਵਿਰਾਸਤ ਮਹੀਨੇ' ਸਬੰਧੀ ਸਮਾਰੋਹ ਦੌਰਾਨ ਬਾਇਡਨ ਨੇ ਆਸਟਰੇਲੀਆ ਦੌਰਾ ਰੱਦ ਕਰਨ ਦਾ ਐਲਾਨ ਕੀਤਾ। ਇਸ ਐਲਾਨ ਤੋਂ ਪਹਿਲਾਂ ਉਨ੍ਹਾਂ ਪ੍ਰਤੀਨਿਧ ਸਭਾ ਦੇ ਸਭਾਪਤੀ ਅਤੇ ਰਿਪਬਲਿਕਨ ਪਾਰਟੀ ਦੇ ਆਗੂ ਕੇਵਿਨ ਮੈਕਾਰਥੀ ਸਣੇ ਸੰਸਦ ਦੇ ਆਗੂਆਂ ਨਾਲ ਮੀਟਿੰਗ ਕੀਤੀ ਸੀ। ਵ੍ਹਾਈਟ ਹਾਊਸ ਵਿੱਚ ਹੋਏ ਇਸ ਸਮਾਰੋਹ 'ਚ ਸ਼ਾਮਲ ਮਹਿਮਾਨਾਂ ਨੂੰ ਬਾਇਡਨ ਨੇ ਕਿਹਾ, "ਮੈਂ ਆਪਣੀ ਯਾਤਰਾ ਦੇ ਸਮੇਂ 'ਚ ਕਟੌਤੀ ਕਰ ਰਿਹਾ ਹਾਂ। ਮੈਂ ਕਾਂਗਰਸ ਦੇ ਆਗੂਆਂ ਨਾਲ ਫੈਸਲਾਕੁਨ ਗੱਲਬਾਤ ਲਈ ਇਸ ਯਾਤਰਾ ਦੌਰਾਨ ਆਸਟਰੇਲੀਆ ਤੇ ਪਾਪੂਆ ਨਿਊ ਗਿਨੀ ਦੇ ਆਪਣੇ ਦੌਰੇ ਨੂੰ ਰੱਦ ਕਰ ਰਿਹਾ ਹਾਂ।" ਉਨ੍ਹਾਂ ਕਿਹਾ, "ਮੈਂ ਅੱਜ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੂੰ ਮੌਜੂਦਾ ਹਾਲਾਤ ਬਾਰੇ ਦੱਸਿਆ।" ਉਨ੍ਹਾਂ ਕਿਹਾ ਕਿ ਇਹ ਅਫਸੋਸਨਾਕ ਹੈ ਕਿ ਕਾਂਗਰਸ ਦੇ ਰਿਪਬਲਿਕਨ ਮੈਂਬਰਾਂ ਨਾਲ ਸਾਡੀ ਗੱਲਬਾਤ ਵਿੱਚ ਰਿਪਬਲਿਕਨ ਆਗੂ ਮਾਲੀਆ ਵਧਾਉਣ 'ਤੇ ਚਰਚਾ ਕਰਨ ਨੂੰ ਤਿਆਰ ਨਹੀਂ ਹਨ।" ਬਾਇਡਨ ਨੇ ਕਿਹਾ ਕਿ ਭਾਵੇਂ ਕਿ ਦੋਹਾਂ ਪਾਰਟੀਆਂ 'ਚ ਨੀਤੀਗਤ ਮਤਭੇਦ ਹੋਣ ਪਰ ਇਹ ਕਾਂਗਰਸ ਨੂੰ ਕਰਜ਼ਾ ਅਦਾਇਗੀ ਤੋਂ ਬਚਣ ਦੇ ਤਰੀਕਿਆਂ 'ਤੇ ਵਿਚਾਰ ਕਰਨ ਤੋਂ ਨਹੀਂ ਰੋਕ ਸਕਦਾ ਹੈ। ਉਨ੍ਹਾਂ ਕਿਹਾ, "ਮੈਂ ਅੱਜ ਦੀ ਮੀਟਿੰਗ 'ਚ ਫਿਰ ਸਪੱਸ਼ਟ ਕੀਤਾ ਕਿ ਕਰਜ਼ਾ ਅਦਾਇਗੀ ਤੋਂ ਖੁੰਝਣਾ ਬਦਲ ਨਹੀਂ ਹੈ। ਅਮਰੀਕਾ ਕਰਜ਼ੇ, ਬਿੱਲ ਦਾ ਭੁਗਤਾਨ ਕਰਦਾ ਹੈ ਤਾਂ ਸਾਡੇ ਕੋਲ ਨੀਤੀਗਤ ਮਤਭੇਦਾਂ 'ਤੇ ਬਹਿਸ ਲਈ ਲੋੜੀਂਦਾ ਸਮਾਂ ਹੋਵੇਗਾ ਪਰ ਦੇਸ਼ ਸਾਡੇ ਕਰਜ਼ਿਆਂ ਕਾਰਨ ਨਹੀਂ ਝੁਕੇਗਾ।"

### ਕਰਜ਼ੇ ਦੀ ਅਦਾਇਗੀ ਤੋਂ ਖੁੰਝਣ ਨਾਲ ਮੰਦੀ ਦਾ ਡਰ: ਬਾਇਡਨ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਇਸ ਬਾਰੇ ਪੂਰੀ ਸਹਿਮਤੀ ਬਣ ਰਹੀ ਹੈ ਕਿ ਕਰਜ਼ੇ ਦੀ ਅਦਾਇਗੀ ਤੋਂ ਖੁੰਝਣਾ ਕੋਈ ਬਦਲ ਨਹੀਂ ਹੈ। ਸਾਡਾ ਅਰਥਚਾਰਾ ਮੰਦੀ ਦੀ ਲਪੇਟ 'ਚ ਆ ਜਾਵੇਗਾ। ਜੇਕਰ ਅਜਿਹਾ ਹੋਇਆ ਤਾਂ ਇਸ ਦਾ ਅਸਰ ਸੇਵਾਮੁਕਤ ਖਾਤਾਧਾਰਕਾਂ ਦੇ ਖਾਤਿਆਂ 'ਤੇ ਪਵੇਗਾ, ਕਰਜ਼ਾ ਲਾਗਤ 'ਚ ਵਾਧਾ ਹੋਵੇਗਾ ਅਤੇ ਮੂਡੀਜ਼ ਮੁਤਾਬਕ ਲਗਪਗ 80 ਲੱਖ ਅਮਰੀਕੀ ਆਪਣੀਆਂ ਨੌਕਰੀਆਂ ਗੁਆ ਦੇਣਗੇ ਅਤੇ ਜੇਕਰ ਅਸੀਂ ਅਜਿਹਾ ਹੋਣ ਦਿੱਤਾ ਤਾਂ ਸਾਡਾ ਕੌਮਾਂਤਰੀ ਵੱਕਾਰ ਖ਼ਤਮ ਹੋ ਜਾਵੇਗਾ।"

# ਅਮਰੀਕਾ 'ਚ ਕਰੋੜਾਂ ਡਾਲਰ ਦੇ ਕਾਲ ਸੈਂਟਰ ਘੁਟਾਲੇ ਚ ਭਾਰਤੀ ਨਾਗਰਿਕ ਨੇ ਕਬੂਲਿਆ ਦੋਸ਼

ਨਿਊਯਾਰਕ : ਅਮਰੀਕਾ ਵਿਖੇ ਇੱਕ 28 ਸਾਲਾ ਭਾਰਤੀ ਨਾਗਰਿਕ ਨੇ ਕਈ ਸਾਲਾਂ ਤੋਂ ਮੇਲ ਅਤੇ ਵਾਇਰ ਧੋਖਾਧੜੀ ਕਰਨ ਦੀ ਅੰਤਰਰਾਸ਼ਟਰੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦਾ ਦੋਸ਼ ਸਵੀਕਾਰ ਕੀਤਾ ਹੈ, ਜਿਸ ਦੇ ਤਹਿਤ ਅਮਰੀਕਾ ਵਿੱਚ ਸੈਂਕੜੇ ਪੀੜਤਾਂ ਤੋਂ ਲੱਖਾਂ ਡਾਲਰ ਦੀ ਵਸੂਲੀ ਕੀਤੀ ਗਈ ਸੀ। ਟੈਕਸਾਸ ਦੇ ਦੱਖਣੀ ਜ਼ਿਲ੍ਹੇ ਲਈ ਅਮਰੀਕੀ ਅਟਾਰਨੀ ਆਲਮਦਾਰ ਐਸ. ਹਮਦਾਨੀ ਨੇ ਦੱਸਿਆ ਕਿ ਅਰਕਨਸਾਸ ਦੇ ਹੋਬਰ ਸਪ੍ਰਿੰਗਜ਼ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਜ਼ਹੀਨ ਮਾਲਵੀ ਨੇ ਟੈਲੀਮਾਰਕੀਟਿੰਗ ਸਕੀਮ ਘੁਟਾਲੇ ਵਿੱਚ ਭਾਰਤੀ ਕਾਲ ਸੈਂਟਰਾਂ ਦੀ ਮਦਦ ਕੀਤੀ। ਹਮਦਾਨੀ ਨੇ ਕਿਹਾ ਕਿ 'ਇਨ੍ਹਾਂ ਘੁਟਾਲਿਆਂ ਨੂੰ ਅੰਜਾਮ ਦੇਣ ਵਾਲੇ ਭਾਰਤੀ ਕਾਲ ਸੈਂਟਰ ਬੇਪਰਵਾਹ ਹਨ।'

ਹਮਦਾਨੀ ਮੁਤਾਬਕ 'ਉਹ ਸਭ ਤੋਂ ਕਮਜ਼ੋਰ ਲੋਕਾਂ ਦਾ ਸ਼ਿਕਾਰ ਕਰਦੇ ਹਨ, ਜਿਵੇਂ ਕਿ ਬਜ਼ੁਰਗ। ਅੱਜ ਇੱਕ ਹੋਰ ਅਪਰਾਧੀ ਨੂੰ ਆਖਰਕਾਰ ਕਈ ਸਾਲਾਂ ਲਈ ਜਵਾਬਦੇਹ ਠਹਿਰਾਇਆ ਗਿਆ ਹੈ, ਜਿਸ ਨੇ ਪੀੜਤਾਂ ਤੋਂ ਪੈਸੇ ਲਏ।' ਅਦਾਲਤ ਨੇ ਨੋਟ ਕੀਤਾ ਕਿ ਮਾਲਵੀ ਨੇ ਪਹਿਲਾਂ ਸਕੀਮ ਵਿੱਚ ਵਿਚੋਲੇ ਵਜੋਂ ਕੰਮ ਕੀਤਾ।



ਬਾਅਦ ਦੇ ਸਾਲਾਂ ਵਿੱਚ ਉਸਨੇ ਹੋਰ ਸਹਾਇਕਾ ਦਾ ਪ੍ਰਬੰਧਨ ਕੀਤਾ। ਸਕੀਮ ਵਿੱਚ ਵਰਤੀ ਗਈ ਇੱਕ ਆਮ ਸਕ੍ਰਿਪਟ ਵਿੱਚ ਪੀੜਤਾਂ ਨੂੰ ਵਿਸ਼ਵਾਸ ਕਰਨ ਲਈ ਮਜਬੂਰ ਕਰਨਾ ਸ਼ਾਮਲ ਸੀ ਕਿ ਸੰਘੀ ਏਜੰਟ ਉਹਨਾਂ ਦੀ ਜਾਂਚ ਕਰ ਰਹੇ ਸਨ। ਫ਼ੋਨ 'ਤੇ 'ਏਜੰਟ' ਪੀੜਤ ਨੂੰ ਯਕੀਨ ਦਿਵਾਉਂਦਾ ਸੀ ਕਿ ਉਹਨਾਂ ਦਾ ਨਾਮ ਜਾਂਚ ਤੋਂ ਸਾਫ਼ ਕਰਨ ਦਾ ਇੱਕੋ ਇੱਕ ਤਰੀਕਾ ਸੀ ਗਿਫਟ ਕਾਰਡ ਖਰੀਦਣਾ ਅਤੇ ਰਿਡੈਂਪਸ਼ਨ ਕੋਡਾਂ ਨੂੰ ਕਾਲ ਸੈਂਟਰ ਵਿੱਚ ਟਰਾਂਸਫਰ ਕਰਨਾ ਜਾਂ ਇੱਕ ਪੈਕੇਜ ਵਿੱਚ ਕੈਸ਼ ਨੂੰ ਇੱਕ ਨਾਮ ਅਤੇ ਕਾਲ ਸੈਂਟਰ ਦਾ ਪਤਾ ਭੇਜਣਾ ਸੀ।

ਆਪਣੇ ਪਟੀਸ਼ਨ ਸਮਝੌਤੇ ਦੇ ਹਿੱਸੇ ਵਜੋਂ ਮਾਲਵੀ ਸਕੀਮ ਦੇ ਪਛਾਣੇ ਗਏ ਪੀੜਤਾਂ ਨੂੰ ਮੁਆਵਜ਼ਾ ਅਦਾ ਕਰੇਗਾ। ਯੂ.ਐਸ ਦੇ ਜ਼ਿਲ੍ਹਾ ਜੱਜ ਐਂਡਰਿਊ ਐਸ. ਹੈਨੇਨ ਨੇ ਪਟੀਸ਼ਨ ਸਵੀਕਾਰ ਕਰ ਲਈ ਅਤੇ ਹੁਣ14 ਅਗਸਤ ਨੂੰ ਸਜ਼ਾ ਸੁਣਾਈ ਜਾਵੇਗੀ। ਉਦੋਂ ਮਾਲਵੀ ਨੂੰ 20 ਸਾਲ ਤੱਕ ਦੀ ਕੈਦ ਅਤੇ ਸੰਭਾਵਿਤ 250,000 ਡਾਲਰ ਦਾ ਵੱਧ ਤੋਂ ਵੱਧ ਜੁਰਮਾਨਾ ਹੋ ਸਕਦਾ ਹੈ। ਉਹ ਇਸ ਸੁਣਵਾਈ ਤੱਕ ਹਿਰਾਸਤ ਵਿੱਚ ਰਹੇਗਾ।

AGES: 7 and above

# CAMP GURMAT

## SUMMER 2023 IN MARYLAND

## A leadership training experience for Sikh children



**KIRTAN | TABLA | GATKA | WORKSHOPS | SPORTS | ARTS & CRAFTS | EVENING ACTIVITIES**

**Sunday, July 9 - Saturday, July 15, 2023**

**Lathrop E Smith Environmental Education Center**
**5110 Meadowside Ln, Derwood, Maryland 20855**

Register: **https://ggsfusa.org/gurmat-camp-registration/**

For more information: campgurmat@gmail.com; +1 (240) 672-1586

**Guru Gobind Singh Foundation www.ggsfusa.org**



23ਮਈ 'ਤੇ ਵਿਸ਼ੇਸ਼

# ਸ਼ਹੀਦਾਂ ਦੇ ਸਿਰਤਾਰ-ਗੁਰੂ ਅਰਜਨ ਦੇਵ ਜੀ

ਬਲਵਿੰਦਰ 'ਬਾਲਮ'
ਓਂਕਾਰ ਨਗਰ,
ਗੁਰਦਾਸਪੁਰ (ਪੰਜਾਬ)
ਮੋ: 98156-25409



ਸਾਹਿਬ ਸਤਿਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਨਾਂਅ ਹਿੰਦੂਸਤਾਨ ਦੇ ਇਤਿਹਾਸ ਵਿਚ ਚੜ੍ਹਦੇ ਸੂਰਜ ਵਾਂਗ ਚਮਕਦਾ ਰਵੇਗਾ। ਉਹਨਾਂ ਨੇ ਜੋ ਧਰਮ ਦੀ ਖਾਤਿਰ ਆਪਣੇ ਨਿਯਮਾਂ, ਅਸੂਲਾਂ ਤੇ ਅਨੁਸ਼ਾਸਨ ਆਦਿ ਦੇ ਕਾਰਣ ਸ਼ਹੀਦੀ ਦਿੱਤੀ, ਉਹ ਬੇਮਿਸਾਲ ਹੈ। ਭਾਰਤ ਵਿਚ ਹੀ ਨਹੀਂ, ਸਾਰੀ ਦੁਨੀਆ ਵਿਚ ਉਹਨਾਂ ਦੀ ਸ਼ਹੀਦੀ, ਬੇਮਿਸਾਲ ਸ਼ਹੀਦੀ ਹੈ। ਦੁਨੀਆ ਦੇ ਕਿਸੇ ਵੀ ਵਿਅਕਤੀ ਨੇ ਅੱਜ ਤਕ ਏਨੇ ਅਕਹਿ ਤੇ ਅਸਹਿ ਤਸੀਹੇ ਸਹਿ ਕੇ ਕੌਮ ਦੀ ਖਾਤਿਰ, ਦੇਸ਼ ਧਰਮ ਦੀ ਖਾਤਿਰ ਕੁਰਬਾਨ/ਸ਼ਹੀਦੀ ਨਹੀਂ ਦਿੱਤੀ। ਇਸ ਤਰ੍ਹਾਂ ਦੀ ਸ਼ਹੀਦੀ ਦਾ ਜ਼ਿਕਰ ਹਮੇਸ਼ਾਂ–ਹਮੇਸ਼ਾਂ ਸਾਹਿਬ ਸਤਿਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਨਾਂਲ ਹੀ ਹੋਵੇਗਾ। ਸਹਿਨਸ਼ੀਲਤਾ ਦੇ ਸਮੁੰਦਰ, ਭਾਣਾ ਮੰਨਣ ਦੇ ਬੁਲੰਦ ਇਰਾਦੇ ਵਾਲੇ, ਏਕਤਾ ਤੇ ਸਾਂਝੀਵਾਲਤਾ ਦੇ ਰਹਿਬਰ, ਅਸੂਲਾਂ ਦੇ ਸਿਰੜ ਦੇ ਧਨੀ, ਦਿਮਾਗੀ ਸੰਤੁਲਨ ਤੇ ਇਨਸਾਨੀਅਤ ਦੇ ਪੁਜਾਰੀ, ਜ਼ੁਲਮ ਅੱਗੇ ਸੀ ਨਾ ਕਰਨ ਵਾਲੇ, ਮਜ਼ਬੂਤ ਹਿਰਦੇ ਅੰਦਰ ਜਿਸ ਵਿਚ ਲੱਖਾਂ ਕਰੋੜਾਂ ਚੰਨ–ਸਿਤਾਰੇ ਚਮਕਦੇ ਸਨ, ਮੁਹੱਬਤ ਦੇ ਉਦੱਮ ਆਦਿ। ਸ਼੍ਰੀ ਗੁਰੂ ਅਰਜਨ ਦੇਵ ਜੀ ਇਨਸਾਨੀਅਤ ਨੂੰ, ਕੌਮ ਨੂੰ ਇਕ ਐਸਾ ਗੁਰੂ ਗ੍ਰੰਥ ਦੇ ਗਏ ਹਨ, ਜਿਸ ਦੀ ਰੌਸ਼ਨੀ ਨਾਲ ਆਉਣ ਵਾਲੀਆਂ ਪੀੜ੍ਹੀਆਂ ਚਮਕਦੀਆਂ ਰਹਿਣਗੀਆਂ। ਇਹ ਗ੍ਰੰਥ ਹੀ ਇਕ ਐਸਾ ਗ੍ਰੰਥ ਹੈ ਜਿਸ ਵਿਚ ਅਨੇਕਾਂ ਹੀ ਸੂਰਜਾਂ ਦੀ ਰੌਸ਼ਨੀ ਨੂੰ ਇਕੱਠਿਆਂ ਕਰਕੇ ਇਕ ਮਹਾਨ ਗ੍ਰੰਥ ਦੀ ਸੰਪਾਦਨਾ ਕਰਕੇ ਆਪਣੇ ਆਪ ਨੂੰ ਸੂਰਜ ਵਾਂਗ ਅਮਰ ਕਰ ਲਿਆ ਹੇ। ਸਿੱਖ ਜਗਤ ਵਿੱਚ ਇਸ ਦੀ ਵੱਡਮੁੱਲੀ ਮਹਾਨਤਾ ਹੈ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਇਨਸਾਨੀ ਕਦਰਾਂ–ਕੀਮਤਾਂ ਨੂੰ ਮੱਦੇ ਨਜ਼ਰ ਰੱਖ ਕੇ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਕੀਤੀ। ਇਸ ਗ੍ਰੰਧ ਦਾ ਕੋਈ ਵੀ ਸ਼ਲੋਕ ਪੜ੍ਹ ਲਿਆ ਜਾਵੇ, ਊਹ ਇਨਸਾਨੀ ਕਦਰਾਂ–ਕੀਮਤਾਂ ਤੋ ਬਾਹਰ ਨਹੀਂ ਜਾ ਸਕਦਾ। ਵਾਹਿਗੁਰੂ, ਸਤਿਨਾਂਮ, ਇਸ ਦੇ ਮੂਲ ਸਰੋਤ ਹਨ। ਇਸ ਮਹਾਨ ਗ੍ਰੰਥ ਦੀ ਬਦੌਲਤ ਹੀ ਕੁਝ ਰਾਜਨੀਤਕ ਕਾਰਣਾਂ ਕਰਕੇ ਉਹਨਾਂ ਨੂੰ ਸ਼ਹੀਦੀ ਦੇਣੀ ਪਈ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਨੂੰ ਸੋਢੀ ਵੰਸ਼ ਵਿਚ ਸ਼੍ਰੀ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਮਾਤਾ ਭਾਨੀ ਜੀ ਦੀ ਕੁੱਖੋਂ ਸ਼੍ਰੀ ਗੋਇੰਦਵਾਲ ਸਾਹਿਬ, ਅੰਮ੍ਰਿਤਸਰ ਵਿਖੇ ਹੋਇਆ। ਗੁਰੂ ਜੀ ਦੇ ਘਰ ਕਾਫੀ ਚਿਰ ਬਾਅਦ ਇਕ ਪੁੱਤਰ ਨੇ ਜਨਮ ਲਿਆ, ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ। ਇਸ ਪੁੱਤਰ ਦੇ ਜਨਮ ਤੋਂ ਹੀ ਕਈ ਮਾਰੂ ਗੁਪਤਚਰ ਹਮਲੇ ਹੁੰਦੇ ਰਹੇ। ਮਾਰੂ ਹਮਲੇ ਜਾਂ ਯਤਨ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀ ਕਰਵਾਉਂਦਾ ਰਿਹਾ, ਗੱਦੀ ਤੇ ਦੌਲਤ ਦੇ ਲਾਲਚ ਕਰਕੇ,। ਪਰ ਉਸ ਵਾਹਿਗੁਰੂ ਨੇ ਬਾਲਕ ਹਰਿਗੋਬਿੰਦ ਸਾਹਿਬ ਦਾ ਵਾਲ ਵਿੰਗਾ ਨਾ ਹੋਣ ਦਿੱਤਾ। ਸ਼ੁਰੂ ਤੋਂ ਹੀ ਪ੍ਰਿਥੀ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਖਾਰ ਖਾਂਦਾ ਸੀ, ਕਿਉਂਕਿ ਘਰ ਦਾ ਸਾਰਾ ਪ੍ਰਬੰਧ ਪ੍ਰਿਥੀ ਦੇ ਹੱਥਾਂ ਵਿਚ ਸੀ, ਪਰ ਆਦਤਨ, ਉਹ ਇਕ ਵਧੀਆਂ ਇਨਸਾਨ ਨਹੀਂ ਸੀ। ਈਰਖਾਲੂ ਅਨੈਤਿਕ ਰੁਚੀਆਂ ਵਾਲਾ ਹੋਣ ਕਰਕੇ ਉਸ ਦੇ ਪਿਤਾ ਉਸ ਨੂੰ ਘੱਟ ਹੀ ਪਸੰਦ ਕਰਦੇ ਸਨ। ਪ੍ਰਿਥੀ ਹੇਰਾ–ਫੇਰੀਆਂ ਕਰਨ ਵਾਲਾ ਵਿਅਕਤੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਕਈ ਚਿੱਠੀਆਂ ਜੋ ਉਹਨਾਂ ਦੇ ਪਿਤਾ ਜੀ ਨੂੰ ਵਿਛੋੜੇ ਵਿਚ ਲਿਖੀਆਂ ਊਹ ਪ੍ਰਿਥੀ ਲੁਕਾ ਲੈਂਦਾ ਰਿਹਾ। ਬਾਅਦ ਵਿਚ ਉਸਦੀ ਇਹ ਚੋਰੀ ਪਕੜੀ ਗਈ। ਜਿਸ ਤੇ ਉਸ ਨੂੰ ਸ਼ਰਮਿੰਦਾ ਹੋਣਾ ਪਿਆ। ਇਸ ਸੰਤਾਪ ਦੇ ਨਾਲ–ਨਾਲ ਸ਼੍ਰੀ ਗੁਰੂ ਅਰਜਨ ਦੇਵ ਜੀ ਵਧੀਆ ਕਵਿਤਾ ਲਿਖਦੇ ਰਹੇ। ਉਹਨਾਂ ਦੀ ਲੇਖਣੀ ਅਧਿਆਤਮਕ ਸੀ।

ਉਹਨਾਂ ਦੀ ਪਤਨੀ ਦਾ ਨਾਂਅ ਮਾਤਾ ਗੰਗਾ ਜੀ ਸੀ। ਉਹ ਕਈ ਭਾਸ਼ਾਵਾਂ ਦੇ ਗਿਆਤਾ ਸਨ, ਜਿਸ ਤਰ੍ਹਾਂ ਕਿਹ ਹਿੰਦੀ, ਪੰਜਾਬੀ, ਫਾਰਸੀ, ਸੰਸਕ੍ਰਿਤ, ਬ੍ਰਿਜੀ, ਮੁਲਤਾਨ., ਕੇਂਦਰੀ ਪੰਜਾਬੀ, ਪੰਜਾਬ ਦੀਆਂ ਉਪ ਬੋਲੀਆਂ ਆਦਿ। ਉਹਨਾਂ ਦੀ ਅਣਥਕ ਮਿਹਨਤ, ਮੋਹ, ਤਿਆਗ, ਨਿਸ਼ਕਾਮ ਸੇਵਾ, ਅਧਿਆਤਮਕ ਰੁਚੀ ਆਦਿ ਨੂੰ ਵੇਖਦੇ ਹੋਏ ਉਹਨਾਂ ਦੇ ਪਿਤਾ ਨੇ ਉਹਨਾਂ ਨੂੰ ਗੱਦੀ ਦੀ ਬਖਸ਼ਿਸ਼ ਦੇਣ ਦਾ ਪ੍ਰਣ ਕਰ ਲਿਆ ਸੀ। ਸੋ ਸਤੰਬਰ 1581 ਨੂੰ ਉਹ ਗੁਰਿਆਣੀ ਗੱਦੀ 'ਤੇ ਬਿਰਾਜਮਾਨ ਹੋਏ। ਉਹਨਾਂ ਦੇ ਵੱਡੇ ਭਾਈ ਪ੍ਰਿਥੀ ਨੂੰ ਇਸ ਪ੍ਰਾਪਤੀ ਲਈ ਬਹੁਤ ਜ਼ਿਆਦਾ ਘ੍ਰਿਣਾ ਤੇ ਦੁੱਖ ਸੀ। ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਦੂਸਰੇ ਭਾਈ ਦਾ ਨਾਂਅ ਬਾਬਾ ਮਹਾਂਦੇਵ ਸੀ।

ਸ਼੍ਰੀ ਗੁਰੂ ਅਰਜਨ ਦੇਵ ਜੀ ਕੁਝ ਸਮਾਂ ਅੰਮ੍ਰਿਤਸਰ ਰਹਿ ਕੇ ਗੁਰੂ ਕੀ ਵਡਾਲੀ ਚਲੇ ਗਏ। ਉਥੇ ਆਪ ਜੀ ਦੇ ਘਰ ਸ਼੍ਰੀ ਹਰਿਗੋਬਿੰਦ ਜੀ ਦਾ ਜਨਮ ਹੋਇਆ ਤੇ ਫਿਰ ਅੰਮ੍ਰਿਤਸਰ ਆ ਕੇ ਅੰਮ੍ਰਿਤ ਸਰੋਵਰ ਨੂੰ ਪੱਕਾ ਕਰਵਾਇਆ। ਸ਼੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੀ ਉਸਾਰੀ ਕੀਤੀ। ਸੰਤੋਖਸਰ ਬਣਾਇਆ। ਤਰਨਤਾਰਨ ਬਣਾਇਆ ਤੇ ਉਥੋਂ ਦੇ ਸਰੋਵਰ ਦੀ ਨੀਂਹ ਰੱਖੀ। ਕਰਤਾਰਪੁਰ ਵਸਾਇਆ। ਇਸੇ ਤਰ੍ਹਾਂ ਹੀ ਛੇਹਰਟਾ ਸਾਹਿਬ ਕਾਇਮ ਕੀਤਾ। ਮਗਰੋਂ ਹਰਿਗੋਬਿੰਦਪੁਰ ਵੀ ਵਸਾਇਆ। ਲਾਹੌਰ ਦੀ ਬਾਉਲੀ ਲਗਾਈ। ਰਾਮਸਰ ਤੇ ਗੁਰੂ ਕੇ ਬਾਗ ਦੀਆਂ ਨੀਹਾਂ ਰੱਖੀਆਂ। ਉਹਨਾਂ ਨੂੰ ਉਸਾਰੀ ਦੇ ਕੰਮਾਂ ਵਿਚ ਕਾਫੀ ਦਿਲਚਸਪੀ ਸੀ। ਊਹ ਆਖ਼ਰੀ ਦਮ ਤਕ ਕਰਮਯੋਗੀ ਹੀ ਰਹੇ।

ਸਭ ਤੋਂ ਵੱਡੀ ਉਹਨਾਂ ਦੀ ਪ੍ਰਾਪਤੀ ਸੀ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ। ਸੋ ਸੰਨ 1601 ਤੋਂ ਲੈ ਕੇ 1604 ਤਕ ਰਾਮਸਰ ਦੇ ਕਿਨਾਰੇ ਬੈਠ ਕੇ ਗੁਰੂ ਗ੍ਰੰਥ ਸਹਿਬ ਦੀ ਬੀੜ ਤਿਆਰ ਕੀਤੀ। ਇਸ ਗ੍ਰੰਥ ਵਿਚ ਹਰ ਧਰਮ ਜਾਤ–ਪਾਤ ਦੇ ਬਿਨਾਂ ਭਗਤਾਂ, ਸੰਤਾਂ ਦੀ ਬਾਣੀ ਸ਼ਾਮਿਲ ਹੈ। ਜਾਤ–ਪਾਤ ਤੋਂ ਉਪੱਰ ਉਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ ਗਈ। ਕਿਸੇ ਵੀ ਧਰਮ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ। ਧਰਮ, ਜਾਤ–ਪਾਤ, ਰੰਗ–ਨਸਲ ਤੋਂ ਉਪੱਰ ਉਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ। ਸਾਰੇ ਭਾਰਤ ਦੇ ਵੱਖ–ਵੱਖ ਰਾਜਾਂ ਦੇ ਕਵੀਆਂ ਦੀਆਂ ਰਚਨਾਵਾਂ ਕ੍ਰਿਤਾਂ ਸ਼ਾਮਲ ਹਨ ਇਸ ਵਿਚ ਕੌਮ ਨੂੰ ਇਕ ਵਿਲੱਖਣ ਅਦੁੱਤੀ ਅਧਿਆਤਮਕ ਪੱਖਾਂ ਵਾਲਾ ਗ੍ਰੰਥ ਮੁਹੱਈਆਂ ਕੀਤਾ। ਇਸ ਬੀੜ ਨੂੰ ਹੱਥੀਂ ਲਿਖਿਆ ਭਾਈ ਗੁਰਦਾਸ ਜੀ ਨੇ ਤੇ ਇਸ ਬੀੜ ਦਾ ਪ੍ਰਕਾਸ਼ 1604 ਵਿਚ ਕੀਤਾ ਗਿਆ, ਸ਼੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ।

ਇਹ ਮਹਾਨ ਗ੍ਰੰਥ (ਬੀੜ) ਲਿਖਣ *ਤੇ ਕਈ ਈਰਖਾਲੂਆਂ ਨੇ ਬੜੀ ਵਿਰੋਧਤਾ ਕੀਤੀ, ਕਿਉਂਕਿ ਕੁਝ ਉਹ ਕਵੀ ਜੋ ਇਸ ਬੀੜ ਦੀ ਮਰਿਆਦਾ ਮੁਤਾਬਿਕ ਪੂਰਾ ਨਹੀਂ ਸਨ ਉਤਰਦੇ ਉਹਨਾਂ ਦੀਆਂ ਰਚਨਾਵਾਂ ਨਹੀ ਸਨ ਲਈਆਂ ਗਈਆਂ। ਉਹਨਾਂ ਕਵੀਆਂ ਨੇ ਈਰਖਾ ਕਰਕੇ ਇਸ ਗ੍ਰੰਥ ਦੀ ਡੱਟ ਕੇ ਵਿਰੋਧਤਾ ਕੀਤੀ ਤੇ ਉਹਨਾਂ ਦੇ ਵੱਡੇ ਭਰਾ ਨੇ ਇਸ ਵਿਰੋਧਤਾ ਨੂੰ ਚਾਰ ਚੰਨ ਲਾਏ। ਭਗਤ ਕਾਹਨਾ, ਛੱਜੂ, ਪੀਲੂ ਤੇ ਸ਼ਾਹ ਹੁਸੈਨ ਵਰਗੇ ਕਵੀਆਂ ਦਾ ਕਲਾਮ ਸ਼ਮਿਲ ਨਾ ਕੀਤਾ ਗਿਆ। ਇਹਨਾਂ ਕਵੀਆਂ ਨੇ ਈਰਖਾ ਕਰਕੇ ਮੌਜੂਦਾ ਸੱਤਾਧਾਰੀ ਹਕੂਮਤ ਦੇ ਮਾਲਿਕ ਜਹਾਂਗੀਰ ਤੱਕ ਗੱਲਾਂ ਪਹੁੰਚਾਣ ਵਿਚ ਕੋਈ ਕਸਰ ਨਾ ਛੱਡੀ। ਜਹਾਂਗੀਰ ਨੇ ਇਸ ਗ੍ਰੰਥ ਦੇ ਕਈ ਪੰਨੇ ਪੜ੍ਹਾ ਕੇ ਵੇਖੇ, ਪਰ ਉਸ ਨੂੰ ਕਿਤੇ ਵੀ ਇਸਲਾਮ ਧਰਮ ਦੇ ਵਿਰੁਧ ਕੋਈ ਚਿੰਨ੍ਹ ਤਕ ਨਾ ਮਿਲਿਆ ਦੂਸਰੇ ਪਾਸੇ ਸਭ ਤੋਂ ਜ਼ਿਆਦਾ ਜੋ ਕੱਟੜ ਮੁਸਲਮਾਨ ਵਜ਼ੀਰ ਸਨ, ਸ਼ੇਖ ਅਹਿਮਦ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ। ਇਹਨਾਂ ਦੋਵਾਂ ਨੇ ਇਸ ਗ੍ਰੰਥ ਦੀ ਸਭ ਤੋਂ ਵੱਧ ਵਿਰੋਧਤ ਕੀਤੀ। ਜਹਾਂਗੀਰ ਨੂੰ ਸਭ ਤੋਂ ਜ਼ਿਆਦਾ ਮਿਲ–ਮਿਲਾ ਕੇ ਇਹਨਾਂ ਨੇ ਚੁੱਕਿਆ ਦੂਸਰੇ ਪਾਸੇ ਚੰਦੂ ਸ਼ਾਹ ਜੋ ਕਿ ਲਾਹੌਰ ਵਿਚ ਸੂਬੇ ਦਾ ਦੀਵਾਨ ਸੀ, ਗੁਰਾਂ ਨਾਲ ਵੈਰ ਰੱਖਣਾ ਸੀ, ਕਿਉਕਿ ਪ੍ਰਿਥੀ ਦੀ ਵੀ ਸ਼ਾਜਿਸ਼ ਇਸ ਵਿਚ ਸ਼ਾਮਿਲ ਸੀ।

ਚੰਦੂ ਨੈ ਆਪਣੀ ਧੀ ਦੀ ਕੁੜਮਾਣੀ ਲਈ ਬੰਦੇ ਭੇਜੇ। ਚੰਦੂ ਨੇ ਕਿਧਰੇ ਇਹ ਕਹਿ ਦਿੱਤਾ ਕਿ ਕਿਥੇ ਚੰਦੂ ਤੇ ਕਿਥੇ ਉਹ (ਗੁਰੂ ਸਾਹਿਬ) ਮੋਰੀ ਦੀ ਇੱਟ ਵਰਗੇ ਪ੍ਰਤੀਕ ਵਰਤੇ। ਸੰਗਤਾਂ ਨੇ ਇਸ ਦੀ ਵਿਰੋਧਤਾ ਕੀਤੀ ਤੇ ਸੰਗਤਾਂ ਦੇ ਕਹਿਣ 'ਤੇ ਗੁਰੂ ਜੀ ਨੈ ਆਪਣੇ ਸਾਹਿਬਜਾਦੇ ਸ਼੍ਰੀ ਗੁਰੂ ਹਰਗੋਬਿੰਦ ਦੀ ਕੁੜਮਾਈ ਲਈ ਚੰਦੂ ਨੂੰ ਨਾਂਹ ਕਰ ਦਿੱਤੀ। ਚੰਦੂ ਦਾ ਗੁੱਸਾ ਸੱਤ ਅਸਮਾਨ ਛੂਹ ਚੱਕਾ ਸੀ। ਉਸ ਦੇ ਸੀਨੇ ਵਿਚ ਬਦਲੇ ਦੀ ਚਿੰਗਾੜੀ ਸੁਲਗਣ ਲੱਗੀ। ਓਦੂ ਸ਼ਾਹ, ਸੇਖ ਅਹਿਮਦ ਸਰਹੱਦੀ ਤੇ ਸ਼ੇਖ ਰੀਦ ਬੁਖਾਰੀ ਨੇ ਕਈ ਕਿਸਮ ਦੀਆਂ ਸਾਜ਼ਿਸ਼ਾਂ ਗੁਰੂ ਜੀ ਵਿਰੁਧ ਰਚਨੀਆਂ ਸ਼ੁਰੂ ਕਰ ਦਿੱਤੀਆਂ। ਇਕ ਝੂਠੀ ਸਾਜਿਸ਼ ਘੜ ਕੇ ਜਹਾਂਗੀਰ ਨੂੰ ਪਹੁੰਚਾ ਦਿੱਤੀ ਗਈ। ਉਹ ਇਹ ਹੈ ਬਾਗੀ ਖੁਸਰੋ ਨੂੰ ਗੁਰੂ ਅਰਜਨ ਦੇਵ ਨੇ ਪਨਾਹ ਦਿੱਤੀ ਹੈ। ਊਸ ਦੀ ਮਦਦ ਕੀਤੀ ਹੈ। ਉਸ ਦੀ ਮਰਿਆਦਾ ਮੁਤਾਬਿਕ ਆਉ ਭਗਤ ਕੀਤੀ ਗਈ ਹੈ, ਤੇ ਇਸਲਾਮ ਵਿਰੁਧ ਭੜਕਾਇਆ ਹੈ। ਸ਼ੇਖ ਅਹਿਮਕ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ ਆਦਿ ਨੈ ਇਹ ਸਾਜ਼ਿਸ ਇਕ ਰਜ਼ੀ ਸ਼ਿਕਾਇਤ ਬਣਾ ਕੇ ਜਹਾਂਗੀਰ ਤਕ ਪਹੁੰਚਾ ਦਿੱਤੀ। ਗੁਰੂ ਜੀ ਨੇ ਖੁਸਰੋ ਦੀ ਕੋਈ ਮਦਦ ਨਹੀਂ ਸੀ ਕੀਤੀ। ਸਾਰੀ ਸਾਜ਼ਿਸ਼ ਝੂਠ ਹੀ ਸੀ। ਖੁਸਰੋ ਨੂੰ ਪਨਾਹ ਦੇਣ ਦੇਣ 'ਤੇ ਜਹਾਂਗੀਰ ਨੇ ਆਪ ਨੂੰ ਦੋ ਲੱਖ ਰੁਪਏ ਜ਼ੁਰਮਾਨਾ ਕਰ ਦਿੱਤਾ। ਜ਼ੁਰਮਾਨਾ ਅਦਾ ਨਾ ਕਰਨ 'ਤੇ ਬਾਲ ਬੱਚੇ ਸਮੇਤ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ। ਤਿੰਨ ਰਾਤਾਂ ਤੇ ਦਿਨ ਕਹਿਰਾਂ ਦੇ ਤਸੀਹੇ ਦਿੱਤੇ ਗਏ, ਜੂਨ ਦੀ ਕੜਕਦੀ ਧੁੱਪ ਵਿਚ। ਤਪਦੀ ਲੋਹ 'ਤੇ ਜਿਸ



ਦੇ ਹੇਠਾ ਮਣਾ ਮੂੰਹੀਂ ਬਾਲਣ ਡਾਹਿਆ ਗਿਆ। ਨਾਲ ਸੂਰਖ ਲੋਹ 'ਤੇ ਗੁਰੂ ਜੀ ਨੂੰ ਬਿਠਾ ਦਿੱਤਾ ਗਿਆ, ਉਤੇ ਤੱਤੀ ਰੇਤਾ ਦੀ ਭਰਮਾਰ, ਪਰ ਗੁਰੂ ਜੀ ਨੇ ਸੀ ਨਾ ਕੀਤੀ। ਭਾਵੇ ਮੀਆਂ ਮੀਰ ਤੇ ਵਜ਼ੀਰ ਖਾ ਦਰਬਾਰੀ ਧਾਰਮਿਕ ਆਗੂ, ਸਿੱਖੀ ਦੇ ਦਾਇਰੇ ਵਿਚ ਆ ਚੁੱਕੇ ਸਨ। ਉਹਨਾਂ ਨੇ ਗੁਰੂ ਜੀ ਨੂੰ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦੇਣ ਲਈ ਕਿਹਾ। ਉਹਨਾਂ ਦੇ ਹਿਰਦੇ ਕੰਬ ਉਠੇ, ਪਰ ਗੁਰੂ ਜੀ ਉਸ ਵਾਹਿਗੁਰੂ ਦੇ ਭਾਂਣੇ ਵਿਚ ਵਿਸ਼ਵਾਸ ਰੱਖਦੇ ਹੋਏ ਤੱਤੀ ਲੋਹ 'ਤੇ ਬੈਠ ਗਏ। ਜਾਂ ਤੱਤੀ ਰੇਤ ਵਿਚ ਬੈਠ ਗਏ।ਅੱਗ ਵਰਗੀ ਦੇਗ ਵਿਚ ਕਾਫੀ ਉਬਲਦੇ ਪਾਣੀ ਵਿਚ ਉਬਾਲਿਆ ਗਿਆ। 30 ਮਈ 1606 ਈ. ਨੂੰ ਜਹਾਂਗਰ ਦੇ ਹੁਕਮ ਨਾਲ ਰਾਵੀ ਦੇ ਕੰਢੇ ਲਿਜਾ ਕੇ ਆਪ ਨੂੰ ਸ਼ਹੀਦ ਕਰ ਦਿੱਤਾ ਗਿਆ। ਆਪ ਜੀ ਦੀ ਸ਼ਹੀਦੀ ਯਾਦ ਵਿਚ ਹੁਣ ਉਥੇ ਡੇਹਰਾ ਸਾਹਿਬ ਗੁਰਦੁਆਰਾ ਬਣਿਆ ਹੋਇਆ ਹੈ। ਦੁਨੀਆ ਵਿਚ ਇਹ ਇਕ ਮਹਾਨ ਸ਼ਹਾਦਤ ਹੈ। ਇਸ ਤੋਂ ਕੁਝ ਸਮਾਂ ਬਾਅਦ ਜਹਾਂਗੀਰ ਮੁਆਫੀ ਮੰਗਣ ਆਇਆ। ਉਸ ਨੇ ਚੰਦੂ ਵਰਗੇ ਵਿਰੋਧੀਆਂ ਨੂੰ ਸਪੁਰਦ ਵੀ ਕੀਤਾ। ਪਰ ਮਾਤਾ ਗੰਗਾ ਜੀ ਨੇ ਵਾਹਿਗੁਰੂ ਦੇ ਭਾਣੇ 'ਤੇ ਉਹਨਾਂ ਨੂੰ ਛੱਡ ਦਿੱਤਾ ਤੇ ਜਹਾਂਗੀਰ ਨੇ ਜੋ ਮੋਹਰਾਂ ਚੜ੍ਹਾਈਆਂ ਉਹ ਉਸੇ ਵਕਤ ਸੰਗਤ ਵਿਚ ਵੰਡ ਦਿੱਤੀਆਂ ਗਈਆਂ।

ਏਕਤਾ, ਸਾਂਝੀਵਾਲਤਾ ਤੇ ਜਾਤ–ਪਾਤ, ਰੰਗ–ਰੂਪ ਤੋਂ ਉੱਪਰ ਉੱਠ ਕੇ ਉਹਨਾਂ ਨੇ ਸ਼ਬਦ ਰਚਨਾ ਕੀਤੀ। ਇਕ ਸ਼ਬਦ–
ਰਾਮਕਲੀ ਮਹਲਾ ੫

**ਕੋਈ ਬੋਲੈ ਰਾਮ ਰਾਮ ਕੋਈ ਖੁਦਾਇ।**
**ਕੋਈ ਸੇਵੈ ਗੁਸਈਆਂ ਕੋਈ ਅਲਾਹਿ॥**
**ਕਾਰਣ ਕਰਣ ਕਰੀਮ।**
**ਕਿਰਪਾ ਧਾਰਿ ਰਹੀਮ॥ ਰਹਾਉ॥**
**ਕੋਈ ਨਾਵੇ ਤੀਰਥਿ ਕੋਈ ਹਜ ਜਾਇ।**
**ਕੋਈ ਪੜੈ ਬੇਦ ਕੋਈ ਕਤੇਬ।**
**ਕੋਈ ਓਢੈ ਨੀਲ ਕੋਈ ਸੁਪਦ॥**
**ਕੋਈ ਕਹੈ ਛੁਰਕੁ ਕੋਈ ਕਹੈ ਹਿੰਦੂ।**
**ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥**
**ਕਹੁ ਨਾਨਕ ਜਿਨਿ ਹੁਕਮੁ ਪਛਾਤਾ।**
**ਪ੍ਰਭੂ ਸਾਹਿਬ ਕਾ ਤਿਨਿ ਭੇਦੂ ਜਾਤਾ॥**

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਵਾਂਗ 30 ਰਾਗਾਂ ਵਿਚ ਬਾਣੀ ਰਜੀ। ਸ਼ਬਦ 1345, ਅਸ਼ਟਪਦੀਆਂ 62, ਛੰਦ 62। ਗੁਰੂ ਗ੍ਰੰਥ ਸਾਹਿਬ ਦੀਆਂ ਕੁੱਲ 22 ਵਾਰਾਂ 'ਚੋਂ ਗੁਰੂ ਗ੍ਰੰਥ ਸਾਹਿਬ ਦੀਆਂ 6 ਵਾਰਾਂ, ਗਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ ਰਾਗਾਂ ਵਿਚ ਹਨ। ਇਹਨਾਂ ਤੋਂ ਇਲਾਵਾਂ ਗੁਰੂ ਜੀ ਨੇ ਉਚੇਚੀਆਂ ਬਾਣੀਆਂ ਵੀ ਲਿਖੀਆਂ, ਸਿਰੀ ਰਾਗ ਵਿਚ ਪਹਰੇ। ਸ਼ਬਦ ਮਾਹ ਵਿਚ ਬਾਰਹ ਮਾਹ, 14 ਪਉੜੀਆਂ ਦਿਸ ਰੈਣਿ। ਗਾਉੜੀ ਵਿੱਚ ਬਾਵਨ ਅੱਖਰੀ 57 ਸ਼ਲੋਕ ਤੇ 55 ਪਉੜੀਆਂ ਸੁਖਮਨੀ 14 ਸਲੋਕ ਅਤੇ 24 ਅਸ਼ਟਪਦੀਆਂ ਬਿਤੀ। ਟਾਸਾ ਵਿਚ ਬਿਹਰਤੇ 3 ਸ਼ਬਦ। ਸੂਹੀ ਵਿਚ ਗੁਣਵੰਤੀ ਇਕ ਸ਼ਬਦ ਇਕ ਮਾਰੂ ਵਿਚ ਅੰਜੂਲੀਆਂ 3 ਸੋਲਹੇ 14 ਸ਼ਬਦ। ਕੁਝ ਹੋਰ ਬਾਣੀਆਂ ਗੁਰੂ ਅਰਜਨ ਸਾਹਿਬ ਸਲੋਕ ਸਹਸ ਕ੍ਰਿਤੀ 67, ਗਾਥਾ 24, ਫੁਨਹੇ 23, ਚੌ ਬੋਲੇ।। ਸਵੈਯੈ 9, ਸਵੈਯੇ।। ਇਹਨਾਂ ਤੋਂ ਇਲਾਵਾ ਸਲੋਕ ਵੀ ਜੋ ਵਾਰਾਂ ਨਾਲ ਦਰਜ਼ ਹਨ । ਉਹਨਾਂ ਸਾਰੇ ਸਲੋਕਾਂ ਦੀ ਗਿਣਤੀ 255 ਹੈ ਇਹਨਾਂ ਵਾਰਾਂ ਤੋਂ ਵਧੇ ਹੋਏ ਸਲੋਕਾਂ ਦਾ ਸੰਗ੍ਰਹਿ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਵਿਚ ਦਰਜ਼ ਹੈ। ਊਹਨਾਂ ਦੀ ਗਿਣਤੀ 22 ਹੈ। ਸਾਰੇ ਰਲਾ ਕੇ ਗੁਰੂ ਅਰਜਨ ਦੇਵ ਦੇ 277 ਸਲੋਕ ਹਨ। ਇਨਾਂ ਦੀਆਂ 6 ਵਾਰਾਂ ਦੀਆਂ ਕੁੱਲ 10 ਪਊੜੀਆਂ ਹਨ। ਆਦਿ। ਕੁਲ 2312 ਸ਼ਬਦ ਹਨ।

ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ 43 ਸਾਲ ਇਕ ਮਹੀਨਾ 16 ਦਿਨ ਦੀ ਉਮਰ ਭੋਰ ਕੇ ਸ਼ਹੀਦ ਹੋਏ ਸਨ। ਉਹਨਾਂ ਨੇ ਏਨੀ ਊਮਰ ਵਿਚ ਉਹ ਕਾਰਜ ਕੀਤੇ ਹਨ ਜੋ ਹਮੇਸ਼ਾ–ਹਮੇਸ਼ਾਂ ਹਿੰਦੂਸਤਾਨ ਦੇ ਇਤਿਹਾਸ ਵਿਚ ਹੀ ਨਹੀ ਦੁਨੀਆਂ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਜੀਵਤ ਰਹਿਣਗੇ। ਉਹ ਸ਼ਹੀਦ ਹੋ ਕੇ ਵੀ ਜ਼ਿੰਦਾ ਹਨ। ਉਹਨਾਂ ਦੇ ਕਾਰਜ ਸਦਾ ਲਈ ਰਹਿਬਰੀ ਦਾ ਕੰਮ ਕਰਦੇ ਰਿਹਣਗੇ। ਸਿੱਖ ਜਗਤ ਵਿਚ ਉਹਨਾਂ ਦਾ ਮਹਾਨ ਸਥਾਨ ਹੈ।

# ਛੋਟਾ ਘੱਲੂਘਾਰਾ : ਡੇਢ ਫੱਟ ਦੀ ਯੁਧਨੀਤੀ

ਡਾ: ਸੁਖਪ੍ਰੀਤ ਸਿੰਘ ਉਦੋਕੇ

ਦੋ ਜੇਠ ਦੀ ਰਾਤ...ਤਨ ਸਾੜਵੀਂ ਲੂਅ... ਝੱਲਾਂ ਨੂੰ ਲੱਗੀਆਂ ਅੱਗਾਂ ਦਾ ਸੇਕ...ਲਖਪਤ ਰਾਏ ਅਤੇ ਯਾਹੀਆ ਖ਼ਾਨ ਦੀਆਂ ਤੋਪਾਂ ਦੇ ਗੋਲੀਆਂ ਦੀ ਤਪਸ਼...ਬਸੋਲੀ ਦੀਆਂ ਪਹਾੜੀਆਂ ਤੋਂ ਹਿੰਦੂ ਰਾਜਿਆਂ ਵਲੋਂ ਵਰ੍ਹਾਈਆਂ ਜਾ ਰਹੀਆਂ ਗੋਲੀਆਂ...ਆਸੇ ਪਾਸੇ ਅੱਗ ਹੀ ਅੱਗ ਅਤੇ ਵਿਚਕਾਰ ਇਕੱਠੇ ਹੋਏ ਸਿੰਘ ਸੂਰਮੇ ਬੱਸ ਰੱਤ ਦੇ ਬੁੱਤ ਹੀ ਨਜ਼ਰ ਆ ਰਹੇ ਸਨ... ਖੁੰਢੀਆਂ ਤੇਗ਼ਾਂ...ਬਿਨ੍ਹਾ ਫਲ ਦੇ ਬਰਛੇ ...ਤੀਰ ਵਿਹੂਣੇ ਟੁੱਟੇ ਕਮਾਨ...ਅੱਗ ਨਾਲ ਝੁਲਸੇ ਹੋਏ ਘੋੜੇ...ਅਤੇ ਰੁੱਖਾਂ ਉਪਰ ਟੰਗੇ ਹੋਏ ਰਕਤ ਅੰਗੇਜ਼ ਤਨ ਦੇ ਲੋਥੜੇ ਹਿੰਨੇ ਦਾ ਆਸਰਾ ਲੈ ਕੇ ਘੋੜੇ ਤੋਂ ਉਤਰੇ ਨਵਾਬ ਕਪੂਰ ਸਿੰਘ ਨੇ ਗੁਰਦਿਆਲ ਸਿੰਘ ਡੱਲੇਵਾਲ ਬਾਰੇ ਪੁੱਛਿਆ ਤਾਂ ਚੜ੍ਹਤ ਸਿੰਘ ਨੇ ਕਿਹਾ ਕਿ ਦੋਵੇਂ ਭਰਾ ਹੀ ਚੜ੍ਹੀ ਹੋਈ ਨਦੀ ਦੀ ਭੇਟ ਚੜ੍ਹ ਗਏ....ਏਨੇ ਨੂੰ ਸਰਦਾਰ ਜੱਸਾ ਸਿੰਘ ਆਹਲੂ ਅਤੇ ਸੁਖਾ ਸਿੰਘ ਮਾੜੀ ਕੰਬੋਕੇ ਵੀ ਆ ਗਏ ਦੋਵਾਂ ਨੇ ਪੱਗਾਂ ਪਾੜ ਕੇ ਲੱਤਾਂ ਹੰਨਿ ?ਹਆਂ ਨਾਲ ਬੰਨ੍ਹੀਆਂ ਹੋਈਆਂ ਸਨ... ਜੱਸਾ ਸਿੰਘ ਦੇ ਪੱਟ ਵਿੱਚ ਗੋਲੀ ਲੱਗੀ ਹੋਈ ਸੀ... ਖ਼ੂਨ ਨਾਲ ਘੋੜੇ ਦਾ ਤੰਗ ਵੀ ਰੰਗਿਆ ਹੋਇਆ ਸੀ..ਸੁੱਖਾ ਸਿੰਘ ਦੀ ਲੱਤ ਤੋਪ ਦਾ ਗੋਲਾ ਲੱਗਣ ਨਾਲ




ਚੀਥੜੇ ਹੋਈ ਪਈ ਸੀ..ਘੋੜਾ ਵੀ ਜ਼ਖ਼ਮੀ ਸੀ...ਪਤਾ ਨਹੀਂ ਸੀ ਲੱਗ ਰਿਹਾ ਕਿ ਲੱਤ ਦੇ ਮਾਸ ਦੇ ਲੋਥੜੇ ਹਨ ਜਾਂ ਘੋੜੇ ਦੇ ਤਨ ਦੇ।

ਨਵਾਬ ਕਪੂਰ ਸਿੰਘ ਦੇ ਸਲਾਹ ਮੰਗਣ ਤੇ ਜੱਸਾ ਸਿੰਘ ਆਹਲੂਵਾਲੀਏ ਸੰਬੋਧਿਤ ਹੋ ਕੇ ਬੋਲੇ, "ਖ਼ਾਲਸਾ ਜੀ ਵੈਸੇ ਤਾਂ ਲੜਾਈ ਢਾਈ ਫੱਟ ਦੀ ਹੁੰਦੀ ਹੈ ਪਰ ਅੱਜ ਡੇਢ ਫੱਟ ਦੀ ਲੜਾਈ ਲੜਾਂਗੇ।"

ਚੜ੍ਹਤ ਸਿੰਘ ਬੋਲਿਆ, "ਕੀ ਮਤਲਬ ਸਰਦਾਰਾ... ਮੌਤ ਵੇਖ ਮੈਦਾਨ ਛੱਡ ਜਾਈਏ ?

ਕਪੂਰ ਸਿੰਘ ਬੋਲੇ, "ਨੀਤੀ ਹੈ ਸਿੰਘੋ... ਭਜ ਭਜ ਲੜਨਾ ਨਹਿ ਕਿਛੁ ਪਾਪ"

ਸੁੱਖਾ ਸਿੰਘ ਬੋਲੇ, "ਕੀ ਭਾਵ ਖ਼ਾਲਸਾ ਜੀ ?"

ਜੱਸਾ ਸਿੰਘ ਨੇ ਗੰਭੀਰਤਾ ਨਾਲ ਸਮਝਾਇਆ, "ਖ਼ਾਲਸਾ ਜੀ ਲੜਾਈ ਢਾਈ ਫੱਟ ਦੀ ਹੁੰਦੀ ਹੈ... ਪਹਿਲਾ ਫੱਟ ਹੈ ਨੱਸ ਜਾਣਾ... ਦੂਸਰਾ ਫੱਟ ਹੈ ਹਥਿਆਰ ਸੁੱਟ ਦੇਣੇ ਅਤੇ ਅੱਧਾ ਫੱਟ ਹੈ ਸਾਹਵੇਂ ਮੱਥੇ ਲੜਨਾ ਜਾ ਮੈਦਾਨ ਆਪਣੇ ਹੱਥ ਜਾਂ ਦੁਸ਼ਮਣ ਦੇ...ਪਰ ਅੱਜ ਅਸੀਂ ਡੇਢ ਫੱਟ ਦੀ ਲੜਾਈ ਲੜਾਂਗੇ... ਘੇਰੇ ਵਿੱਚੋਂ ਨਿਕਲਣਾ ਸਾਡਾ ਪਹਿਲਾ ਫੱਟ ਹੋਵੇਗਾ ਅਤੇ ਨਿਕਲਾਂਗੇ ਜੂਝ ਕੇ ਇਹ ਸਾਡਾ ਅੱਧਾ ਫੱਟ ਹੋਵੇਗਾ ਕਿ ਜਿੰਨੇ ਜੂਝ



ਕੇ ਬੱਚ ਜਾਣ ਉਹ ਨਿਕਲ ਜਾਣ....:

ਬੋਲੇ ਸੋ ਨਿਹਾਲ ਦਾ ਜੈਕਾਰਾ ਗੂੰਜਿਆਂ ਅਤੇ ਸਹਿਮਤੀ ਨਾਲ ਪਹੁ ਫੁਟਾਲੇ ਦੀ ਉਡੀਕ ਹੋਣ ਲੱਗੀ । (ਅੱਜ ਤਿੰਨ ਜੇਠ ਸਤਾਰਾਂ ਮਈ)

# ਬਾਪੂ ਬਲਕੌਰ ਸਿੰਘ ਅੱਜ ਕਈ ਅੱਖੀਆਂ 'ਚ ਸੁਰਮਚੂ ਵਾਂਙ ਚੁੱਬਦਾ..



ਬਾਪੂ ਬਲਕੌਰ ਸਿੰਘ ਅੱਜ ਕਈ ਅੱਖੀਆਂ ਵਿਚ ਸੁਰਮਚੂ ਵਾਂਙ ਚੁੱਬਦਾ..ਪੁੱਤ ਦੇ ਜਾਣ ਮਗਰੋਂ ਕਈ ਸੋਚਦੇ ਕੇ ਗਮ ਵਿਚ ਇਸ ਛੇਤੀ ਮੁੱਕ ਜਾਣਾ..ਫੇਰ ਨਾ ਰਹੂਗਾ ਬਾਂਸ ਤੇ ਨਾ ਵੱਜੇਗੀ ਬੰਸਰੀ..!

ਖੈਰ ਦਲੇਰ ਬੰਦਾ ਡਟਿਆ ਹੋਇਆ..ਜਲੰਧਰ ਬੇਖੌਫ ਹੋ ਕੇ ਵਿੱਚਰਦਾ..ਜਦੋ ਗਵਾਉਣ ਲਈ ਕੁਝ ਨਾ ਹੋਵੇ ਓਦੋਂ ਇੰਝ ਹੀ ਹੁੰਦਾ..ਕਿਧਰੇ ਪੰਜਾਹ ਪੰਜਾਹ ਕੱਲੇ ਕਾਰੇ ਤੁਰੇ ਫਿਰਦੇ ਸੱਜੇ ਸਵਰੇ ਵਾਹਨ ਤੇ ਕਿਧਰੇ ਕੱਲੇ ਪਿੱਛੇ ਹੀ ਪੰਜਾਹ ਪੰਜਾਹ ਹਜਾਰ ਦਾ ਇੱਕਠ..ਰੱਬ ਸੁੱਖ ਰੱਖੇ..!

ਪਿੱਛੇ ਜਿਹੇ ਮੱਧ ਪ੍ਰਦੇਸ਼ ਤੋਂ ਦੋ ਚੋਬਰ ਉਚੇਚਾ ਮਿਲਣ ਆਏ..ਆਖਣ ਲੱਗੇ ਸਧਾਰਨ ਜਿਹਾ ਘਰ..ਸਧਾਰਨ ਜਿਹਾ ਮਾਹੌਲ..ਬਾਹਰ ਖਲੋਤੇ ਡਰੀ ਜਾਈਏ ਪਤਾ ਨੀ ਮਿਲਣ ਦਿੰਦੇ ਕੇ ਨਹੀਂ..ਪਰ ਬਾਪੂ ਨੇ ਅੰਦਰ ਵਾਜ ਮਾਰ ਲਈ..ਗਲਵੱਕੜੀ ਵਿਚ ਲੈ ਲਿਆ..ਆਖਿਆ ਅਸੀਂ ਵੀ ਕਿਰਸਾਨੀ ਕਿੱਤੇ ਨਾਲ ਸਬੰਧਿਤ ਘਰਾਂ ਵਿਚੋਂ ਹਾਂ..ਕਿੰਨੀਆਂ ਗੱਲਾਂ ਕੀਤੀਆਂ..ਆਖਣ ਲੱਗਾ ਮੈਂ ਵੀ ਤੁਹਾਡੇ ਪਾਸ ਆਵਾਂਗਾ..ਸਾਨੂੰ ਕੋਈ ਗੱਲ ਨਾ ਅਹੁੜੇ..ਮੂਸੇ ਵਾਲੇ ਦਾ ਬਾਪ..ਏਨਾ ਕੋਲ ਬੈਠਾ..ਸਿੱਧੂ ਕੌਮ ਦਾ ਹੀਰਾ..ਹਾਲੀਵੁੱਡ..ਲੰਡਨ..ਨਿਊਯਾਰਕ ਸਾਰੇ ਕੁਝ ਨੇ ਮਾਨਸੇ ਵੱਲ ਵਹੀਰਾਂ ਘੱਤ ਲਈਆਂ..ਵੇਖੀਏ ਤਾਂ ਸਹੀ ਜਿਥੇ ਜੰਮਿਆਂ ਉਹ ਪਿੰਡ ਕਿੱਦਾਂ ਦਾ ਹੈ..ਕੱਲਾ ਕੌਮ ਦਾ ਨਾਮ ਪੂਰੀ ਦੁਨੀਆਂ ਤੀਕਰ ਲੈ ਗਿਆ..ਹੁਣ ਵਾਰੀ ਸਾਡੀ ਏ..ਰਹਿ ਗਏ ਕੋਹੇਨੂਰ ਨੂੰ ਕਿੱਦਾਂ ਆਪਣਾ ਸਕਦੇ ਹਾਂ..ਬਾਪੂ ਤੇਰੇ ਤੇ ਮਾਣ ਏ..!

ਦੋਸਤੋ ਸਿਫਤ ਉਹ ਜਿਹੜੀ ਬੇਗਾਨੇ ਅਣਜਾਣ ਖੂੰਝੇ ਵਿਚੋਂ ਉੱਠੀ ਹੋਵੇ..ਬੇਸ਼ੱਕ ਵੇਖਦਾ ਸਾਰਾ ਮੁਲਖ ਏ..ਜਿਹੜਾ ਵੀ ਮਾਨਸੇ ਆਉਂਦਾ..ਉੱਤਰਦਾ ਤਾਂ ਅਖੀਰ ਦਿੱਲੀ ਹੀ ਹੈ..ਪਰ ਜਾਣ ਬੁਝ ਕੇ ਘੇਸ ਮਾਰੀ ਰੱਖਦੇ..ਖੈਰ ਸਾਹਿਬ ਹੱਥ ਵਡਿਆਈਆਂ..ਬੰਦੇ ਦਾ ਕੀ ਹੈ..ਵੱਸ ਚੱਲੇ ਤਾਂ ਆਪਣੇ ਤੋਂ ਬੇਹਤਰ ਸਾਰੇ ਮੁਕਾ ਦੇਵੇ!

ਹਰਪ੍ਰੀਤ ਸਿੰਘ ਜਵੰਦਾ

# ਠਾਣੇ 'ਚ ਮਸੰਦਲ ਝੀਲ ਸਿਗਨਲ ਜੰਕਸ਼ਨ 'ਤੇ ਕਰਨਾਟਕ ਵਿਧਾਨ ਸਭਾ ਚੋਣਾਂ ਜਿੱਤਣ 'ਤੇ ਕਾਂਗਰਸੀ ਵਰਕਰਾਂ ਨੇ ਵੰਡੇ ਲੱਡੂ

ਠਾਣੇ : ਕਰਨਾਟਕ ਵਿਧਾਨ ਸਭਾ ਚੋਣਾਂ ਦੀ ਜਿੱਤ 'ਤੇ ਠਾਣੇ ਵਿਚ ਕਾਂਗਰਸ ਪਾਰਟੀ ਦੇ ਵਰਕਰ ਮਸੁੰਡਲ ਝੀਲ ਸਿਗਨਲ ਜੰਕਸ਼ਨ 'ਤੇ ਲੱਡੂ ਵੰਡਦੇ ਹੋਏ।



ਕਰਨਾਟਕ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਪਾਰਟੀ ਦੀ ਜਿੱਤ ਦੇ ਮੱਦੇਨਜ਼ਰ ਇਹ ਸਪੱਸ਼ਟ ਹੋ ਗਿਆ ਹੈ ਕਿ ਸ਼ਨੀਵਾਰ ਦੁਪਹਿਰ ਠਾਣੇ 'ਚ ਕਾਂਗਰਸ ਦੇ ਅਧਿਕਾਰੀਆਂ ਅਤੇ ਵਰਕਰਾਂ ਨੇ ਜ਼ਿਲਾ ਦਫਤਰ ਦੇ ਖੇਤਰ 'ਚ ਢੋਲ ਵਜਾ ਕੇ ਭੜਾਸ ਕੱਢੀ। ਕਰਨਾਟਕ ਵਿਧਾਨ ਸਭਾ ਚੋਣਾਂ ਦੇ ਜਿੱਤ ਦੇ ਨਤੀਜੇ ਆਉਣ ਕਰਕੇ ਕਾਂਗਰਸ ਪਾਰਟੀ ਦੇ ਅਹੁਦੇਦਾਰ ਅਤੇ ਵਰਕਰ ਖ਼ੁਸ਼ੀ ਦਾ ਇਜ਼ਹਾਰ ਕਰ ਰਹੇ ਹਨ।

ਅਸਾਚਪ੍ਰੇਕਰੇ ਥਨਿਆਟਿਲ ਕਾਂਗਰਸ ਦੇ ਅਧਿਕਾਰੀਆਂ ਅਤੇ ਵਰਕਰਾਂ ਨੇ ਸ਼ਨੀਵਾਰ ਦੁਪਹਿਰ ਨੂੰ ਜ਼ਿਲਾ ਦਫਤਰ ਦੇ ਖੇਤਰ 'ਚ ਢੋਲ-ਢਮੱਕੇ, ਪਟਾਕੇ ਤੇ ਜੈਕਾਰੇ ਲਗਾਏ। ਇਸ ਵਾਰ ਠਾਣੇ ਕਾਂਗਰਸ ਦੇ ਪ੍ਰਧਾਨ ਵਿਕਰਾਂਤ ਚਵਾਨ, ਸਿਟੀ ਕਾਂਗਰਸ ਦੇ ਬੁਲਾਰੇ ਸਚਿਨ ਸ਼ਿੰਦੇ, ਮਹਿਲਾ ਪ੍ਰਧਾਨ ਵੈਸ਼ਾਲੀ ਭੌਂਸਲੇ ਸਮੇਤ ਵਰਕਰ ਮੌਜੂਦ ਹੋਣਗੇ। ਵਰਕਰਾਂ ਨੇ ਜ਼ੋਰਦਾਰ ਐਲਾਨ ਕਰਕੇ ਜਿੱਤ ਦੀ ਖ਼ੁਸ਼ੀ ਦਾ ਇਜ਼ਹਾਰ ਕੀਤਾ। ਨਾਲ ਹੀ ਵਿਕਰਾਂਤ ਚਵਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਜੇ ਬਾਰੇ ਆਪਣੀ ਪ੍ਰਤੀਕਿਰਿਆ ਪ੍ਰਗਟਾਈ।

ਪ੍ਰਧਾਨ ਮੰਤਰੀ ਨੇ ਸਿਰਫ਼ ਮਨ ਦੀ ਗੱਲ ਕੀਤੀ, ਸਿਰਫ਼ ਲੋਕਾਂ ਦੀ ਗੱਲ ਨਹੀਂ ਕੀਤੀ। ਪਰ ਕਾਂਗਰਸ ਆਗੂ ਰਾਹੁਲ ਗਾਂਧੀ ਲੋਕਾਂ ਵਿੱਚ ਜਾ ਕੇ ਲੋਕਾਂ ਨਾਲ ਇੱਕਜੁੱਟ ਹੋ ਕੇ ਉਨ੍ਹਾਂ ਦੇ ਸਵਾਲਾਂ ਦੀ ਵਿਆਖਿਆ ਕਰਦੇ ਸਨ। ਭਾਜਪਾ ਦੁਆਰਾ ਪੈਦਾ ਕੀਤੇ ਜਾਤੀਵਾਦੀ ਵਿਚਾਰਾਂ ਨੇ ਕਰਨਾਟਕ ਦੇ ਲੋਕਾਂ ਨੂੰ ਉਖਾੜ ਦਿੱਤਾ ਅਤੇ ਸਭ ਧਰਮਾਂ ਦੀ ਬਰਾਬਰੀ ਦਾ ਨਾਅਰਾ ਦੇਣ ਵਾਲੀ ਕਾਂਗਰਸ ਦਾ ਸਮਰਥਨ ਕੀਤਾ।

# ਕਾਂਗਰਸ ਸਮਰਥਕ ਨੇ ਗੁਰੂਗ੍ਰਾਮ ਵਿੱਚ ਕਰਨਾਟਕ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਜਿੱਤ ਦਾ ਜਸ਼ਨ ਮਨਾਇਆ






ਗੁਰੂਗ੍ਰਾਮ : ਕਾਂਗਰਸ ਨੇਤਾਵਾਂ ਅਤੇ ਸਮਰਥਕਾਂ ਨੇ ਸ਼ਨੀਵਾਰ ਨੂੰ ਗੁਰੂਗ੍ਰਾਮ ਵਿਚ ਪਾਰਟੀ ਦਫਤਰ ਵਿਚ ਕਰਨਾਟਕ ਵਿਧਾਨ ਸਭਾ ਚੋਣਾਂ 'ਚ ਪਾਰਟੀ ਦੀ ਜਿੱਤ ਦਾ ਜਸ਼ਨ ਮਨਾਇਆ। ਕਾਂਗਰਸ ਨੇ ਸ਼ਨੀਵਾਰ ਨੂੰ ਕਰਨਾਟਕ 'ਚ 136 ਸੀਟਾਂ ਜਿੱਤ ਕੇ ਸ਼ਾਨਦਾਰ ਵਾਪਸੀ ਕੀਤੀ, ਜੋ ਅੱਧੇ ਅੰਕ ਤੋਂ ਵੀ ਅੱਗੇ ਹੈ। ਪਾਰਟੀ ਨੇ ਮਨੋਬਲ ਬੂਸਟਰ ਜਿੱਤ ਵਿੱਚ ਭਾਰਤੀ ਜਨਤਾ ਪਾਰਟੀ (ਬੀਜੇਪੀ) ਨੂੰ ਇਸਦੇ ਇਕਲੌਤੇ ਦੱਖਣੀ ਗੜ੍ਹ ਤੋਂ ਅਰਾਮਦੇਹ ਬਹੁਮਤ ਨਾਲ ਬਾਹਰ ਕਰ ਦਿੱਤਾ ਜੋ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸਦੀ ਚੋਣਵੀਂ ਕਿਸਮਤ ਨੂੰ ਮੁੜ ਸੁਰਜੀਤ ਕਰਨ ਲਈ ਮਹੱਤਵਪੂਰਣ ਹੋਵੇਗੀ।



A 19th century photograph of the Great Square and the Akal Takht ('Throne of the Timeless One'). Established by the sixth Guru Hargobind in the early 19th century, the Akal Takht is also known as Takht Sri Akal Bunga and represents Sikhism's highest seat of temporal authority. The Great Square, Amritsar, c. 1880s, albumen photographic print (The British Library)

### ਗੁਰਦੁਆਰਾ ਬੁੰਗਾ ਨਾਨਕਸਰ ਵਿਵਾਦ

# ਸ਼੍ਰੋਮਣੀ ਕਮੇਟੀ ਤੇ ਬੁੰਗਾ ਕਮੇਟੀ ਦੀ ਡੀਸੀ ਨਾਲ ਮੀਟਿੰਗ ਬੇਸਿੱਟਾ

ਤਲਵੰਡੀ ਸਾਬੋ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਬੁੰਗਾ ਨਾਨਕਸਰ (ਰਵਿਦਾਸੀਆ ਸਿੰਘਾਂ) ਵਿਚਕਾਰ ਲੰਮੀ ਅਦਾਲਤੀ ਲੜਾਈ ਮਗਰੋਂ ਫ਼ੈਸਲਾ ਆਪਣੇ ਹੱਕ ਵਿੱਚ ਆਉਣ ਦਾ ਦਾਅਵਾ ਕਰਦਿਆਂ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਵੱਲੋਂ ਪਿਛਲੇ ਦਿਨੀਂ ਬੁੰਗਾ ਨਾਨਕਸਰ ਦੀ ਜ਼ਮੀਨ 'ਤੇ ਕੀਤੇ ਕਥਿਤ ਕਬਜ਼ੇ ਮਗਰੋਂ ਪੈਦਾ ਹੋਏ ਵਿਵਾਦ ਨੂੰ ਹੱਲ ਕਰਨ ਲਈ ਅੱਜ ਡੀਸੀ ਬਠਿੰਡਾ ਨਾਲ ਸ਼੍ਰੋਮਣੀ ਕਮੇਟੀ ਅਤੇ ਬੁੰਗਾ ਕਮੇਟੀ ਦੀ ਹੋਈ ਮੀਟਿੰਗ ਬੇਸਿੱਟਾ ਰਹੀ।



ਇਸ ਦੌਰਾਨ ਗੁਰਦੁਆਰੇ ਵਿੱਚ ਬਹੁਜਨ ਸਮਾਜ ਦੀ ਵਿਸ਼ਾਲ ਇਕੱਤਰਤਾ ਵੀ ਕੀਤੀ ਗਈ, ਜਿਸ ਵਿੱਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਮੇਤ ਸੂਬੇ ਭਰ 'ਚੋਂ ਦਲਿਤ ਭਾਈਚਾਰੇ ਨਾਲ ਸਬੰਧਤ ਧਾਰਮਿਕ ਅਤੇ ਸਿਆਸੀ ਆਗੂਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਬੁੰਗਾ ਨਾਨਕਸਰ ਵਿੱਚ ਇਕੱਠ ਨੂੰ ਸੰਬੋਧਨ ਕਰਦਿਆਂ ਸਿਆਸੀ ਆਗੂਆਂ ਨੇ ਸ਼੍ਰੋਮਣੀ ਕਮੇਟੀ 'ਤੇ ਦਲਿਤ ਭਾਈਚਾਰੇ ਨੂੰ ਜਾਣ-ਬੁੱਝ ਕੇ ਗੁਰੂਘਰਾਂ ਤੋਂ ਦੂਰ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਇੱਕ ਸਾਜ਼ਿਸ਼ ਤਹਿਤ ਦਲਿਤ ਭਾਈਚਾਰੇ ਤੋਂ ਉਨ੍ਹਾਂ ਦੇ ਧਾਰਮਿਕ ਸਥਾਨ ਖੋਹ ਕੇ ਡੇਰਿਆਂ ਵੱਲ ਧੱਕਿਆ ਜਾ ਰਿਹਾ ਹੈ। ਆਗੂਆਂ ਨੇ ਇੱਕਜੁਟ ਹੁੰਦਿਆਂ ਅਹਿਦ ਕੀਤਾ ਕਿ ਜਦੋਂ ਤੱਕ ਸਮੁੱਚੇ ਭਾਈਚਾਰੇ ਦੀ ਮੰਗ ਮੁਤਾਬਕ ਫ਼ੈਸਲਾ ਨਹੀਂ ਹੁੰਦਾ ਉਦੋਂ ਤੱਕ ਸ਼੍ਰੋਮਣੀ ਕਮੇਟੀ ਨੂੰ ਬੁੰਗਾ ਨਾਨਕਸਰ 'ਤੇ ਕਾਬਜ਼ ਨਹੀਂ ਹੋਣ ਦਿੱਤਾ ਜਾਵੇਗਾ। ਇਕੱਤਰਤਾ ਵਿੱਚ ਸ਼ਾਮਲ ਹੋਣ ਮਗਰੋਂ ਮੀਡੀਆ ਨੂੰ ਸੰਬੋਧਨ ਕਰਦਿਆਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਇਹ ਮਸਲਾ ਸਿੱਖ ਧਰਮ ਦਾ ਅੰਦਰੂਨੀ ਹੈ। ਇਸ ਲਈ ਉਹ ਖੁਦ ਦਖ਼ਲ ਦੇ ਕੇ ਮਸਲੇ ਦਾ ਹੱਲ ਕਰਵਾਉਣ। ਉਨ੍ਹਾਂ ਹਰਜਿੰਦਰ ਸਿੰਘ ਧਾਮੀ ਨੂੰ ਵੀ ਅਪੀਲ ਕੀਤੀ ਕਿ ਦਲਿਤ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਦੀ ਸਹਿਮਤੀ ਮੁਤਾਬਕ ਫ਼ੈਸਲਾ ਲਿਆ ਜਾਵੇ। ਇਸ ਮੌਕੇ ਰਵਿਦਾਸ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਜੱਸੀ ਤੱਲ੍ਹਣ, ਬਸਪਾ ਦੇ ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਸਰਦੂਲਗੜ੍ਹ ਤੇ ਦਲਿਤ ਮਹਾਂ ਪੰਚਾਇਤ ਦੇ ਕਿਰਨਜੀਤ ਸਿੰਘ ਗਹਿਰੀ ਨੇ ਕਿਹਾ ਕਿ ਭਲਕੇ 17 ਮਈ ਨੂੰ ਡੀਸੀ ਬਠਿੰਡਾ ਮੌਕਾ ਦੇਖਣ ਲਈ ਤਲਵੰਡੀ ਸਾਬੋ ਪੁੱਜ ਰਹੇ ਹਨ। ਜੇਕਰ ਭਾਈਚਾਰੇ ਦੀ ਮੰਗ ਮੁਤਾਬਕ ਫ਼ੈਸਲਾ ਨਾ ਲਿਆ ਗਿਆ ਤਾਂ 22 ਮਈ ਨੂੰ 'ਪੰਜਾਬ ਬੰਦ' ਦਾ ਸੱਦਾ ਦਿੱਤਾ ਜਾਵੇਗਾ।

# ਭਾਰਤ 'ਚ ਅਪਰਾਧਿਕ ਗਰੋਹਾਂ ਦੀ ਨਵੀਂ ਰਾਜਧਾਨੀ ਬਣ ਕੇ ਉਭਰੀ ਦਿੱਲੀ




ਨਵੀਂ ਦਿੱਲੀ- ਉਹ ਦਿਨ ਲੱਦ ਗਏ ਜਦੋਂ ਮੁੰਬਈ ਦੇਸ਼ ਦੇ ਮਾਫੀਆ ਗੈਂਗਸਟਰਾਂ ਦੀ ਰਾਜਧਾਨੀ ਹੋਇਆ ਕਰਦੀ ਸੀ। ਵਪਾਰਕ ਰਾਜਧਾਨੀ ਨੇ ਦਾਊਦ ਇਬਰਾਹਿਮ, ਛੋਟਾ ਰਾਜਨ ਅਤੇ ਸ਼ਹਿਰ 'ਤੇ ਰਾਜ ਕਰਨ ਵਾਲ ਕਈ ਹੋਰ ਗੈਂਗਸਟਰਾਂ 'ਤੇ ਗ੍ਰਹਿਣ ਲਗਦਾ ਵੇਖਿਆ ਜਦੋਂ ਪੁਲਸ ਅਤੇ ਸਿਆਸਤਦਾਨਾਂ ਨੇ ਇਨ੍ਹਾਂ ਨੂੰ ਬੇਧਿਆਨ ਕੀਤਾ ਸੀ। ਹੁਣ ਕੁਝ ਸਮੇਂ ਤੋਂ ਨੋਇਡਾ, ਐੱਨ. ਸੀ. ਆਰ. ਤੇ ਹੋਰ ਇਲਾਕੇ ਮਾਫੀਆ ਦੇ ਗੜ੍ਹ ਬਣ ਗਏ ਹਨ।

2007 ਵਿੱਚ ਮਾਇਆਵਤੀ ਦੇ ਮੁੱਖ ਮੰਤਰੀ ਬਣਨ ਨਾਲ ਮਾਫ਼ੀਆ ਦਾ ਰਾਜ ਖ਼ਤਮ ਹੋ ਗਿਆ ਸੀ। ਕੁਝ ਸਮੇਂ ਲਈ ਗੁਰੂਗ੍ਰਾਮ ਅਤੇ ਹਰਿਆਣਾ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਵੀ ਵੱਡੇ ਪੱਧਰ 'ਤੇ ਜਬਰੀ ਵਸੂਲੀ ਅਤੇ ਗੈਂਗਵਾਰ ਦਾ ਵਾਧਾ ਦੇਖਣ ਨੂੰ ਮਿਲਿਆ ਪਰ ਸਭ ਤੋਂ ਵੱਡੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਦਿੱਲੀ ਅਪਰਾਧਿਕ ਗਰੋਹਾਂ ਦੇ ਨਵੇਂ ਕੇਂਦਰ ਵਜੋਂ ਉੱਭਰੀ ਹੈ ਜੋ ਸ਼ਰੇਆਮ ਕੰਮ ਕਰਦੇ ਹਨ।

ਇੱਕ ਹੋਰ ਹੈਰਾਨ ਕਰਨ ਵਾਲਾ ਪੱਖ ਇਹ ਹੈ ਕਿ ਇਹ ਗਿਰੋਹ ਕੇਂਦਰੀ ਜੇਲ ਤਿਹਾੜ ਅੰਦਰੋਂ ਦਿੱਲੀ ਪੁਲਸ ਅਤੇ ਇਸ ਦੇ ਆਕਾਵਾਂ ਦੀ ਨੱਕ ਹੇਠ ਪੂਰੀ ਤਰ੍ਹਾਂ ਬਿਨਾ ਕਿਸੇ ਡਰ ਤੋਂ ਕੰਮ ਕਰ ਰਹੇ ਹਨ। ਹਾਲ ਹੀ ਵਿੱਚ ਤਿਹਾੜ ਜੇਲ ਵਿੱਚ ਦਰਜਨਾਂ ਪੁਲਸ ਮੁਲਾਜ਼ਮਾਂ ਅਤੇ ਜੇਲ ਪ੍ਰਸ਼ਾਸਨ ਦੀ ਮੌਜੂਦਗੀ ਵਿੱਚ ਇੱਕ ਗੈਂਗਸਟਰ ਦੀ ਹੱਤਿਆ ਨੇ ਰਾਜਧਾਨੀ ਦੀ ਕਾਨੂੰਨ ਵਿਵਸਥਾ ਦੀ ਪੋਲ ਖੋਲ੍ਹ ਦਿੱਤੀ ਹੈ। ਇਹ ਵੀ ਸਾਹਮਣੇ ਆਇਆ ਹੈ ਕਿ ਦਿੱਲੀ ਪੁਲਸ ਦਾ ਐਂਟੀ ਗੈਂਗਸਟਰ ਸੈੱਲ ਪੂਰੇ ਮਾਮਲੇ ਵਿੱਚ ਬੇਕਾਰ ਰਿਹਾ। ਇਸ ਦਾ ਕਾਰਨ ਉਹ ਆਪ ਹੀ ਦੱਸ ਸਕਦਾ ਹੈ।

ਇਨ੍ਹਾਂ ਵਿਰੋਧੀ ਗਿਰੋਹਾਂ ਦੀ ਵਰਤੋਂ ਉਨ੍ਹਾਂ ਸ਼ਕਤੀਆਂ ਵਲੋਂ ਕੀਤੀ ਜਾਂਦੀ ਹੈ ਜੋ ਹਿਸਾਬ- ਕਿਤਾਬ ਬਰਾਬਰ ਕਰਨਾ ਚਾਹੁੰਦੀਆਂ ਹਨ। ਜਿਸ ਤਰ੍ਹਾਂ ਸੁਕੇਸ਼ ਚੰਦਰਸ਼ੇਖਰ ਨੇ ਇਕ ਉੱਘੇ ਕਾਰੋਬਾਰੀ ਦੇ ਪਰਿਵਾਰ ਤੋਂ 200 ਕਰੋੜ ਰੁਪਏ ਦੀ ਉਗਰਾਹੀ ਕੀਤੀ ਅਤੇ 50 ਕਰੋੜ ਰੁਪਏ ਜੇਲ ਸਟਾਫ ਅਤੇ ਪੁਲਸ ਨੂੰ ਵੰਡੇ ਤੇ ਐਸ਼ੋ-ਆਰਾਮ ਦੀ ਜ਼ਿੰਦਗੀ ਬਤੀਤ ਕਰ ਰਿਹਾ ਹੈ, ਉਸ ਨੇ ਰਾਜਧਾਨੀ ਨੂੰ ਸ਼ਰਮਸਾਰ ਕੀਤਾ ਹੈ।

ਇਨ੍ਹਾਂ ਗਰੋਹਾਂ ਦੀ ਸਹਿਮਤੀ ਤੋਂ ਬਿਨਾਂ ਨਜ਼ਫਗੜ੍ਹ, ਬਵਾਨਾ, ਨਰੇਲਾ ਅਤੇ ਦੱਖਣੀ ਦਿੱਲੀ ਦੇ ਕੁਝ ਹਿੱਸਿਆਂ ਸਮੇਤ ਦਿੱਲੀ ਵਿੱਚ ਕੋਈ ਵੀ ਜਾਇਦਾਦ ਵੇਚੀ ਜਾਂ ਖਰੀਦੀ ਨਹੀਂ ਜਾ ਸਕਦੀ। ਪ੍ਰਧਾਨ ਮੰਤਰੀ ਨੇ ਹੁਣ ਇਸ ਮਾਮਲੇ 'ਤੇ ਗੰਭੀਰਤਾ ਨਾਲ ਧਿਆਨ ਦਿੱਤਾ ਹੈ ਅਤੇ ਆਉਣ ਵਾਲੇ ਦਿਨਾਂ 'ਚ ਕੁਝ ਵੱਡੇ ਅਫਸਰਾਂ ਦੀ ਛੁੱਟੀ ਹੋ ਸਕਦੀ ਹੈ।

# ਪਹਿਲਵਾਨਾਂ ਵੱਲੋਂ ਧਰਨਾ ਰਾਮ ਲੀਲਾ ਮੈਦਾਨ 'ਚ ਲਿਜਾਣ ਦੇ ਸੰਕੇਤ

### ਸੰਘਰਸ਼ ਨੂੰ ਦਿੱਤਾ ਜਾ ਸਕਦੈ 'ਕੌਮੀ ਅੰਦੋਲਨ' ਦਾ ਰੂਪ; ਭੀਮ ਆਰਮੀ ਦੇ ਮੁਖੀ ਦੀ ਸਲਾਹ 'ਤੇ ਵਿਚਾਰ ਕਰ ਰਹੇ ਨੇ ਪਹਿਲਵਾਨ

ਨਵੀਂ ਦਿੱਲੀ : ਭਾਰਤੀ ਕੁਸ਼ਤੀ ਫੈਡਰੇਸ਼ਨ (ਡਬਲਿਊਐਫਆਈ) ਦੇ ਸਾਬਕਾ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਧਰਨੇ 'ਤੇ ਬੈਠੇ ਪਹਿਲਵਾਨਾਂ ਨੇ ਅੱਜ ਸੰਕੇਤ ਦਿੱਤੇ ਕਿ ਉਹ ਆਪਣਾ ਅੰਦੋਲਨ ਨੂੰ ਰਾਮ ਲੀਲਾ ਮੈਦਾਨ 'ਚ ਲਿਜਾ ਸਕਦੇ ਹਨ ਤਾਂ ਜੋ ਇਸ ਨੂੰ ਕੌਮੀ ਅੰਦੋਲਨ ਬਣਾਇਆ ਜਾ ਸਕੇ।




ਓਲੰਪਿਕ ਤਗਮਾ ਜੇਤੂ ਬਜਰੰਗ ਪੂਨੀਆ ਤੇ ਸਾਕਸ਼ੀ ਮਲਿਕ ਅਤੇ ਏਸ਼ਿਆਈ ਖੇਡਾਂ 'ਚ ਸੋਨ ਤਗਮਾ ਜੇਤੂ ਵਿਨੇਸ਼ ਫੋਗਾਟ ਸਮੇਤ ਭਾਰਤ ਦੇ ਸਿਖਰਲੇ ਪਹਿਲਵਾਨ ਪਿਛਲੇ 24 ਦਿਨ ਤੋਂ ਇੱਥੇ ਜੰਤਰ ਮੰਤਰ 'ਤੇ ਧਰਨੇ 'ਤੇ ਬੈਠੇ ਹੋਏ ਹਨ। ਉਹ ਬ੍ਰਿਜਭੂਸ਼ਨ ਦੀ ਗ੍ਰਿਫ਼ਤਾਰੀ ਦੀ ਮੰਗ ਕਰ ਰਹੇ ਹਨ, ਜਿਸ 'ਤੇ ਇੱਕ ਨਾਬਾਲਗ ਸਮੇਤ ਸੱਤ ਮਹਿਲਾ ਪਹਿਲਵਾਨਾਂ ਨੇ ਕਥਿਤ ਜਿਨਸੀ ਸ਼ੋਸ਼ਣ ਦਾ ਦੋਸ਼ ਲਾਇਆ ਹੈ। ਮੌਜੂਦਾ ਧਰਨੇ ਨੂੰ ਜੰਤਰ-ਮੰਤਰ ਤੋਂ ਕਿਤੇ ਵੱਡੀ ਥਾਂ ਰਾਮਲੀਲਾ ਮੈਦਾਨ 'ਤੇ ਲਿਜਾ ਕੇ ਇਸ ਨੂੰ ਕੌਮੀ ਅੰਦੋਲਨ ਬਣਾਉਣ ਸਬੰਧੀ ਭੀਮ ਆਰਮੀ ਦੇ ਮੁਖੀ ਚੰਦਰਸ਼ੇਖਰ ਆਜ਼ਾਦ ਦੇ ਸੁਝਾਅ 'ਤੇ ਪ੍ਰਤੀਕਿਰਿਆ ਦਿੰਦਿਆਂ ਸਾਕਸ਼ੀ ਮਲਿਕ ਨੇ ਕਿਹਾ, 'ਅਸੀਂ ਆਪਸ 'ਚ ਚਰਚਾ ਕਰਾਂਗੇ (ਰਾਮ ਲੀਲਾ ਮੈਦਾਨ 'ਚ ਵਿਰੋਧ ਪ੍ਰਦਰਸ਼ਨ ਬਾਰੇ) ਅਤੇ ਜਲਦੀ ਹੀ ਇਸ ਬਾਰੇ ਫ਼ੈਸਲਾ ਕਰਾਂਗੇ।'

ਜ਼ਿਕਰਯੋਗ ਹੈ ਕਿ ਜੰਤਰ ਮੰਤਰ 'ਤੇ ਵਿਰੋਧ ਕਰਨ ਵਾਲੇ ਪਹਿਲਵਾਨਾਂ ਨਾਲ ਆਜ਼ਾਦ ਲੰਘੀ ਸ਼ਾਮ ਜੁੜੇ ਸੀ ਪਰ ਅਧਿਕਾਰੀਆਂ ਨੇ ਉਨ੍ਹਾਂ ਨੂੰ ਰਾਤ ਸਮੇਂ ਉੱਥੋਂ ਜਾਣ ਲਈ ਕਿਹਾ ਸੀ। ਅੱਜ ਉਹ ਆਪਣੇ ਹਮਾਇਤੀਆਂ ਨਾਲ ਦੁਬਾਰਾ ਆਏ ਤੇ ਉਨ੍ਹਾਂ ਪਹਿਲਵਾਨਾਂ ਨੂੰ ਅਪੀਲ ਕੀਤੀ ਕਿ ਉਹ 21 ਮਈ ਮਗਰੋਂ ਆਪਣੇ ਅੰਦੋਲਨ ਨੂੰ ਰਾਮਲੀਲਾ ਮੈਦਾਨ 'ਚ ਲਿਜਾ ਕੇ ਇਸ ਨੂੰ ਵੱਡਾ ਬਣਾਉਣ ਦਾ ਫ਼ੈਸਲਾ ਕਰਨ। ਖਾਪ ਪੰਚਾਇਤਾਂ ਨੇ ਬ੍ਰਿਜਭੂਸ਼ਨ ਖ਼ਿਲਾਫ਼ ਕਾਰਵਾਈ ਲਈ ਸਰਕਾਰ ਨੂੰ ਵੀ ਇਹੀ ਸਮਾਂ ਦਿੱਤਾ ਹੈ।

# ਦੇਸ਼ ਨੂੰ ਜਲਦ ਮਿਲ ਸਕਦੈ ਨਵਾਂ ਸੰਸਦ ਭਵਨ, ਪ੍ਰਧਾਨ ਮੰਤਰੀ ਮੋਦੀ ਕਰਨਗੇ ਉਦਘਾਟਨ

ਨਵੀਂ ਦਿੱਲੀ : ਦੇਸ਼ ਨੂੰ ਛੇਤੀ ਹੀ ਨਵਾਂ ਸੰਸਦ ਭਵਨ ਮਿਲ ਸਕਦਾ ਹੈ। ਨਵੇਂ ਸੰਸਦ ਭਵਨ ਦਾ ਉਦਘਾਟਨ ਇਸੇ ਮਹੀਨੇ ਹੋ ਸਕਦਾ ਹੈ। ਸੂਤਰਾਂ ਦੇ ਹਵਾਲੇ ਤੋਂ ਜਾਣਕਾਰੀ ਮਿਲੀ ਹੈ ਕਿ ਨਵੇਂ ਸੰਸਦ ਭਵਨ ਦਾ ਉਦਘਾਟਨ 28 ਮਈ ਨੂੰ ਹੋ ਸਕਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਦਾ ਉਦਘਾਟਨ ਕਰਨਗੇ। ਜਾਣਕਾਰੀ ਮੁਤਾਬਕ ਨਵੇਂ ਸੰਸਦ ਭਵਨ ਦੇ ਉਦਘਾਟਨ ਦੀਆਂ ਤਿਆਰੀਆਂ ਪੂਰੀਆਂ ਹੋ ਚੁੱਕੀਆਂ ਹਨ। ਦੱਸ ਦੇਈਏ ਕਿ ਮੋਦੀ ਸਰਕਾਰ ਦੇ 9 ਸਾਲ ਪੂਰੇ ਹੋਣ ਮੌਕੇ ਆਯੋਜਨ ਨਾਲ ਹੀ ਨਵੇਂ ਸੰਸਦ ਭਵਨ ਦਾ ਉਦਘਾਟਨ ਹੋ ਸਕਦਾ ਹੈ। ਦੱਸਣਯੋਗ ਹੈ ਕਿ 26 ਮਈ 2014 ਨੂੰ ਨਰਿੰਦਰ ਮੋਦੀ ਨੇ ਪਹਿਲੇ ਕਾਰਜਕਾਲ ਦੀ ਸਹੁੰ ਚੁੱਕੀ ਸੀ। ਫਿਰ ਉਨ੍ਹਾਂ ਨੇ ਆਪਣੇ ਦੂਜੇ ਕਾਰਜਕਾਲ ਦੀ ਸਹੁੰ 30 ਮਈ ਨੂੰ ਚੁੱਕੀ ਸੀ। ਅਜਿਹੇ ਵਿਚ ਉਨ੍ਹਾਂ ਦੇ ਕੁੱਲ ਕਾਰਜਕਾਲ



ਦੇ 9 ਸਾਲ ਪੂਰੇ ਹੋਣ 'ਤੇ ਨਵੇਂ ਸੰਸਦ ਭਵਨ ਦਾ ਉਦਘਾਟਨ ਹੋ ਸਕਦਾ ਹੈ। ਇਸ ਲਈ ਸੁਰੱਖਿਆ ਦੇ ਸਖ਼ਤ ਇੰਤਜ਼ਾਮ ਕੀਤੇ ਜਾਣਗੇ। ਰਾਜਧਾਨੀ ਦਿੱਲੀ 'ਚ ਮੌਜੂਦਾ ਸੰਸਦ ਭਵਨ 100 ਸਾਲ ਪੁਰਾਣਾ ਹੈ। ਇਸ ਲਈ ਕੇਂਦਰ ਸਰਕਾਰ ਨੇ ਇਸ ਦੀ ਥਾਂ ਸੈਂਟਰਲ ਵਿਸਟਾ ਨਾਂ ਦੀ ਨਵੀਂ ਇਮਾਰਤ ਬਣਾਉਣ ਦਾ ਫ਼ੈਸਲਾ ਕੀਤਾ। ਇਸ ਦਾ ਨੀਂਹ ਪੱਥਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2020 ਵਿਚ ਰੱਖਿਆ ਸੀ। ਕਰਤਵਯ ਪੱਥ ਸੰਸਦ ਦੀ ਮੁਰੰਮਤ ਆਮ ਕੇਂਦਰੀ ਸਕੱਤਰੇਤ, ਪ੍ਰਧਾਨ ਮੰਤਰੀ ਲਈ ਨਵੀਂ ਰਿਹਾਇਸ਼ ਅਤੇ ਦਫ਼ਤਰ ਅਤੇ ਉਪ ਰਾਸ਼ਟਰਪਤੀ ਲਈ ਨਵੀਂ ਹਵੇਲੀ ਦੇ ਨਵੇਂ ਨਿਰਮਾਣ ਦੇ ਹਿੱਸੇ ਵਜੋਂ ਕੀਤਾ ਜਾ ਰਿਹਾ ਹੈ। ਟਾਟਾ ਪ੍ਰਾਜੈਕਟਸ ਨਵੇਂ ਸੰਸਦ ਭਵਨ ਦਾ ਨਿਰਮਾਣ ਕਰ ਰਿਹਾ ਹੈ। ਨਵੇਂ ਸੰਸਦ ਭਵਨ ਦਾ ਕੰਮ ਅੰਤਿਮ ਪੜਾਅ 'ਤੇ ਪਹੁੰਚ ਗਿਆ ਹੈ।

# ਕਰਨਾਟਕ 'ਚ ਕਾਂਗਰਸ ਨੂੰ ਮਿਲੀ ਸੰਜੀਵਨੀ ਬੂਟੀ

-ਡਾ. ਕ੍ਰਿਸ਼ਨ ਕੁਮਾਰ ਰੱਤੂ



*ਭਾਜਪਾ ਦੀ ਕਰਨਾਟਕ 'ਚ ਹਾਰ ਇਹ ਵੀ ਦਰਸਾਉਂਦੀ ਹੈ ਕਿ ਜਾਤੀਗਤ ਵੋਟਾਂ ਵਿਚ ਭਾਜਪਾ ਦੀ ਸਾਖ਼ ਘਟੀ ਹੈ ਤੇ ਕਰਨਾਟਕ ਦੀ ਜਾਤੀਗਤ ਸਿਆਸਤ 'ਚ ਵੋਕਾਲਿੰਗਾ, ਲਿੰਗਾਇਤ ਤੇ ਪੱਛੜੀਆਂ ਜਾਤੀਆਂ ਦਾ ਵੋਟ ਗ੍ਰਾਫ ਵੀ ਹੇਠਾਂ ਆਇਆ ਹੈ। ਇਸ ਨੂੰ ਹੁਣ ਭਾਜਪਾ ਆਪਣੇ ਵੱਡੇ ਆਗੂਆਂ ਦੀ ਮੀਟਿੰਗ ਵਿਚ ਚੋਣ ਵਿਸ਼ਲੇਸ਼ਣ ਤੈਅ ਕਰਦਿਆਂ ਵਿਚਾਰੇਗੀ।*

ਸਮੁੱਚੇ ਦੇਸ਼ 'ਚ ਚੋਣ ਸ਼ੋਰ-ਸ਼ਰਾਬੇ ਦਾ ਅੰਤ ਕਰਨਾਟਕ ਚੋਣ ਨਤੀਜਿਆਂ ਨਾਲ ਹੋ ਗਿਆ ਹੈ ਤੇ ਹੁਣ ਨਵੇਂ ਸਿਆਸੀ ਰੁਝਾਨਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਕਰਨਾਟਕ 'ਚ ਭਾਜਪਾ ਨੇ ਸਰਕਾਰ ਗੁਆ ਲਈ ਤੇ ਕਾਂਗਰਸ ਨੂੰ ਸੰਜੀਵਨੀ ਬੂਟੀ ਦੀ ਤਰ੍ਹਾਂ ਸੱਤਾ ਦਾ ਸੁੱਖ ਪ੍ਰਾਪਤ ਹੋ ਗਿਆ ਹੈ। ਕਰਨਾਟਕ ਦੀ ਇਹ ਚੋਣ ਭਾਜਪਾ ਤੇ ਕਾਂਗਰਸ ਲਈ ਕਾਂਟੇ ਦੀ ਟੱਕਰ ਸੀ ਤੇ ਲਿੰਗਾਇਤ ਵੋਟਰਾਂ ਦੀ ਸਿਆਸੀ ਮਹੱਤਤਾ ਮੁੜ ਉਜਾਗਰ ਹੋਈ ਕਿਉਂਕਿ ਉੱਥੇ ਪਿਛਲੇ 55 ਸਾਲਾਂ ਤੋਂ ਲਿੰਗਾਇਤ ਵੋਟਰ ਸਦਾ ਫ਼ੈਸਲਾਕੁੰਨ ਰਹੇ ਹਨ।

ਇਸ ਵਾਰ ਕਾਂਗਰਸ ਨੂੰ ਉਸ ਦੀ ਆਪਣੀ ਉਮੀਦ ਤੋਂ ਜ਼ਿਆਦਾ ਵੱਡੀ ਜਿੱਤ ਪ੍ਰਾਪਤ ਹੋਈ ਹੈ। ਉਸ ਦੀ ਆਪਣੀ ਸਰਕਾਰ ਬਣ ਗਈ ਹੈ ਤੇ ਕਿੰਗਮੇਕਰ ਦੀ ਭੂਮਿਕਾ 'ਚ ਰਹਿਣ ਵਾਲੀ ਪਾਰਟੀ ਜਨਤਾ ਦਲ (ਐੱਸ) ਪਿੱਛੇ ਰਹਿ ਗਈ ਹੈ। ਇੱਥੇ ਇਹ ਵਰਣਨਯੋਗ ਹੈ ਕਿ ਇਸ ਵਾਰ ਕਾਂਗਰਸ ਨੇ ਲਿੰਗਾਇਤ ਵੋਟਾਂ ਦੇ ਨਾਲ-ਨਾਲ ਪਿਛਲੀ ਵਾਰ ਦੇ ਖਿੰਡੇ ਹੋਏ ਵੋਟ ਜਿਨ੍ਹਾਂ 'ਚ ਵੋਕਾਲਿੰਗਾ ਵੋਟ, ਪੱਛੜੇ ਵਰਗਾਂ ਤੇ ਐੱਸਸੀ ਵੋਟਾਂ 'ਚ ਸੰਨ੍ਹ ਲਾਈ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਇਸ ਵਾਰ ਕਾਂਗਰਸ ਨੂੰ ਮਿਲ ਕੇ ਚੱਲਣ ਤੇ ਰਾਹੁਲ ਗਾਂਧੀ ਦੀ 'ਭਾਰਤ ਜੋੜੋ' ਯਾਤਰਾ ਦਾ ਵੀ ਫ਼ਾਇਦਾ ਮਿਲਿਆ ਹੈ। ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਖੜਗੇ ਦੀਆਂ ਜਾਤੀਵਾਦੀ ਵੋਟਾਂ ਦਾ ਵੀ ਫ਼ਾਇਦਾ ਹੋਇਆ ਹੈ। ਕਰਨਾਟਕ ਦੀਆਂ 224 ਵਿਧਾਨ ਸਭਾ ਸੀਟਾਂ 'ਚੋਂ 113 ਦਾ ਜਾਦੂਈ ਅੰਕੜਾ ਸਰਕਾਰ ਬਣਾਉਣ ਲਈ ਕਾਫ਼ੀ ਸੀ ਪਰ ਕਾਂਗਰਸ 136 ਸੀਟਾਂ ਜਿੱਤ ਕੇ ਆਪਣੇ ਦਮ 'ਤੇ ਮਜ਼ਬੂਤ ਸਰਕਾਰ ਬਣਾਉਣ ਦੇ ਕਾਬਲ ਹੋ ਗਈ ਹੈ। ਪਰ ਉਸ ਦੇ ਤਿੰਨ-ਤਿੰਨ ਮੁੱਖ ਮੰਤਰੀ ਚਿਹਰੇ ਵੀ ਚੋਣਾਂ ਤੋਂ ਬਾਅਦ ਉਸ ਲਈ ਸਿਰਦਰਦੀ ਹਨ। ਸਿੱਧਰਮਈਆ ਜੋ ਪਿਛਲੇ ਮੁੱਖ ਮੰਤਰੀ ਰਹਿ ਚੁੱਕੇ ਹਨ, ਇਸ ਵਾਰ ਵੀ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰ ਹਨ ਪਰ ਡੀਕੇ ਸ਼ਿਵਾ ਕੁਮਾਰ ਵੀ ਮੁੱਖ ਮੰਤਰੀ ਦੇ ਉਮੀਦਵਾਰ ਹਨ। ਭਾਜਪਾ ਨੂੰ 65, ਜੇਡੀਐੱਸ ਨੂੰ 19 ਤੇ ਹੋਰਾਂ ਨੂੰ 4 ਸੀਟਾਂ ਮਿਲੀਆਂ ਹਨ। ਇਸ ਵਾਰ ਕਾਂਗਰਸ ਦਾ ਵੋਟ ਸ਼ੇਅਰ 43 ਫ਼ੀਸਦੀ, ਭਾਜਪਾ ਦਾ 34, ਜੇਡੀਐੱਸ ਦਾ 13 ਤੇ ਆਜ਼ਾਦ ਉਮੀਦਵਾਰਾਂ ਦਾ 7 ਫ਼ੀਸਦੀ ਰਿਹਾ।

ਕਰਨਾਟਕ ਦੇ ਨਤੀਜਿਆਂ ਨੇ ਦੋ ਪੱਖ ਜ਼ਰੂਰ ਸਾਫ਼ ਕੀਤੇ ਹਨ ਜਿਨ੍ਹਾਂ 'ਚ ਜਾਤੀਗਤ ਸਮੀਕਰਨ ਤੇ ਦੂਜਾ ਕੇਂਦਰੀ ਲੀਡਰਸ਼ਿਪ ਦਾ ਵਖਰੇਵਾਂ ਸ਼ਾਮਲ ਹੈ। ਲੋਕਾਂ ਨੂੰ ਅਜੇ ਵੀ 2024 ਲਈ ਮੋਦੀ ਦਾ ਚਿਹਰਾ ਤੇ ਭਾਜਪਾ 'ਤੇ ਵਿਸ਼ਵਾਸ ਹੈ, ਪਰ ਰਾਜਾਂ ਵਿਚ ਉੱਥੋਂ ਦੀਆਂ ਸਰਕਾਰਾਂ ਕਾਰਗੁਜ਼ਾਰੀ ਮੁੱਖ ਮੁੱਦਾ ਹੁੰਦੀ ਹੈ। ਕਰਨਾਟਕ 'ਚ ਭਾਜਪਾ ਦੀ ਸਰਕਾਰ ਨੂੰ ਭ੍ਰਿਸ਼ਟ ਸਰਕਾਰ ਕਿਹਾ ਗਿਆ ਤੇ ਸੱਤਾ ਵਿਰੋਧੀ ਵੋਟ ਤੇ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਵੀ ਭਾਜਪਾ ਦੀ ਹਾਰ ਦਾ ਵੱਡਾ ਕਾਰਨ ਬਣਿਆ ਹੈ। ਭਾਜਪਾ ਇਸ ਲਈ ਵੀ ਹਾਰੀ ਹੈ ਕਿਉਂਕਿ ਉੱਥੇ ਸਥਾਨਕ ਲੀਡਰਸ਼ਿਪ ਦਾ ਨਿਕੰਮਾਪਣ ਸਾਹਮਣੇ ਆਇਆ ਤੇ ਉਸ ਨੇ ਮੁੱਖ ਮੰਤਰੀ ਵੀ ਬਦਲਿਆ ਪਰ ਉਹ ਵੀ ਕੁਝ ਨਹੀਂ ਕਰ ਸਕੇ। ਲੋਕਾਂ ਦਾ ਗੁੱਸਾ ਸਿਖ਼ਰ 'ਤੇ ਸੀ ਕਿਉਂਕਿ ਮਹਿੰਗਾਈ, ਲਾਅ ਐਂਡ ਆਰਡਰ ਦੇ ਮੁੱਦੇ ਨਾਲ ਹੀ ਪੱਛੜੇ ਵਰਗ ਤੇ ਰਿਜ਼ਰਵ ਕਬੀਲਾਈ ਮਿਡ ਕਰਨਾਟਕ ਵਸੋਂ ਦਾ ਵੋਟ ਸ਼ੇਅਰ ਵੀ ਭਾਜਪਾ ਲਈ ਘਟਿਆ ਹੈ। ਨਤੀਜੇ ਵਜੋਂ ਉਸ ਨੂੰ ਹਾਰ ਹੋਈ ਹੈ।

ਕਰਨਾਟਕ ਦਾ ਫ਼ੈਸਲਾ ਇਹ ਵੀ ਦਰਸਾਉਂਦਾ ਹੈ ਕਿ ਦਿੱਲੀ ਦੀ ਸਰਕਾਰ ਭਾਵੇਂ ਕਿੰਨੀਆਂ ਵੀ ਕੋਸ਼ਿਸ਼ਾਂ ਕਰ ਲਵੇ ਪਰ ਜਿੰਨੀ ਦੇਰ ਤਕ ਸਥਾਨਕ ਸਰਕਾਰਾਂ ਆਪਣੀ ਵਧੀਆ ਪ੍ਰਸ਼ਾਸਨਿਕ ਕਾਰਗੁਜ਼ਾਰੀ ਨਹੀਂ ਦਿਖਾਉਣਗੀਆਂ ਓਨੀ ਦੇਰ ਤਕ ਨਤੀਜੇ ਜਿੱਤ ਵਜੋਂ ਨਹੀਂ ਮਿਲ ਸਕਣਗੇ। ਭਾਜਪਾ ਦੀ ਕਰਨਾਟਕ 'ਚ ਹਾਰ ਇਹ ਵੀ ਦਰਸਾਉਂਦੀ ਹੈ ਕਿ ਜਾਤੀਗਤ ਵੋਟਾਂ ਵਿਚ ਭਾਜਪਾ ਦੀ ਸਾਖ਼ ਘਟੀ ਹੈ ਤੇ ਕਰਨਾਟਕ ਦੀ ਜਾਤੀਗਤ ਸਿਆਸਤ 'ਚ ਵੋਕਾਲਿੰਗਾ, ਲਿੰਗਾਇਤ ਤੇ ਪੱਛੜੀਆਂ ਜਾਤੀਆਂ ਦਾ ਵੋਟ ਗ੍ਰਾਫ ਵੀ ਹੇਠਾਂ ਆਇਆ ਹੈ। ਇਸ ਨੂੰ ਹੁਣ ਭਾਜਪਾ ਆਪਣੇ ਵੱਡੇ ਆਗੂਆਂ ਦੀ ਮੀਟਿੰਗ ਵਿਚ ਚੋਣ ਵਿਸ਼ਲੇਸ਼ਣ ਤੈਅ ਕਰਦਿਆਂ ਵਿਚਾਰੇਗੀ। ਪਰ ਹੁਣ ਕਾਂਗਰਸ ਨੇ ਇਨ੍ਹਾਂ ਚੋਣ ਨਤੀਜਿਆਂ ਤੋਂ ਬਾਅਦ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਮੋਦੀ ਦੀ ਚੋਣ ਮੁਹਿੰਮ 'ਤੇ ਸਵਾਲੀਆ ਨਿਸ਼ਾਨ ਵੀ ਲਗਾਇਆ ਹੈ। ਉਸ ਦੀ ਰਾਇ ਮੁਤਾਬਕ ਪ੍ਰਧਾਨ ਮੰਤਰੀ ਦੇ 26 ਕਿਲੋਮੀਟਰ ਲੰਬੇ ਰੋਡ ਸ਼ੋਅ ਤੇ ਸੈਂਕੜੇ ਰੈਲੀਆਂ ਤੇ ਭਾਜਪਾ ਦਾ ਪੂਰਾ ਤੰਤਰ ਇਸ ਵਾਰ ਮਿਲ ਕੇ ਵੀ ਕਰਨਾਟਕ ਨੂੰ ਜਿੱਤ ਨਹੀਂ ਸਕਿਆ। ਹੁਣ ਸਮਾਂ ਆ ਗਿਆ ਹੈ ਕਿ ਭਾਜਪਾ ਨੂੰ ਵੀ ਘਟੇ ਹੋਏ ਵੋਟ ਫ਼ੀਸਦ ਨਾਲ ਆਪਣੀ ਸਮੀਖਿਆ ਕਰਨੀ ਪਵੇਗੀ।

ਭਾਜਪਾ ਲਈ ਹੁਣ ਇਹ ਵੀ ਜ਼ਰੂਰੀ ਹੋ ਗਿਆ ਹੈ ਕਿ ਉਸ ਦੀਆਂ ਸਰਕਾਰਾਂ ਵਾਲੇ ਰਾਜਾਂ ਵਿਚ ਸਰਕਾਰਾਂ ਦੀ ਕਾਰਗੁਜ਼ਾਰੀ ਨੂੰ ਮੁੜ ਤੋਂ ਦੇਖ ਲਿਆ ਜਾਵੇ। ਖ਼ਾਸ ਤੌਰ 'ਤੇ ਉੱਤਰ-ਪੂਰਬ ਦੇ ਰਾਜਾਂ ਜਿਵੇਂ ਮਨੀਪੁਰ ਸਾਡੇ ਸਾਹਮਣੇ ਹੈ। ਮਹਾਰਾਸ਼ਟਰ ਉਸ ਦੀ ਦੂਜੀ ਮਿਸਾਲ ਹੈ। ਕਾਂਗਰਸ ਨੂੰ ਇਨ੍ਹਾਂ ਚੋਣ ਨਤੀਜਿਆਂ ਨਾਲ ਰਾਹੁਲ ਗਾਂਧੀ ਦੀ ਰੀ-ਲਾਂਚਿੰਗ ਤੇ 'ਭਾਰਤ ਜੋੜੋ' ਯਾਤਰਾ ਨੂੰ ਚਮਕਾਉਣ ਦਾ ਮੌਕਾ ਤਾਂ ਮਿਲਿਆ ਹੈ ਪਰ ਪ੍ਰਧਾਨ ਮੰਤਰੀ ਨੂੰ ਵੀ ਇਕ ਵਾਰ ਮੁੜ ਤੋਂ ਰਾਜਾਂ ਦੀ ਸਿਆਸਤ ਬਾਰੇ ਸੋਚਣ ਲਈ ਮਜਬੂਰ ਕੀਤਾ ਹੈ। ਦੱਖਣੀ ਭਾਰਤ 'ਚ ਸਿਰਫ਼ ਕਰਨਾਟਕ ਹੀ ਅਜਿਹਾ ਰਾਜ ਹੈ ਜਿੱਥੇ ਭਾਜਪਾ ਦੀ ਚੜ੍ਹਤ ਰਹੀ ਹੈ। ਇੱਥੋਂ ਤਕ ਕਿ ਕਰਨਾਟਕ ਦੀਆਂ ਸਰਹੱਦਾਂ ਨਾਲ ਲੱਗਦੇ ਤਾਮਿਲਨਾਡੂ, ਕੇਰਲਾ ਵਿਚ ਤੇ ਦੂਜੇ ਦੱਖਣ ਭਾਰਤੀ ਰਾਜਾਂ ਤੇਲੰਗਾਨਾ ਤੇ ਆਂਧਰ ਪ੍ਰਦੇਸ਼ ਵਿਚ ਅਜੇ ਵੀ ਭਾਜਪਾ ਦੇ ਪੈਰ ਨਹੀਂ ਲੱਗੇ ਹਨ। ਉਸ ਲਈ ਇਹ ਨਤੀਜੇ ਉਸ ਸਮੇਂ ਆਏ ਹਨ ਜਦੋਂ ਪਾਰਟੀ 2024 ਦੀਆਂ ਆਮ ਚੋਣਾਂ ਲਈ ਆਪਣੀ ਰਣਨੀਤੀ ਬਣਾਉਣ ਤੇ ਚੋਣ ਮੁਹਿੰਮ ਲਈ ਲੱਗੀ ਹੋਈ ਹੈ। ਕਾਂਗਰਸ ਆਪਣੀ ਬਚੀ ਹੋਈ ਸਾਖ਼ ਨੂੰ ਬਚਾਉਣ ਦੀ ਲੜਾਈ ਲੜ ਰਹੀ ਹੈ।

ਹਾਲਾਂਕਿ ਦੇਸ਼ ਵਿਚ ਜਿਸ ਤਰ੍ਹਾਂ ਦੀ ਤੀਜੇ ਮੋਰਚੇ ਦੀ ਆਹਟ ਨਿਤਿਸ਼, ਅਖਿਲੇਸ਼ ਯਾਦਵ ਕਰ ਰਹੇ ਹਨ, ਉਸ ਵਿਚ ਬੰਗਾਲ ਰਾਜ ਤੋਂ ਟੀਐੱਮਸੀ ਤੇ ਓਡੀਸ਼ਾ ਤੋਂ ਨਵੀਨ ਪਟਨਾਇਕ ਬਾਰੇ ਅਜੇ ਵੀ ਸਾਫ਼ ਨਹੀਂ ਹੈ ਕਿ 2024 ਦੀਆਂ ਚੋਣਾਂ ਵਾਸਤੇ ਇਸ ਗੱਠਜੋੜ ਵਿਚ ਸ਼ਾਮਲ ਹੋਣਗੇ ਜਾਂ ਨਹੀਂ। ਕਰਨਾਟਕ ਦੀਆਂ ਚੋਣਾਂ ਨੇ ਇਕ ਗੱਲ ਤਾਂ ਸਾਫ਼ ਕਰ ਦਿੱਤੀ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਵਿਚ ਮੋਦੀ ਸਰਕਾਰ ਦੀ ਹਾਰ ਇੰਨੀ ਆਸਾਨ ਵੀ ਨਹੀਂ ਹੈ। ਕਾਂਗਰਸ ਹੁਣ ਕਈ ਰਾਜਾਂ ਵਿਚ ਆਪਣੀਆਂ ਗਤੀਵਿਧੀਆਂ ਤੇ ਸਿਆਸੀ ਰੈਲੀਆਂ 'ਚ ਵਾਧਾ ਕਰੇਗੀ। ਖ਼ਾਸ ਕਰ ਕੇ ਰਾਜਸਥਾਨ ਤੇ ਛੱਤੀਸਗੜ੍ਹ ਵਰਗੇ ਰਾਜਾਂ ਵਿਚ ਜਿੱਥੇ ਉਸ ਦੀ ਸਰਕਾਰ ਹੈ। ਪਰ ਸੱਤਾ ਵਿਰੋਧੀ ਲਹਿਰ ਦਾ ਡਰ ਉਸ ਨੂੰ ਪੰਗੂ ਬਣਾ ਰਿਹਾ ਹੈ ਤੇ ਰਾਜਸਥਾਨ 'ਚ ਸਚਿਨ ਪਾਇਲਟ ਇਕ ਵੱਡਾ ਖ਼ਤਰਾ ਬਣਿਆ ਹੋਇਆ ਹੈ।

ਕਰਨਾਟਕ ਤੋਂ ਬਾਅਦ ਜੇ ਦੂਜੇ ਰਾਜਾਂ ਦੀਆਂ ਚੋਣਾਂ ਦੀ ਗੱਲ ਕਰੀਏ ਤਾਂ ਜਲੰਧਰ (ਪੰਜਾਬ) ਦੀ ਲੋਕ ਸਭਾ ਜ਼ਿਮਨੀ ਚੋਣ ਅਹਿਮ ਹੈ। ਇਹ ਸੀਟ ਕਾਂਗਰਸ ਦੀ ਰਵਾਇਤੀ ਸੀਟ ਹੈ ਤੇ ਇਸ 'ਤੇ ਚੌਧਰੀ ਪਰਿਵਾਰ ਦਾ ਕਬਜ਼ਾ ਰਿਹਾ ਹੈ। ਜਲੰਧਰ ਰਿਜ਼ਰਵ ਸੀਟ ਹੋਣ ਕਰਕੇ ਇਸ ਵਾਰ ਇੱਥੋਂ ਚਹੁੰ-ਪਾਸੜ ਮੁਕਾਬਲਾ ਹੋਇਆ ਤੇ ਇੱਥੇ ਪਹਿਲੀ ਵਾਰ ਭਾਜਪਾ ਨੇ ਆਪਣਾ ਉਮੀਦਵਾਰ ਸਾਬਕਾ ਐੱਮਪੀ ਤੇ ਲੋਕ ਸਭਾ ਦੇ ਡਿਪਟੀ ਸਪੀਕਰ ਦੇ ਪੁੱਤਰ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਬਣਾਇਆ। ਉਸ ਨੂੰ ਚੌਥੀ ਪੁਜ਼ੀਸ਼ਨ ਪ੍ਰਾਪਤ ਹੋਈ ਹੈ ਜਦਕਿ ਅਕਾਲੀ-ਬਸਪਾ ਗੱਠਜੋੜ ਨੂੰ ਤੀਜੀ ਥਾਂ ਹਾਸਲ ਹੋਈ। ਇਹ ਅਕਾਲੀ ਦਲ ਦੀ ਬਿਖਰਦੀ ਰਾਜਨੀਤੀ ਦੀ ਮਿਸਾਲ ਹੈ ਤੇ ਭਾਜਪਾ ਤੋਂ ਵੱਖ ਹੋਣ ਦਾ ਦੁਖਾਂਤ ਵੀ। ਇਹ ਨਤੀਜੇ ਦਿਖਾਉਂਦੇ ਹਨ ਕਿ ਜੇ ਪੰਜਾਬ 'ਚਅਕਾਲੀ-ਭਾਜਪਾ ਗੱਠਜੋੜ ਰਹਿੰਦਾ ਤਾਂ ਉਹ ਜਿੱਤਦਾ।

ਓਧਰ 'ਆਪ' ਦੇ ਸੁਸ਼ੀਲ ਰਿੰਕੂ ਤਿੰਨ ਲੱਖ ਤੋਂ ਵੱਧ ਵੋਟਾਂ ਲੈ ਗਏ ਤੇ ਜਿੱਤ ਪ੍ਰਾਪਤ ਕੀਤੀ। ਪੂਰੇ ਚੋਣ ਨਤੀਜਿਆਂ ਦਾ ਜੇ 2024 ਦੇ ਚੋਣ ਪ੍ਰਸੰਗ ਵਿਚ ਜ਼ਿਕਰ ਕਰੀਏ ਤਾਂ ਅਸੀਂ ਵੇਖ ਸਕਦੇ ਹਾਂ ਕਿ ਅਸੀਂ ਭਾਜਪਾ ਨੂੰ ਉਸ ਪਾਰਟੀ ਦੇ ਰੂਪ 'ਚ ਸਥਾਪਤ ਕਰਦੇ ਹਾਂ ਜਿੱਥੇ ਕੇਂਦਰ ਵਿਚ ਮੋਦੀ ਤੇ ਅਮਿਤ ਸ਼ਾਹ ਦੀ ਜੋੜੀ ਤੇ ਕੇਂਦਰ ਸਰਕਾਰ ਦੇ ਕੰਮਾਂ 'ਤੇ ਮੋਹਰ ਲੱਗੇਗੀ ਤੇ ਸੂਬਿਆਂ ਦੀਆਂ ਸਰਕਾਰਾਂ 'ਚ ਅਸੀਂ ਵੱਖ-ਵੱਖ ਰਾਜਾਂ 'ਚ ਉੱਥੋਂ ਦੀਆਂ ਖੇਤਰੀ ਪਾਰਟੀਆਂ ਦੀ ਕਾਰਗੁਜ਼ਾਰੀ ਤੇ ਭਾਜਪਾ ਦੀਆਂ ਸਰਕਾਰਾਂ ਦੀ ਸਰਕਾਰ ਵਿਰੋਧੀ ਲੋਕ ਰਾਇ ਨੂੰ ਵੀ ਅੱਖੋਂ-ਪਰੋਖੇ ਨਹੀਂ ਕਰ ਸਕਦੇ। ਕਰਨਾਟਕ ਦੇ ਨਤੀਜੇ ਸਮੁੱਚੇ ਭਾਰਤ ਲਈ ਨਵਾਂ ਸੰਦੇਸ਼ ਲੈ ਕੇ ਆਏ ਹਨ ਕਿ ਸੂਬਿਆਂ 'ਚ ਛੋਟੇ ਤੇ ਰਾਜਾਂ ਦੇ ਮੁੱਦੇ ਭਾਰੀ ਹਨ ਤੇ ਕੇਂਦਰ 'ਚ ਰਾਸ਼ਟਰੀ ਮੁੱਦੇ। ਰਾਜਾਂ 'ਚ ਸਿਆਸੀ ਚਾਲਾਂ ਸਥਾਨਕ ਫੈਕਟਰ ਵੀ ਭਾਰੀ ਹੈ, ਜਿਸ ਦਾ ਸੈਂਟਰ ਨਾਲ ਕੋਈ ਵੱਧ ਟਕਰਾਅ ਨਹੀਂ ਹੈ। ਹੁਣ ਚਾਹੇ ਵਿਰੋਧੀ ਪਾਰਟੀਆਂ ਹੋਣ, ਚਾਹੇ ਭਾਜਪਾ ਇਕੱਲੀ ਹੋਵੇ। ਭਵਿੱਖ 'ਚ ਜਨਤਾ ਕੰਮਾਂ ਤੇ ਮਹਿੰਗਾਈ, ਰੁਜ਼ਗਾਰ ਤੇ ਸਥਾਨਕ ਪਾਰਦਰਸ਼ਿਤਾ 'ਤੇ ਵੋਟ ਪਾਵੇਗੀ। ਕਰਨਾਟਕ 'ਚ ਮਜ਼ੇਦਾਰ ਫੈਕਟਰ ਇਹ ਵੀ ਰਿਹਾ ਕਿ ਇਸ ਵਾਰ ਚੋਣ ਸਰਵੇਖਣ 100 ਫ਼ੀਸਦੀ ਸੱਚ ਸਾਬਿਤ ਹੋਏ ਹਨ।






# ਪਾਕਿ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਗ੍ਰਿਫ਼ਤਾਰੀ ਤੇ ਰਿਹਾਈ ਦੇ ਮਾਅਨੇ

-ਸੁਰਜੀਤ ਸਿੰਘ ਫਲੋਰਾ

ਪਾਕਿਸਤਾਨ ਡੂੰਘੇ ਆਰਥਿਕ ਸੰਕਟ ਵਿਚ ਫਸਿਆ ਹੋਇਆ ਹੈ। ਹੁਣ ਉੱਥੇ ਅੱਤਵਾਦੀ ਹਮਲਿਆਂ ਦੇ ਪੁਨਰ-ਉਭਾਰ, ਸਾਬਕਾ ਵਜ਼ੀਰ-ਏ-ਆਜ਼ਮ ਇਮਰਾਨ ਖ਼ਾਨ ਦੀ ਇਕ ਅਦਾਲਤੀ ਕੰਪਲੈਕਸ ਤੋਂ ਨਾਟਕੀ ਗ੍ਰਿਫ਼ਤਾਰੀ ਅਤੇ ਬਾਅਦ ਵਿਚ ਦੇਸ਼-ਵਿਆਪੀ ਦੰਗਿਆਂ ਨੇ ਦੇਸ਼ ਨੂੰ ਪੂਰੀ ਤਰ੍ਹਾਂ ਅਰਾਜਕਤਾ 'ਚ ਧੱਕ ਦਿੱਤਾ ਹੈ। ਸੁਪਰੀਮ ਕੋਰਟ ਨੇ ਭਾਵੇਂ ਉਨ੍ਹਾਂ ਦੀ ਗ੍ਰਿਫ਼ਤਾਰੀ ਨੂੰ ਗ਼ੈਰ-ਕਾਨੂੰਨੀ ਗਰਦਾਨਦਿਆਂ ਰਿਹਾਅ ਕਰਨ ਦਾ ਹੁਕਮ ਦਿੱਤਾ ਹੈ, ਫਿਰ ਵੀ ਦੇਸ਼ ਦੇ ਹਾਲਾਤ ਨਾਜ਼ੁਕ ਹਨ। ਵੱਡਾ ਡਰ ਇਹ ਹੈ ਕਿ ਸਥਿਤੀ ਹੋਰ ਖ਼ਰਾਬ ਹੋਣ 'ਤੇ ਉੱਥੇ ਫ਼ੌਜ ਸੱਤਾ 'ਤੇ ਕਬਜ਼ੇ ਲਈ ਤਿਆਰ ਹੋ ਸਕਦੀ ਹੈ। ਇਮਰਾਨ ਨੂੰ ਜ਼ਮੀਨ ਘੁਟਾਲੇ ਦੇ ਸਬੰਧ ਵਿਚ ਹਿਰਾਸਤ ਵਿਚ ਲਿਆ ਗਿਆ ਸੀ ਜਿਸ ਵਿਚ ਉਹ ਅਤੇ ਉਨ੍ਹਾਂ ਦੀ ਪਤਨੀ ਸ਼ਾਮਲ ਸਨ।

ਸੱਤਰ ਸਾਲਾ ਇਮਰਾਨ ਖ਼ਾਨ ਕਿ ?ਰਕਟਰ ਤੋਂ ਸਿਆਸਤਦਾਨ ਬਣੇ ਸਨ ਜਿਨ੍ਹਾਂ ਨੂੰ ਹੁਣ ਦੇਸ਼ ਦੇ ਸਭ ਤੋਂ ਪ੍ਰਸਿੱਧ ਸਿਆਸਤਦਾਨ ਵਜੋਂ ਦੇਖਿਆ ਜਾਂਦਾ ਹੈ। ਇਮਰਾਨ ਨੂੰ ਪਾਕਿਸਤਾਨੀ ਰੇਂਜਰਾਂ ਨੇ ਇਸਲਾਮਾਬਾਦ ਹਾਈ ਕੋਰਟ ਹਾਊਸ ਤੋਂ ਗਿ ?ਰਫ਼ਤਾਰ ਕੀਤਾ ਸੀ ਤੇ ਉਨ੍ਹਾਂ ਦੇ ਵਕੀਲਾਂ ਤੇ ਸੁਰੱਖਿਆ ਕਰਮਚਾਰੀਆਂ ਨੂੰ ਕੁੱਟਮਾਰ ਕਰ ਕੇ ਭਜਾ ਦਿੱਤਾ ਸੀ। ਇਸ ਭੜਕਾਊ ਕਦਮ ਨੂੰ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਦੀ ਸਰਕਾਰ ਦੀ ਨਹੀਂ ਬਲਕਿ ਪਾਕਿਸਤਾਨੀ ਫ਼ੌਜ ਦੀ ਕਾਰਵਾਈ ਵਜੋਂ ਦੇਖਿਆ ਜਾਂਦਾ ਹੈ ਕਿਉਂਕਿ ਇਮਰਾਨ ਸ਼ਕਤੀਸ਼ਾਲੀ ਫ਼ੌਜੀ ਅਦਾਰੇ ਨਾਲ ਟਕਰਾਅ ਦੇ ਰਾਹ 'ਤੇ ਹਨ। ਜਨਤਕ ਗੁੱਸੇ ਦੇ ਸੁਭਾਵਿਕ ਵਿਸਫੋਟ ਕਾਰਨ ਇਮਰਾਨ ਦੇ ਸਮਰਥਕਾਂ ਨੇ ਰਾਵਲਪਿੰਡੀ ਵਿਚ ਫ਼ੌਜ ਦੇ ਹੈੱਡਕੁਆਰਟਰ ਅਤੇ ਲਾਹੌਰ ਵਿਚ ਕੋਰ ਕਮਾਂਡਰ ਦੀ ਰਿਹਾਇਸ਼ 'ਤੇ ਧਾਵਾ ਬੋਲਿਆ। ਪ੍ਰਵੇਸ਼ ਅਤੇ ਨਿਕਾਸ ਪੁਆਇੰਟਾਂ ਸਮੇਤ ਮੁੱਖ ਸੜਕਾਂ 'ਤੇ ਵੱਡੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਲਾਹੌਰ ਹੁਣ ਸੂਬੇ ਦੇ ਬਾਕੀ ਹਿੱਸਿਆਂ ਨਾਲੋਂ ਲਗਪਗ ਕੱਟਿਆ ਹੋਇਆ ਹੈ।

ਇਮਰਾਨ ਦੇ ਹਮਾਇਤੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਭਾਰੀ ਹਿੰਸਾ ਕਰ ਰਹੇ ਹਨ। ਇਕ ਪਹਿਲਾਂ ਤੋਂ ਰਿਕਾਰਡ ਕੀਤੇ ਵੀਡੀਓ ਵਿਚ ਇਮਰਾਨ ਨੇ ਦਾਅਵਾ ਕੀਤਾ ਕਿ ਪਾਕਿਸਤਾਨ ਵਿਚ ਮੌਲਿਕ ਅਧਿਕਾਰਾਂ ਅਤੇ ਲੋਕਤੰਤਰ ਨੂੰ ਦਫਨ ਕਰ ਦਿੱਤਾ ਗਿਆ ਹੈ। ਇਹ ਸੱਚ ਤੇ ਸਹੀ ਵੀ ਹੈ ਕਿਉਂਕਿ ਪਾਕਿਸਤਾਨ ਵਿਚ ਸ਼ਾਸਨ ਦੀ ਸ਼ਕਤੀ ਲੋਕਤੰਤਰ ਦੀ ਤਰ੍ਹਾਂ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਜਾਂ ਸੰਸਦ ਦੇ ਹੱਥਾਂ ਵਿਚ ਨਹੀਂ ਹੈ, ਇਹ ਫ਼ੌਜ ਦੇ ਹੱਥਾਂ ਵਿਚ ਹੈ। ਪਾਕਿਸਤਾਨ 'ਚ ਚੁਣੇ ਹੋਏ ਪ੍ਰਧਾਨ ਮੰਤੀ ਤੇ ਮੰਤਰੀ ਸਿਰਫ਼ ਫ਼ੌਜ ਦੀਆਂ ਕਠਪੁਤਲੀਆਂ ਹਨ। ਫ਼ੌਜ ਆਪਣੇ ਹਿੱਤਾਂ ਲਈ ਪ੍ਰਧਾਨ ਮੰਤਰੀ ਚੁਣ ਕੇ ਦੇਸ਼ ਨੂੰ ਚਲਾਉਂਦੀ ਹੈ ਅਤੇ ਜਦੋਂ ਨੇਤਾ ਉਨ੍ਹਾਂ ਦੇ ਹੁਕਮਾਂ ਵਿਰੁੱਧ ਜਾਂਦੇ ਹਨ ਤਾਂ ਉਨ੍ਹਾਂ ਨੂੰ ਮਰਵਾ ਦਿੰਦੀ ਹੈ, ਉਨ੍ਹਾਂ ਨੂੰ ਫ਼ਾਂਸੀ ਦੇ ਦਿੱਤੀ ਜਾਂਦੀ ਹੈ ਜਾਂ ਉਨ੍ਹਾਂ 'ਤੇ ਕੇਸ ਬਣਾ ਕੇ ਸੀਖਾਂ ਪਿੱਛੇ ਬੰਦ ਕਰ ਦਿੱਤਾ ਜਾਂਦਾ ਹੈ। ਇਮਰਾਨ ਦੀ ਰਿਹਾਈ ਦੇ ਬਾਵਜੂਦ ਜੇ ਹਾਲਾਤ ਹੋਰ ਬੇਕਾਬੂ ਹੋ ਜਾਣ ਤਾਂ ਮਾਰਸ਼ਲ ਲਾਅ ਲਗਾ ਦਿੱਤਾ ਜਾਵੇਗਾ। ਸੱਚ ਇਹ ਵੀ ਹੈ ਕਿ ਮੌਜੂਦਾ ਸਰਕਾਰ ਵੱਲੋਂ ਸੱਤਾ ਵਿਚ ਆਉਣ ਤੋਂ ਬਾਅਦ ਕੀਤੀ ਹਰ ਇਕ ਕਾਰਵਾਈ ਨੇ ਇਹ ਸਿੱਧ ਕੀਤਾ ਹੈ ਕਿ ਉਸ ਦੀ ਅਖੌਤੀ 'ਪਾਕਿਸਤਾਨ ਡੈਮੋਕ੍ਰੈਟਿਕ ਮੂਵਮੈਂਟ (ਪੀਡੀਐੱਮ) ਜੋ ਆਪਣੇ-ਆਪ ਨੂੰ ਪਾਕਿਸਤਾਨ ਵਿਚ ਜਮਹੂਰੀਅਤ ਦੀ ਚੈਂਪੀਅਨ ਹੋਣ ਦਾ ਦਾਅਵਾ ਕਰਦੀ ਹੈ, ਨੂੰ ਲੋਕਤੰਤਰ ਦੀ ਰੱਖਿਆ ਵਿਚ ਕਦੇ ਵੀ ਕੋਈ ਦਿਲਚਸਪੀ ਨਹੀਂ ਸੀ। ਮੌਜੂਦਾ ਗੱਠਜੋੜ ਸਰਕਾਰ



ਬਣਾਉਣ ਵਾਲੇ ਪੀਡੀਐੱਮ ਦੇ ਮੈਂਬਰਾਂ ਨੇ ਹੁਣ ਹਰ ਉਹ ਕੰਮ ਕੀਤਾ ਹੈ। ਉਹ ਪਹਿਲਾਂ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਸਰਕਾਰ ਅਤੇ ਇਮਰਾਨ ਖ਼ਾਨ ਦੀ ਜਿਨ੍ਹਾਂ ਕੰਮਾਂ ਲਈ ਆਲੋਚਨਾ ਕਰਦੇ ਸਨ, ਉਹ ਕਾਰਵਾਈਆਂ ਹੁਣ ਉਹ ਖ਼ੁਦ ਕਰ ਰਹੇ ਹਨ।

ਪਾਕਿਸਤਾਨ ਸਰਕਾਰ ਹੁਣ ਫ਼ੌਜੀ ਅਦਾਰੇ ਨਾਲ ਗੱਠਜੋੜ ਕਰ ਰਹੀ ਹੈ, ਆਪਣੇ ਸਿਆਸੀ ਵਿਰੋਧੀਆਂ ਨੂੰ ਅਸਪਸ਼ਟ 'ਦੇਸ਼-ਧਰੋਹੀ ਕਾਨੂੰਨਾਂ', 'ਹਾਸੋਹੀਣੇ ਦੋਸ਼ਾਂ' ਜਾਂ 'ਭ੍ਰਿਸ਼ਟ ਅਮਲਾਂ' ਨਾਲ ਨਿਸ਼ਾਨਾ ਬਣਾ ਰਹੀ ਹੈ। ਇਹ ਉਹੀ ਕਾਰਵਾਈਆਂ ਹਨ ਜਿਨ੍ਹਾਂ ਦੀ ਉਨ੍ਹਾਂ ਨੇ ਪਹਿਲਾਂ ਸਖ਼ਤ ਆਲੋਚਨਾ ਕੀਤੀ ਸੀ ਜਦੋਂ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਨਿਸ਼ਾਨਾ ਬਣਾਉਣ ਲਈ ਅਜਿਹੇ ਦੋਸ਼ ਲਗਾਏ ਗਏ ਸਨ। ਇਮਰਾਨ ਖ਼ਾਨ ਵਿਰੁੱਧ ਜਾਰੀ ਕੀਤਾ ਗਿਆ ਗਿ ?ਰਫ਼ਤਾਰੀ ਵਾਰੰਟ ਇਸ ਗੱਲ ਦਾ ਸਬੂਤ ਹੈ। ਇਹ ਇਮਰਾਨ ਖ਼ਾਨ ਨੂੰ ਸੱਤਾ ਵਿਚ ਵਾਪਸੀ ਤੋਂ ਰੋਕਣ ਦੀ ਇਕ ਹੋਰ ਬੇਤੁਕੀ ਕੋਸ਼ਿਸ਼ ਹੈ। ਯੋਜਨਾ ਇਸ ਸਾਲ ਦੇ ਅੰਤ ਵਿਚ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਵਿਰੋਧੀ ਸਿਆਸਤਦਾਨਾਂ ਨੂੰ ਗਿ ?ਰਫ਼ਤਾਰ ਕਰਨ, ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ, ਅਣ-ਉਚਿਤ ਮੀਡੀਆ ਨੈੱਟਵਰਕਾਂ 'ਤੇ ਪਾਬੰਦੀ ਲਗਾਉਣ, ਆਲੋਚਨਾਤਮਕ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਅਤੇ ਚੋਣ ਧਾਂਦਲੀ ਆਦਿ ਕਰਨ ਦੀ ਹੈ। ਸ਼ਾਹਬਾਜ਼ ਸ਼ਰੀਫ਼ ਸਰਕਾਰ ਉਕਤ ਹਥਕੰਡੇ ਵਰਤ ਕੇ ਆਪਣੇ ਸਿਆਸੀ ਵਿਰੋਧੀਆਂ ਨੂੰ ਕਮਜ਼ੋਰ ਕਰਨਾ ਲੋਚਦੀ ਹੈ। ਪਾਕਿਸਤਾਨ ਕੋਲ ਅਜਿਹੇ ਸਿਆਸਤਦਾਨ ਤੇ ਉਨ੍ਹਾਂ ਦੇ ਕੱਟੜ ਸਮਰਥਕ ਹਨ ਜੋ ਸੱਤਾ ਦੇ ਬਦਲੇ ਆਪਣੀ ਆਤਮਾ ਸ਼ੈਤਾਨ ਨੂੰ ਵੇਚ ਦਿੰਦੇ ਹਨ। ਪੀਡੀਐੱਮ ਦੇ ਸਮਰਥਕ ਜੋ ਪਹਿਲਾਂ ਜਮਹੂਰੀਅਤ ਦੇ ਹੱਕ ਵਿਚ ਹੋਣ ਦਾ ਦਾਅਵਾ ਕਰਦੇ ਸਨ, ਨੂੰ ਹੁਣ ਸੱਤਾ ਨੂੰ ਬਰਕਰਾਰ ਰੱਖਣ ਲਈ ਆਪਣੇ ਸਿਆਸੀ ਵਿਰੋਧੀਆਂ ਨੂੰ ਕੈਦ ਕਰਨ ਵਿਚ ਕੋਈ ਸਮੱਸਿਆ ਨਹੀਂ ਹੈ। ਸਪੈਕਟਰਮ ਦੇ ਦੋਵਾਂ ਪਾਸਿਆਂ 'ਤੇ ਸਥਿਤੀ ਲਗਪਗ ਇੱਕੋ ਜਿਹੀ ਹੈ। ਇਨ੍ਹਾਂ ਵਿੱਚੋਂ ਕੋਈ ਵੀ ਸਿਆਸਤਦਾਨ ਜਾਂ ਸਿਆਸੀ ਪਾਰਟੀਆਂ ਜਾਂ ਉਨ੍ਹਾਂ ਦੇ ਜ਼ਿਆਦਾਤਰ ਸਮਰਥਕ ਅਸਲ ਵਿਚ ਪਾਕਿਸਤਾਨ ਵਿਚ ਲੋਕਤੰਤਰੀ ਪ੍ਰਣਾਲੀ ਨੂੰ ਸੁਰੱਖਿਅਤ ਰੱਖਣ ਦੀ ਪਰਵਾਹ ਨਹੀਂ ਕਰਦੇ।

ਹਾਲਾਂਕਿ ਫੌਜੀ ਸਥਾਪਨਾ ਦੁਆਰਾ ਕੀਤਾ ਗਿਆ ਸਲੂਕ ਨਿਸ਼ਚਿਤ ਤੌਰ 'ਤੇ ਜਮਹੂਰੀਅਤ ਲਈ ਇਕ ਲੜਾਕੂ ਵਜੋਂ ਇਮਰਾਨ ਦੀ ਛਵੀ ਨੂੰ ਵਿਗਾੜ ਦੇਵੇਗਾ। ਤਾਜ਼ਾ ਘਟਨਾਕ੍ਰਮ ਨੇ ਮੌਜੂਦਾ ਸਿਆਸੀ ਖੜੋਤ ਨੂੰ ਕਿਸੇ ਵੀ ਗੱਲਬਾਤ ਰਾਹੀਂ ਤੋੜਨ ਲਈ ਦੀਆਂ ਉਮੀਦਾਂ ਨੂੰ ਲਗਪਗ ਧੂਹ ਦਿੱਤਾ ਹੈ। ਇਮਰਾਨ ਦੀ ਗ੍ਰਿਫ਼ਤਾਰੀ ਨੇ ਸਿਰਫ਼ ਸਰਕਾਰ ਅਤੇ ਫ਼ੌਜੀ ਅਦਾਰੇ ਨੂੰ ਵਿਵਾਦ ਵਿਚ ਡੂੰਘਾ ਧੱਕ ਦਿੱਤਾ ਹੈ ਤੇ ਇਸ ਨਾਲ ਲੋਕਾਂ ਵਿਚ ਹੋਰ ਵੀ ਵੱਡਾ ਅਵਿਸ਼ਵਾਸ ਅਤੇ ਨਾਰਾਜ਼ਗੀ ਪੈਦਾ ਹੋ ਚੁੱਕੀ ਹੈ। ਪਿਛਲੇ ਸਾਲ ਅਪ੍ਰੈਲ ਵਿਚ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਬੇਦਖ਼ਲ ਕੀਤੇ ਜਾਣ ਤੋਂ ਬਾਅਦ ਅਵਿਸ਼ਵਾਸ ਵੋਟ ਰਾਹੀਂ ਇਮਰਾਨ ਨੇ ਲੋਕਾਂ ਦੇ ਨਾਇਕ ਵਜੋਂ ਦਰਜਾ ਹਾਸਲ ਕਰ ਲਿਆ ਹੈ ਅਤੇ ਕਈ ਤਰ੍ਹਾਂ ਦੇ ਦੋਸ਼ਾਂ ਦੇ ਨਾਲ ਫ਼ੌਜ ਦੇ ਉੱਚ ਅਧਿਕਾਰੀਆਂ ਨੂੰ ਖੁੱਲ੍ਹੇਆਮ ਕਟਹਿਰੇ ਵਿਚ ਖੜ੍ਹਾ ਕਰਦਾ ਰਿਹਾ ਹੈ।

ਜਲਦੀ ਆਮ ਚੋਣਾਂ ਦੀ ਮੰਗ ਕਰਦੇ ਹੋਏ ਇਮਰਾਨ ਫ਼ੌਜ ਅਤੇ ਸ਼ਾਹਬਾਜ਼ ਸ਼ਰੀਫ਼ ਸਰਕਾਰ ਖ਼ਿਲਾਫ਼ ਰੈਲੀਆਂ ਕਰ ਰਹੇ ਸਨ ਜਿਨ੍ਹਾਂ ਨੇ ਇਮਰਾਨ ਦਾ ਸ਼ਾਸਨ ਬਦਲਿਆ ਸੀ। ਜੇ ਸਭ ਕੁਝ ਫ਼ੌਜ ਦੀ ਪਟਕਥਾ ਅਨੁਸਾਰ ਚੱਲਦਾ ਹੈ ਤਾਂ ਇਹ ਸੰਭਾਵਨਾ ਹੈ ਕਿ ਇਮਰਾਨ ਨੂੰ ਉਨ੍ਹਾਂ ਵਿਰੁੱਧ ਦਾਇਰ ਕੀਤੇ ਗਏ ਬਹੁਤ ਸਾਰੇ ਮਾਮਲਿਆਂ 'ਚੋਂ ਇਕ ਜਾਂ ਇਕ ਤੋਂ ਵੱਧ ਕੇਸਾਂ ਵਿਚ ਦੋਸ਼ੀ ਠਹਿਰਾਇਆ ਜਾਵੇਗਾ ਅਤੇ ਅਹੁਦੇ ਲਈ ਚੋਣ ਲੜਨ ਤੋਂ ਅਯੋਗ ਕਰਾਰ ਦਿੱਤਾ ਜਾਵੇਗਾ। ਜਿੰਨਾ ਚਿਰ ਚੋਣਾਂ ਮੁਲਤਵੀ ਹੁੰਦੀਆਂ ਰਹਿੰਦੀਆਂ ਹਨ ਅਤੇ ਜਨਤਾ ਨੂੰ ਚੁੱਪ ਕਰਾਇਆ ਜਾਂਦਾ ਹੈ, ਉਦੋਂ ਤਕ ਲੋਕਾਂ ਅਤੇ ਸਰਕਾਰ ਵਿਚਕਾਰ ਪਾੜਾ ਹੋਰ ਵਧਦਾ ਜਾਵੇਗਾ ਜੋ ਪਹਿਲਾਂ ਹੀ ਲੀਰੋ-ਲੀਰ ਹੋਏ ਪਾਕਿਸਤਾਨ ਅਤੇ ਉੱਥੋਂ ਦੇ ਅਵਾਮ ਲਈ ਬਹੁਤ ਨੁਕਸਾਨਦਾਇਕ ਸਾਬਿਤ ਹੋ ਸਕਦਾ ਹੈ।

## ਪਾਕਿਸਤਾਨ ਦੇ ਘਟਨਾਚੱਕਰ ਤੋਂ ਭਾਰਤ ਨੂੰ ਚੌਕਸੀ ਦੀ ਲੋੜ

ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਗ੍ਰਿਫ਼ਤਾਰੀ ਮਗਰੋਂ ਪਾਕਿਸਤਾਨ 'ਚ ਜਿੰਨੇ ਵੱਡੇ ਪੱਧਰ 'ਤੇ ਹਿੰਸਕ ਗੜਬੜੀਆਂ ਸ਼ੁਰੂ ਹੋ ਗਈਆਂ ਹਨ, ਉਨ੍ਹਾਂ ਤੋਂ ਭਾਰਤ ਨੂੰ ਹਰ ਹਾਲਤ 'ਚ ਸਾਵਧਾਨ ਰਹਿਣਾ ਹੋਵੇਗਾ। ਭਾਰਤ ਸਰਕਾਰ ਤੇ ਉਸ ਦੀਆਂ ਸਾਰੀਆਂ ਖ਼ੁਫ਼ੀਆ ਏਜੰਸੀਆਂ ਨੂੰ ਆਪਣੇ ਗੁਆਂਢੀ ਦੇਸ਼ ਦੇ ਸਿਆਸੀ ਤੇ ਆਮ ਹਾਲਾਤ 'ਤੇ ਚੌਕਸ ਨਜ਼ਰ ਰੱਖਣੀ ਹੋਵੇਗੀ। ਉੱਥੋਂ ਦੀ ਜਨਤਾ ਜਿੰਨੀ ਜਜ਼ਬਾਤੀ ਹੈ, ਉਸ ਦੇ ਉਲਟ ਉੱਥੋਂ ਦੇ ਬਹੁਤੇ ਸਿਆਸੀ ਆਗੂ ਪਾਖੰਡੀ ਤੇ ਸਿਰੇ ਦੇ ਦਿਖਾਵੇਬਾਜ਼ ਹਨ।

ਉਹ ਸ਼ੁਰੂ ਤੋਂ ਹੀ ਕਸ਼ਮੀਰ ਨੂੰ ਮੁੱਖ ਮੁੱਦਾ ਬਣਾ ਕੇ ਆਮ ਲੋਕਾਂ ਨੂੰ ਭੜਕਾਉਂਦੇ ਰਹੇ ਹਨ। ਹੁਣ ਮੌਜੂਦਾ ਸਿਆਸੀ ਤੇ ਕਾਨੂੰਨ-ਵਿਵਸਥਾ ਦੇ ਸੰਕਟ ਦੌਰਾਨ ਉਹ ਆਪਣੇ ਸੌੜੇ ਸਿਆਸੀ ਮੁਫ਼ਾਦਾਂ ਲਈ ਕਿਸੇ ਵੀ ਹੱਦ ਤਕ ਜਾ ਸਕਦੇ ਹਨ। ਇਸੇ ਲਈ ਭਾਰਤ ਨੂੰ ਜ਼ਰੂਰ ਇਸ ਮਾਮਲੇ 'ਚ ਚੌਕਸ ਰਹਿਣਾ ਹੋਵੇਗਾ।

ਪਾਕਿਸਤਾਨ 'ਚ ਹਾਲਾਤ ਹਰ ਛਿਣ ਬੇਕਾਬੂ ਹੁੰਦੇ ਜਾ ਰਹੇ ਹਨ। ਪੁਲਿਸ ਨੇ ਇਮਰਾਨ ਦੇ ਹਜ਼ਾਰਾਂ ਹਮਾਇਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਕਈ ਮੌਤਾਂ ਵੀ ਹੋ ਗਈਆਂ ਹਨ। ਇਸ ਗਿ ?ਰਫ਼ਤਾਰੀ ਦੀ ਬੁਨਿਆਦ ਤਾਂ ਸਾਲ 2018 ਤੋਂ ਲੈ ਕੇ ਸੰਨ 2022 ਤਕ ਦੇ ਇਮਰਾਨ ਦੇ ਆਪਣੇ ਪ੍ਰਧਾਨ ਮੰਤਰੀ ਦੇ ਕਾਰਜਕਾਲ ਦੌਰਾਨ ਹੀ ਰੱਖੀ ਗਈ ਸੀ। ਦਰਅਸਲ, ਤਦ ਪਾਕਿਸਤਾਨ ਦੇ ਆਰਥਿਕ ਸੰਕਟ ਕਾਰਨ ਸਾਬਕਾ ਕਿ ?ਰਕਟ ਸਟਾਰ ਤੇ ਪੀਐੱਮ ਇਮਰਾਨ ਖ਼ਾਨ ਦੇ ਸਬੰਧ ਆਪਣੇ ਦੇਸ਼ ਦੀ ਫ਼ੌਜ ਨਾਲ ਵਿਗੜ ਗਏ ਸਨ। ਬੁੱਧਵਾਰ ਨੂੰ 70 ਸਾਲਾ ਇਮਰਾਨ ਖ਼ਾਨ 'ਤੇ ਅਦਾਲਤ 'ਚ ਦੋਸ਼ ਲਾਏ ਗਏ ਕਿ ਉਨ੍ਹਾਂ ਨੇ ਆਪਣੇ ਪ੍ਰਧਾਨ ਮੰਤਰੀ ਦੇ ਕਾਰਜਕਾਲ ਦੌਰਾਨ ਸਰਕਾਰੀ ਤੋਹਫ਼ਿਆਂ ਨੂੰ ਗ਼ੈਰ-ਕਾਨੂੰਨੀ ਢੰਗ



ਨਾਲ ਵੇਚ ਦਿੱਤਾ ਸੀ। ਉਨ੍ਹਾਂ 'ਤੇ ਅਜਿਹੇ ਦੋਸ਼ ਕਾਨੂੰਨੀ ਆਧਾਰ 'ਤੇ ਪਹਿਲੀ ਵਾਰ ਲੱਗੇ ਹਨ। ਮੰਗਲਵਾਰ ਨੂੰ ਉਨ੍ਹਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਇਕ ਵੱਖਰੇ ਮਾਮਲੇ 'ਚ ਨਵਾਂ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ ਜੋ ਇਸਲਾਮਾਬਾਦ ਲਾਗੇ ਸਥਿਤ ਅਲ-ਕਾਦਿਰ ਯੂਨੀਵਰਸਿਟੀ ਦੀ ਜ਼ਮੀਨ ਕਥਿਤ ਤੌਰ 'ਤੇ ਟਰਾਂਸਫਰ ਕਰਨ ਨਾਲ ਸਬੰਧਤ ਹੈ। ਅਦਾਲਤ ਨੇ ਇਮਰਾਨ ਨੂੰ ਅੱਠ ਦਿਨਾਂ ਦੇ ਰਿਮਾਂਡ 'ਤੇ ਭੇਜ ਦਿੱਤਾ ਹੈ। 'ਪਾਕਿਸਤਾਨ ਤਹਿਰੀਕ-ਏ-ਇਨਸਾਫ਼' (ਪੀਟੀਆਈ) ਪਾਰਟੀ ਦੇ ਅਹੁਦੇਦਾਰਾਂ ਦਾ ਦੋਸ਼ ਹੈ ਕਿ ਉਨ੍ਹਾਂ ਦੇ ਮੁਖੀ ਇਮਰਾਨ ਖ਼ਾਨ ਨੂੰ ਆਪਣੇ ਵਕੀਲ ਨਾਲ ਵੀ ਮਿਲਣ ਨਹੀਂ ਦਿੱਤਾ ਜਾ ਰਿਹਾ ਜਦਕਿ ਉਹ ਉਨ੍ਹਾਂ ਦਾ ਕਾਨੂੰਨੀ ਅਧਿਕਾਰ ਹੈ। ਓਧਰ ਸਾਬਕਾ ਵਿਦੇਸ਼ ਮੰਤਰੀ ਤੇ ਇਮਰਾਨ ਦੇ ਬਹੁਤ ਨੇੜੇ ਸਮਝੇ ਜਾਂਦੇ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਵੀ ਹਿਰਾਸਤ 'ਚ ਲੈ ਲਿਆ ਗਿਆ ਹੈ। ਉਨ੍ਹਾਂ ਦੇ ਨਾਲ ਹੀ ਪੀਟੀਆਈ ਦੇ ਸੀਨੀਅਰ ਆਗੂ ਫ਼ਵਾਦ ਚੌਧਰੀ ਨੂੰ ਵੀ ਗਿ ?ਰਫ਼ਤਾਰ ਕਰ ਲਿਆ ਗਿਆ ਹੈ।

ਪਾਕਿਸਤਾਨ ਦੇ ਸਰਕਾਰੀ ਮੀਡੀਆ ਦਾ ਕਹਿਣਾ ਹੈ ਕਿ ਦੇਸ਼ ਦੀ ਕਾਨੂੰਨ ਤੇ ਵਿਵਸਥਾ ਦੀ ਹਾਲਤ ਨੂੰ ਕਾਇਮ ਰੱਖਣ ਲਈ ਇਹ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ। ਅਜਿਹੀਆਂ ਸਾਰੀਆਂ ਘਟਨਾਵਾਂ ਕਾਰਨ ਭਾਰਤ ਦੀ ਚਿੰਤਾ ਵਧਣੀ ਸੁਭਾਵਕ ਹੈ। ਉੱਥੋਂ ਦੇ ਕੁਝ ਸ਼ਰਾਰਤੀ ਅਨਸਰ ਅਜਿਹੇ ਹਾਲਾਤ ਦੌਰਾਨ ਭਾਰਤ ਨਾਲ ਲੱਗਦੀ ਸਰਹੱਦ 'ਤੇ ਕੋਈ ਵੀ ਭੜਕਾਊ ਕਾਰਵਾਈ ਕਰ ਸਕਦੇ ਹਨ। ਬਲ਼ਦੀ 'ਤੇ ਤੇਲ ਪਾਉਣ ਲਈ ਵੀ ਅਜਿਹੀਆਂ ਹਿੰਸਕ ਵਾਰਦਾਤਾਂ ਪਿੱਛੋਂ ਕੋਈ ਸ਼ਰਾਰਤ ਹੋ ਸਕਦੀ ਹੈ। ਇਸ ਦੇ ਨਾਲ ਹੀ ਉੱਥੇ ਵਸਦੇ ਘੱਟ-ਗਿਣਤੀ ਭਾਈਚਾਰਿਆਂ ਨਾਲ ਸਬੰਧਤ ਲੋਕਾਂ ਨੂੰ ਵੀ ਵੱਡਾ ਖ਼ਤਰਾ ਪੈਦਾ ਹੋ ਸਕਦਾ ਹੈ। ਭਾਰਤ ਦੇ ਕੁਝ ਕੂਟਨੀਤਕ ਅਧਿਕਾਰੀ ਵੀ ਉੱਥੇ ਮੌਜੂਦ ਹੋ ਸਕਦੇ ਹਨ। ਪਾਕਿਸਤਾਨ ਉਂਜ ਵੀ ਬਾਰੂਦ ਦੇ ਢੇਰ 'ਤੇ ਬੈਠਾ ਮੰਨਿਆ ਜਾਂਦਾ ਹੈ। ਇਸੇ ਲਈ ਹੁਣ ਫੂਕ-ਫੂਕ ਕੇ ਕਦਮ ਰੱਖਣ ਦੀ ਜ਼ਰੂਰਤ ਹੈ।



# Kings Sports Club Sacramento

# 8th World ਕਬੱਡੀ ਕੱਪ




KINGS SPORTS CULTURE CLUB of SACRAMENTO

EST. 2010

KINGS OF KABADDI

ਸਮੂਹ ਸੰਗਤ ਨੂੰ
27 ਮਈ 2023 ਦਿਨ ਸ਼ਨੀਵਾਰ
ਨੂੰ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ
ਸੈਕਰਾਮੈਂਟੋ ਵਿਖੇ 8th World ਕਬੱਡੀ ਕੱਪ
ਦੇਖਣ ਲਈ ਪਹੁੰਚਣ ਦੀ ਬੇਨਤੀ

8th World Kabbddi Cup - Saturday May 27th 2023

**Kings sports Club-Sacramento**

Gurdwara Dashmesh Darbar Sahib

7733 ELK Grove Florin Rd. Sacramento 95829

ਗੁਰੂ ਘਰ ਦੀ ਗਰਾਊਂਡ ਵਿਚ ਹਥਿਆਰ ਲੈ ਕੇ ਆਉਣਾ, ਕਿਸੇ ਵੀ ਕਿਸਮ ਦਾ ਨਸ਼ਾ ਕਰਕੇ ਜਾਂ ਲੈ ਕੇ ਆਉਣ ਦੀ ਸਖ਼ਤ ਮਨਾਹੀ ਹੈ।

ਬੀਬੀਆਂ ਅਤੇ ਪਰਿਵਾਰ ਦੇ ਬੈਠਣ ਲਈ ਖਾਸ ਪ੍ਰਬੰਧ ਕੀਤਾ ਗਿਆ।

• ਗੁਰੂ ਕੇ ਲੰਗਰ ਅਤੁੱਟ ਵਰਤਣਗੇ। • ਸਕਿਊਰਿਟੀ ਦਾ ਖਾਸ ਪ੍ਰਬੰਧ ਹੈ।

## ਇਸ ਵਾਰ ਕਬੱਡੀ ਦੀ ਗਰਾਊਂਡ ਦੇ ਵਿਚ ਸ਼ਾਨਦਾਰ ਘਾਹ ਲੱਗੇ ਹੋਏ ਹਨ



www.youtube.com/LIVEKABADDI

LIVE KABADDI

www.facebook.com/LIVEKABADDI

CHANNEL 422 CHANNEL 136 CHANNEL 323

Google play App Store

# ਪ੍ਰੈਕਟੀਕਲ 'ਤੇ ਜ਼ੋਰ ਦਿੰਦੀ ਹੈ ਨਵੀਂ ਸਿੱਖਿਆ ਨੀਤੀ: ਮੋਦੀ

## ਦੋ ਰੋਜ਼ਾ ਸਿੱਖਿਆ ਕਾਨਫਰੰਸ ਵਿੱਚ ਸ਼ਾਮਲ ਹੋਏ ਦੇਸ਼ ਭਰ ਤੋਂ ਅਧਿਆਪਕ



ਗਾਂਧੀਨਗਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪਹਿਲਾਂ ਵਿਦਿਆਰਥੀ 'ਕਿਤਾਬੀ ਗਿਆਨ' ਹਾਸਲ ਕਰਦੇ ਸਨ ਪਰ ਨਵੀਂ ਕੌਮੀ ਸਿੱਖਿਆ ਨੀਤੀ ਇਸ ਵਿੱਚ ਬਦਲਾਅ ਲਿਆਏਗੀ। ਮੋਦੀ, ਆਲ ਇੰਡੀਆ ਪ੍ਰਾਇਮਰੀ ਟੀਚਰਜ਼ ਫੈਡਰੇਸ਼ਨ ਵੱਲੋਂ ਕਰਵਾਈ ਗਈ 29ਵੀਂ ਦੋ ਰੋਜ਼ਾ ਸਿੱਖਿਆ ਕਾਨਫਰੰਸ ਵਿੱਚ ਦੇਸ਼ ਭਰ ਤੋਂ ਸ਼ਾਮਲ ਹੋਏ ਅਧਿਆਪਕਾਂ ਨੂੰ ਸੰਬੋਧਨ ਕਰ ਰਹੇ ਸਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਗੂਗਲ ਮਹਿਜ਼ ਅੰਕੜੇ ਤੇ ਸੂਚਨਾ ਦੇ ਸਕਦਾ ਹੈ ਪਰ ਅਧਿਆਪਕਾਂ ਦੀ ਭੂਮਿਕਾ ਵਿਦਿਆਰਥੀਆਂ ਦੇ ਸਲਾਹਕਾਰ ਬਣਨ ਦੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ,'ਪਹਿਲਾਂ ਅਸੀਂ ਵਿਦਿਆਰਥੀਆਂ ਨੂੰ 'ਕਿਤਾਬੀ ਗਿਆਨ' ਮੁਹੱਈਆ ਕਰਵਾਉਂਦੇ ਸੀ ਪਰ ਇਹ ਪਿਰਤ ਨਵੀਂ ਸਿੱਖਿਆ ਨੀਤੀ ਮਗਰੋਂ ਬਦਲ ਗਈ ਹੈ।' ਉਨ੍ਹਾਂ ਕਿਹਾ ਕਿ ਨਵੀਂ ਸਿੱਖਿਆ ਨੀਤੀ ਪ੍ਰੈਕਟੀਕਲ ਤੌਰ 'ਤੇ ਸਿੱਖਣ 'ਤੇ ਜ਼ੋਰ ਦਿੰਦੀ ਹੈ ਅਤੇ ਅਧਿਆਪਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਪ੍ਰਣਾਲੀ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ। ਮੋਦੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਬੱਚਿਆਂ ਦੀ ਪ੍ਰਾਇਮਰੀ ਸਿੱਖਿਆ ਮਾਤ ਭਾਸ਼ਾ ਵਿੱਚ ਹੋਣੀ ਚਾਹੀਦੀ ਹੈ। ਇਸ ਸਬੰਧੀ ਨਵੀਂ ਸਿੱਖਿਆ ਨੀਤੀ ਵਿੱਚ ਮੱਦਾਂ ਦਰਜ ਹਨ।

# ਮੁਫ਼ਤ 'ਰਿਓੜੀਆਂ' ਕਾਰਨ ਅਮਰੀਕਾ, ਚੀਨ ਤੇ ਜਾਪਾਨ ਵਿੱਤੀ ਸੰਕਟ 'ਚ ਘਿਰੇ: ਨੱਢਾ

## ਭਾਜਪਾ ਪ੍ਰਧਾਨ ਨੇ ਮਹਾਰਾਸ਼ਟਰ ਦੀ ਪਿਛਲੀ ਐੱਮਵੀਏ ਸਰਕਾਰ 'ਤੇ 'ਪੂਰੀ ਤਰ੍ਹਾਂ ਭ੍ਰਿਸ਼ਟ' ਹੋਣ ਦਾ ਦੋਸ਼ ਲਾਇਆ



ਮੁੰਬਈ : ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਨੇ ਦਾਅਵਾ ਕੀਤਾ ਕਿ ਅਮਰੀਕਾ, ਚੀਨ ਤੇ ਜਾਪਾਨ ਹੁਣ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ ਕਿਉਂਕਿ ਇਨ੍ਹਾਂ ਦੇਸ਼ਾਂ ਨੇ ਕਰੋਨਾ ਮਹਾਮਾਰੀ ਦੌਰਾਨ ਮੁਫ਼ਤ ਦੀਆਂ 'ਰਿਓੜੀਆਂ' ਵੰਡਣ ਉੱਤੇ ਪੈਸਾ ਖ਼ਰਚ ਕੀਤਾ ਸੀ, ਜਦਕਿ ਭਾਰਤ ਸਰਕਾਰ ਉਸ ਸਮੇਂ ਬੁਨਿਆਦੀ ਢਾਂਚੇ, ਖੇਤੀ ਅਤੇ ਹੋਰ ਖੇਤਰਾਂ ਨੂੰ ਉਤਸ਼ਾਹਿਤ ਕਰਨ ਲਈ 20 ਲੱਖ ਕਰੋੜ ਰੁਪਏ ਦਾ ਪੈਕੇਜ ਲੈ ਕੇ ਆਈ। ਨੱਢਾ ਇੱਥੇ ਭਾਜਪਾ ਵੱਲੋਂ ਕਰਵਾਏ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਇਸ ਵਿੱਚ ਵੱਖ-ਵੱਖ ਸਰਕਾਰੀ ਯੋਜਨਾਵਾਂ ਦੇ ਲਾਭਪਾਤਰੀਆਂ ਨੇ ਹਿੱਸਾ ਲਿਆ। ਉਨ੍ਹਾਂ ਕਿਹਾ, "ਅਮਰੀਕਾ, ਚੀਨ ਤੇ ਜਾਪਾਨ ਵਰਗੇ ਦੇਸ਼ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ ਕਿਉਂਕਿ ਇਨ੍ਹਾਂ ਦੇਸ਼ਾਂ ਨੇ ਕਰੋਨਾ ਮਹਾਮਾਰੀ ਦੌਰਾਨ ਮੁਫ਼ਤ ਦੀਆਂ ਰਿਓੜੀਆਂ 'ਤੇ ਖ਼ਰਚ ਕੀਤਾ। ਸਾਡਾ ਦੇਸ਼ ਖੇਤੀ, ਬੁਨਿਆਦੀ ਢਾਂਚੇ ਅਤੇ ਇਸੇ ਤਰ੍ਹਾਂ ਦੇ ਹੋਰ ਖੇਤਰਾਂ 'ਤੇ ਖਰਚ ਕਰਨ ਦੇ ਉਦੇਸ਼ ਨਾਲ 20 ਲੱਖ ਕਰੋੜ ਰੁਪਏ ਦਾ ਪੈਕੇਜ ਲੈ ਕੇ ਆਇਆ।"

ਨੱਢਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਰਗਾ ਚੰਗਾ ਨੇਤਾ ਹੋਣ ਕਾਰਨ ਮਦਦ ਮਿਲਦੀ ਹੈ। ਮਹਾਰਾਸ਼ਟਰ ਦੀ ਪਿਛਲੀ ਮਹਾ ਵਿਕਾਸ ਅਗਾੜੀ (ਐੱਮਵੀਏ) ਸਰਕਾਰ ਨੂੰ 'ਪੂਰੀ ਤਰ੍ਹਾਂ ਭ੍ਰਿਸ਼ਟ' ਕਰਾਰ ਦਿੰਦਿਆਂ ਭਾਜਪਾ ਪ੍ਰਧਾਨ ਨੇ ਦੋਸ਼ ਲਾਇਆ ਕਿ ਊਧਵ ਠਾਕਰੇ ਦੀ ਅਗਵਾਈ ਵਾਲੀ ਸਰਕਾਰ ਨੇ ਸਾਰੇ ਚੰਗੇ ਕੰਮਾਂ ਵਿੱਚ ਰੋੜਾ ਅਟਕਾ ਕੇ ਰੱਖਿਆ ਸੀ।

ਭਾਜਪਾ ਇਸ ਸਮੇਂ ਮਹਾਰਾਸ਼ਟਰ ਵਿੱਚ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਸਰਕਾਰ ਵਿੱਚ ਭਾਈਵਾਲ ਹੈ। ਇਸ ਭਗਵਾ ਪਾਰਟੀ ਦੇ ਕੌਮੀ ਪ੍ਰਧਾਨ ਨੇ ਕਿਹਾ, "ਪਰ ਹੁਣ ਏਕਨਾਥ ਸ਼ਿੰਦੇ-ਦੇਵੇਂਦਰ ਫੜਨਵੀਸ ਸਰਕਾਰ ਲੋਕਾਂ ਦੇ ਮੁੱਦਿਆਂ ਦਾ ਹੱਲ ਕਰੇਗੀ।"

# ਭਰਤੀ ਪ੍ਰਣਾਲੀ 'ਚ ਬਦਲਾਅ ਨਾਲ ਭ੍ਰਿਸ਼ਟਾਚਾਰ ਤੇ ਭਾਈ-ਭਤੀਜਾਵਾਦ ਖ਼ਤਮ ਹੋਇਆ : ਮੋਦੀ

## *ਪ੍ਰਧਾਨ ਮੰਤਰੀ ਨੇ ਰੁਜ਼ਗਾਰ ਮੇਲੇ ਅਧੀਨ 71 ਹਜ਼ਾਰ ਨਵ-ਨਿਯੁਕਤ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ*

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੁਜ਼ਗਾਰ ਮੇਲੇ 'ਚ 71,000 ਲੋਕਾਂ ਨੂੰ ਨਿਯੁਕਤੀ ਪੱਤਰ ਵੰਡਦਿਆਂ ਸਰਕਾਰ ਵਲੋਂ ਚੁੱਕੇ ਕਦਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਿਛਲੇ 9 ਸਾਲ 'ਚ ਸਰਕਾਰੀ ਭਰਤੀ ਅਮਲ ਨੂੰ ਜ਼ਿਆਦਾ ਤੇਜ਼, ਪਾਰਦਰਸ਼ੀ ਅਤੇ ਨਿਰਪੱਖ ਬਣਾਉਣ ਨੂੰ ਤਰਜੀਹ ਦਿੱਤੀ ਹੈ, ਜਿਸ ਕਾਰਨ ਭ੍ਰਿਸ਼ਟਾਚਾਰ ਅਤੇ ਭਾਈ-ਭਤੀਜਾਵਾਦ ਖ਼ਤਮ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਰਚੂਅਲ ਤੌਰ 'ਤੇ ਸ਼ਾਮਿਲ ਹੋ ਕੇ ਲੋਕਾਂ ਨੂੰ ਨਿਯੁਕਤੀ ਪੱਤਰ ਦਿੱਤੇ। ਇਹ ਮੇਲਾ ਦੇਸ਼ ਭਰ 'ਚ 45 ਥਾਵਾਂ 'ਤੇ ਲਾਇਆ ਗਿਆ। ਉਨ੍ਹਾਂ ਸਰਕਾਰ ਵਲੋਂ ਚੁੱਕੇ ਕਦਮਾਂ ਦਾ ਬਿਓਰਾ ਦਿੰਦਿਆਂ ਕਿਹਾ ਕਿ ਹੁਣ ਦਰਖਾਸਤ ਭਰਨ ਤੋਂ ਲੈ ਕੇ ਨਤੀਜੇ ਆਉਣ ਤੱਕ ਪੂਰਾ ਅਮਲ ਆਨਲਾਈਨ ਹੋ ਗਿਆ ਹੈ। ਹੁਣ ਦਸਤਾਵੇਜ਼ਾਂ ਨੂੰ ਸੈਲਫ ਅਟੈਸਟ ਕਰਨਾ ਕਾਫ਼ੀ ਅਤੇ ਗਰੁੱਪ ਸੀ ਅਤੇ ਗਰੁੱਪ ਡੀ ਦੇ ਅਹੁਦਿਆਂ ਦੀ ਭਰਤੀ ਲਈ ਇੰਟਰਵਿਊ ਵੀ ਖ਼ਤਮ ਕਰ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ 9 ਸਾਲ ਪਹਿਲਾਂ 2014 'ਚ 16 ਮਈ ਨੂੰ ਲੋਕ ਸਭਾ ਚੋਣਾਂ ਦੇ ਨਤੀਜੇ ਆਏ ਸਨ ਅਤੇ ਭਾਜਪਾ ਸਰਕਾਰ ਸੱਤਾ 'ਚ ਆਈ ਸੀ। ਪ੍ਰਧਾਨ ਮੰਤਰੀ ਨੇ ਇਸ ਦਿਨ ਦਾ ਉਚੇਚੇ ਤੌਰ 'ਤੇ ਜ਼ਿਕਰ ਕਰਦਿਆਂ ਕਿਹਾ ਕਿ 'ਸਬ ਕਾ ਸਾਥ, ਸਬ ਕਾ ਵਿਕਾਸ' ਦੇ ਮੰਤਰ ਨਾਲ ਕਦਮ ਵਧਾਉਣ ਵਾਲਾ ਭਾਰਤ ਅੱਜ ਵਿਕਸਿਤ ਭਾਰਤ ਬਣਨ ਦੀ ਕੋਸ਼ਿਸ਼ 'ਚ ਹੈ। ਉਨ੍ਹਾਂ ਕਿਹਾ ਕਿ ਜਿਸ ਗਤੀ ਅਤੇ ਪੱਧਰ 'ਤੇ ਅੱਜ ਭਾਰਤ ਕੰਮ ਕਰ ਰਿਹਾ ਹੈ, ਇਹ ਵੀ ਆਜ਼ਾਦੀ ਦੇ 75 ਸਾਲ ਦੇ ਇਤਿਹਾਸ 'ਚ ਅਨੋਖਾ ਹੈ। ਮੋਦੀ ਨੇ ਬਦਲੇ ਹਾਲਾਤਾਂ 'ਚ ਨੌਕਰੀ ਅਤੇ ਕੰਮ ਦੇ ਤਰੀਕਿਆਂ 'ਚ ਆਏ ਬਦਲਾਅ ਦਾ ਜ਼ਿਕਰ ਕਰਦਿਆਂ ਕਿਹਾ ਕਿ 2014 ਤੋਂ ਦੇਸ਼ ਨੇ ਸਟਾਰਟ ਅੱਪ ਕਲਚਰ ਦੀ ਕ੍ਰਾਂਤੀ ਵੇਖੀ ਹੈ। 9 ਸਾਲ ਪਹਿਲਾਂ ਦੇਸ਼ 'ਚ 100 ਸਟਾਰਟ ਅੱਪ ਸਨ, ਜਿਨ੍ਹਾਂ ਦੀ ਗਿਣਤੀ ਹੁਣ ਵੱਧ ਕੇ ਇਕ ਲੱਖ ਹੋ ਗਈ ਹੈ। ਉਨ੍ਹਾਂ ਇਸ ਖੇਤਰ 'ਚ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਰਾਹੀਂ ਵਿੱਤੀ ਅਤੇ ਉਸਾਰੂ ਸਮਰਥਨ ਦੇਣ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ 9 ਸਾਲ 'ਚ ਮੁਦਰਾ ਯੋਜਨਾ ਤਹਿਤ 23 ਲੱਖ ਕਰੋੜ ਰੁਪਏ ਵੰਡੇ ਜਾ ਚੁੱਕੇ ਹਨ, ਨਾਲ ਹੀ ਇਸ ਦੌਰਾਨ ਗ਼ਰੀਬਾਂ ਲਈ ਬਣਵਾਏ 4 ਕਰੋੜ ਪੱਕੇ ਘਰਾਂ ਨੇ ਵੀ ਰੁਜ਼ਗਾਰ ਦੇ ਨਵੇਂ ਮੌਕੇ ਉਸਾਰੇ।



# ਸੰਵਿਧਾਨ ਤਹਿਤ ਆਰਜ਼ੀ ਪ੍ਰਬੰਧ ਸੀ ਧਾਰਾ 370 : ਸ਼ਾਹ

## *ਅਯੋਗ ਵਿਧਾਨਕ ਖਰੜੇ ਨਾਲ ਜਮਹੂਰੀਅਤ ਕਮਜ਼ੋਰ ਤੇ ਨਿਆਂਪਾਲਿਕਾ ਦਾ ਕੰਮਕਾਜ ਪ੍ਰਭਾਵਿਤ ਹੋਣ ਦਾ ਦਾਅਵਾ*

ਨਵੀਂ ਦਿੱਲੀ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਕਿਹਾ ਕਿ ਧਾਰਾ 370 (ਹੁਣ ਮਨਸੂਖ), ਜਿਸ ਤਹਿਤ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਹਾਸਲ ਸੀ, ਸ਼ੁਰੂਆਤ ਤੋਂ ਹੀ 'ਅਸਥਾਈ' ਪ੍ਰਬੰਧ ਸੀ ਅਤੇ ਸੰਵਿਧਾਨ ਘਾੜਿਆਂ ਨੇ ਬੜੀ 'ਅਕਲਮੰਦੀ' ਨਾਲ ਇਸ ਨੂੰ ਉਥੇ ਰੱਖਿਆ ਸੀ। ਉਨ੍ਹਾਂ ਕਿਹਾ ਕਿ ਅਯੋਗ ਵਿਧਾਨਕ ਖਰੜਾ ਪ੍ਰਣਾਲੀ ਨਾ ਸਿਰਫ਼ ਕਾਨੂੰਨ ਅਤੇ ਜਮਹੂਰੀਅਤ ਨੂੰ ਕਮਜ਼ੋਰ ਕਰ ਸਕਦੀ ਹੈ ਬਲਕਿ ਨਿਆਂਪਾਲਿਕਾ ਦੇ ਕੰਮਕਾਜ ਨੂੰ ਵੀ ਅਸਰਅੰਦਾਜ਼ ਕਰਦੀ ਹੈ। ਵਿਧਾਨਿਕ ਖਰੜੇ ਬਾਰੇ ਸਿਖਲਾਈ ਪ੍ਰੋਗਰਾਮ ਦਾ ਉਦਘਾਟਨ ਕਰਦਿਆਂ ਸ਼ਾਹ ਨੇ ਕਿਹਾ ਕਿ ਜੇਕਰ ਕਿਸੇ ਵਿਧਾਨ ਦਾ ਖਰੜਾ ਸਹੀ ਤਰੀਕੇ ਨਾਲ ਤਿਆਰ ਕੀਤਾ ਜਾਵੇ ਤਾਂ 'ਫਿਰ ਕੋਰਟ ਨੂੰ ਕਿਸੇ ਵੀ ਕਾਨੂੰਨ ਬਾਰੇ ਸਫ਼ਾਈ ਦੇਣ ਦੀ ਲੋੜ ਨਹੀਂ ਹੈ।' ਸ਼ਾਹ ਨੇ ਕਿਹਾ ਕਿ ਜੇਕਰ ਖਰੜਾ ਸਿੱਧਾ ਤੇ ਸਪਸ਼ਟ ਹੋਵੇ, ਤਾਂ ਲੋਕਾਂ ਨੂੰ ਇਸ ਬਾਰੇ ਸਿੱਖਿਅਤ ਕਰਨਾ ਸੁਖਾਲਾ ਹੋ ਜਾਂਦਾ ਹੈ, ਕਾਰਜਕਾਰਨੀ ਵੱਲੋਂ ਗ਼ਲਤੀ ਕਰਨ ਦੇ ਮੌਕੇ ਵੀ ਘੱਟ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਖਰੜਾ ਤਿਆਰ ਕਰਨ ਮੌਕੇ ਕਿਤੇ ਕੋਈ 'ਖਾਮੀ' ਰਹਿ ਜਾਵੇ ਤਾਂ ਵਿਆਖਿਆ ਮੌਕੇ ਇਹ ਨਾਜਾਇਜ਼ ਫਾਇਦਾ ਚੁੱਕਣ ਦਾ ਸਬੱਬ ਬਣੇਗਾ।

ਸ੍ਰੀ ਸ਼ਾਹ ਨੇ ਕਿਹਾ ਕਿ ਖਰੜਾ ਤਿਆਰ ਕਰਨ ਦਾ ਅਮਲ ਜੇਕਰ ਮੁਕੰਮਲ ਤੇ ਸਪਸ਼ਟ ਹੈ ਤਾਂ ਇਸ ਦੀ ਵਿਆਖਿਆ ਵੀ ਸਪਸ਼ਟ ਹੋਵੇ। ਕੇਂਦਰੀ ਗ੍ਰਹਿ ਮੰਤਰੀ ਨੇ ਧਾਰਾ 370, ਜਿਸ ਨੂੰ ਕੇਂਦਰ ਦੀ ਭਾਜਪਾ ਸਰਕਾਰ ਨੇ ਹੀ 2019 ਵਿਚ ਮਨਸੂਖ ਕੀਤਾ ਸੀ, ਦੇ ਹਵਾਲੇ ਨਾਲ ਕਿਹਾ ਕਿ ਪੂਰਾ ਦੇਸ਼ ਸੰਵਿਧਾਨ ਵਿਚਲੀ ਇਸ ਵਿਵਸਥਾ ਨੂੰ ਮਨਸੂਖ ਕਰਨਾ ਚਾਹੁੰਦਾ ਸੀ। ਉਨ੍ਹਾਂ ਕਿਹਾ ਕਿ ਜਦੋਂ ਇਹ ਧਾਰਾ ਘੜੀ ਗਈ, ਉਦੋਂ ਕ੍ਰਮਸੂਚੀ ਵਿੱਚ ਇਸ ਦਾ 'ਧਾਰਾ 370 ਦੀ ਅਸਥਾਈ ਵਿਵਸਥਾ' ਵਜੋਂ ਜ਼ਿਕਰ ਸੀ। ਸ਼ਾਹ ਨੇ ਕਿਹਾ ਕਿ ਇਸ ਧਾਰਾ ਨੂੰ ਲੈ ਕੇ ਜਿਹੜੀ ਬਹਿਸ ਹੋਈ, ਉਹ ਵੀ ਅਸੈਂਬਲੀ ਡਿਬੇਟਾਂ ਦੇ ਸਬੰਧਤ ਰਿਕਾਰਡ 'ਚੋਂ ਗਾਇਬ ਹੈ। ਉਨ੍ਹਾਂ ਕਿਹਾ ਕਿ ਇਹ ਰਿਕਾਰਡ ਛਾਪਿਆ ਹੀ ਨਹੀਂ ਗਿਆ।

ਸ਼ਾਹ ਨੇ ਕਿਹਾ, "ਸੰਵਿਧਾਨ ਦੀ ਧਾਰਾ ਅਸਥਾਈ ਹੋ ਸਕਦੀ ਹੈ, ਇਸ ਨੂੰ ਸੋਧਿਆ ਜਾ ਸਕਦਾ ਹੈ। ਤੁਸੀਂ ਜੇਕਰ ਪੁਰਾਣੇ ਸੰਵਿਧਾਨ ਨੂੰ ਅੱਜ ਵੀ ਪੜ੍ਹੋ- ਇਸ ਵਿੱਚ ਸਾਫ਼ ਸ਼ਬਦਾਂ 'ਚ ਲਿਖਿਆ ਹੈ ਧਾਰਾ 370 ਆਰਜ਼ੀ ਪ੍ਰਬੰਧ ਹੈ।" ਗ੍ਰਹਿ ਮੰਤਰੀ ਨੇ ਕਿਹਾ ਕਿ 'ਵਿਧਾਨ 'ਚੋਂ ਕੈਬਨਿਟ ਜਾਂ ਸੰਸਦ ਦੀ ਸਿਆਸੀ ਇੱਛਾਸ਼ਕਤੀ ਝਲਕਣੀ ਚਾਹੀਦੀ ਹੈ।' ਉਨ੍ਹਾਂ ਕਿਹਾ, "ਜੇਕਰ ਕੋਈ ਕਾਨੂੰਨ ਸਰਲ ਤੇ ਸਪਸ਼ਟ ਹੈ ਤਾਂ ਇਹ ਗੈਰਵਿਵਾਦਤ ਬਣ ਜਾਂਦਾ ਹੈ। ਇਹ ਇਸ ਤਰੀਕੇ ਘੜਿਆ ਜਾਣਾ ਚਾਹੀਦਾ ਹੈ ਕਿ ਕੋਰਟ ਨੂੰ ਕਿਸੇ ਸਫ਼ਾਈ ਦੀ ਲੋੜ ਨਾ ਪਏ। ਅਤੇ ਜਦੋਂ ਅਜਿਹਾ ਹੁੰਦਾ ਹੈ ਤਾਂ ਇਹ ਤੁਹਾਡੇ ਲਈ ਤਗਮੇ ਵਾਂਗ ਹੈ। ਸਾਡਾ ਨਿਸ਼ਾਨਾ ਕਾਨੂੰਨ ਦਾ ਅਜਿਹਾ ਖਰੜਾ ਤਿਆਰ ਕਰਨਾ ਸੀ, ਜੋ ਸਾਫ਼ ਤੇ ਸਪਸ਼ਟ ਹੋਵੇ।" ਗ੍ਰਹਿ ਮੰਤਰੀ ਨੇ ਕਿਹਾ ਕਿ ਭਾਜਪਾ ਸਰਕਾਰ ਨੇ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕਾਨੂੰਨਾਂ ਵਿੱਚ ਬਹੁਤ ਸਾਰੇ ਫੇਰਬਦਲ ਕੀਤੇ ਹਨ। ਉਨ੍ਹਾਂ ਕਿਹਾ, "ਅਸੀਂ ਵੇਲਾ ਵਿਹਾਅ ਚੁੱਕੇ 2000 ਦੇ ਕਰੀਬ ਕਾਨੂੰਨ ਰੱਦ ਕੀਤੇ ਹਨ। ਅਸੀਂ ਨਵੇਂ ਕਾਨੂੰਨ ਘੜਨ ਵਿੱਚ ਹੀ ਕੋਈ ਸੰਕੋਚ ਨਹੀਂ ਕੀਤਾ।"






# ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਖਾਲਸਾ ਦਰਬਾਰ

6700 Stine Rd, Bakersfield, CA 93313

Ph. : 661 220 6893



ਸ਼ਹੀਦ ਮਨਵੀਰ ਸਿੰਘ ਚਹੇੜੂ | ਸ਼ਹੀਦ ਜਨਰਲ ਲਾਭ ਸਿੰਘ | ਸ਼ਹੀਦ ਕਮਲਜੀਤ ਸਿੰਘ ਸੁਲਤਾਨਵਿੰਡ | ਸ਼ਹੀਦ ਹਰਮਿੰਦਰ ਸਿੰਘ ਸੁਲਤਾਨਵਿੰਡ

ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ

ਮੁਖੀ ਖਾਲਿਸਤਾਨ ਕਮਾਂਡੋ ਫੋਰਸ

ਕੌਮ ਦੇ ਮਹਾਨ ਜਰਨੈਲ ਜਿਨ੍ਹਾਂ ਦੇ ਪ੍ਰਵਾਰ ਦੇ ਕਈ ਜੀਅ ਸਰਕਾਰ ਨੇ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਸਨ ਨੂੰ ਪਾਕਿਸਤਾਨ 'ਚ ਜਾਲਮਾਂ ਨੇ ਗੋਲੀਆਂ ਮਾਰਕੇ ਸ਼ਹੀਦ ਕਰ ਦਿੱਤਾ। ਅਸੀਂ ਉਸਦੇ ਸੁਪਨਿਆਂ ਨੂੰ ਸਾਕਾਰ ਰੱਖਾਂਗੇ।

ਅਸੀਂ ਇਸ ਮਹਾਨ ਜਰਨੈਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

## ਭਾਈ ਸਾਹਿਬ ਭਾਈ ਪਰਮਜੀਤ ਸਿੰਘ ਪੰਜਵੜ

ਜੀ ਦੀ ਯਾਦ ਵਿਚ



ਸ਼ਹੀਦ ਰਾਜਵਿੰਦਰ ਸਿੰਘ ਰਾਜੂ (ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੇ ਭਰਾ) ਅਤੇ ਮਾਤਾ ਜੀ ਜਿਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ।

**ਆਰੰਭ ਸ੍ਰੀ ਅਖੰਡ ਪਾਠ ਸਾਹਿਬ 19 ਮਈ 2023 ਸਵੇਰੇ 10.30 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ 21 ਮਈ 2023 ਸਵੇਰੇ 10.00 ਵਜੇ**

ਉਪ੍ਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਵੱਖ ਵੱਖ ਪੰਥਕ ਜਥੇਬੰਦੀਆ ਦੇ ਪੰਥ ਦਰਦੀ ਹਾਜ਼ਰੀਆ ਭਰਨਗੇ

Pad Advertisement

# ਬਹੁਤ ਘੱਟ ਕੁੜੀਆਂ ਜੇਈਈ ਆਈਆਈਟੀ ਸੁਪਨੇ ਦਾ ਪਿੱਛਾ ਕਿਉਂ ਕਰ ਰਹੀਆਂ ਹਨ ?



23 ਆਈਆਈਟੀ ਵਿੱਚ ਕੁੱਲ 16,500 ਸੀਟਾਂ ਹਨ, ਜਿਨ੍ਹਾਂ ਵਿੱਚੋਂ ਐਡਵਾਂਸਡ ਕੁਆਲੀਫਾਈ ਕਰਨ ਵਾਲੀਆਂ ਕੁੜੀਆਂ ਲਈ 3,300 ਅਤਿਅੰਤ ਸੀਟਾਂ (20%) ਖਾਲੀ ਨਹੀਂ ਹਨ) ਭਾਵੇਂ ਲੱਖਾਂ ਵਿਦਿਆਰਥੀ ਹਰ ਸਾਲ 23 ਆਈਆਈਟੀਜ਼ ਵਿੱਚੋਂ ਇੱਕ ਵਿੱਚ ਸੀਟ ਹਾਸਲ ਕਰਨ ਲਈ ਜੁਆਇੰਟ ਐਂਟਰੈਂਸ ਪ੍ਰੀਖਿਆ (ਜੇਈਈ) ਮੇਨ ਅਤੇ ਐਡਵਾਂਸ ਨੂੰ ਪਾਸ ਕਰਨ ਦੀ ਇੱਛਾ ਰੱਖਦੇ ਹਨ, ਜੇਈਈ ਮੇਨ ਲਈ ਪ੍ਰੀਖਿਆ ਦੇਣ ਵਾਲੀਆਂ ਅਤੇ ਜੇਈਈ ਐਡਵਾਂਸਡ ਲਈ ਯੋਗਤਾ ਪੂਰੀ ਕਰਨ ਵਾਲੀਆਂ ਕੁੜੀਆਂ ਦੀ ਗਿਣਤੀ ਕਾਫ਼ੀ ਘੱਟ ਹੈ। ਮੁੰਡਿਆਂ ਦੇ ਨੈਸ਼ਨਲ ਟੈਸਟਿੰਗ ਏਜੰਸੀ (ਐਨਟੀਏ) ਦੇ ਅਨੁਸਾਰ ਜੋ ਜੇਈਈ ਮੇਨ ਦਾ ਆਯੋਜਨ ਕਰਦੀ ਹੈ, ਜੇਈਈ ਮੇਨ 2023 ਲਈ ਰਜਿਸਟਰਡ 22.5 ਲੱਖ ਉਮੀਦਵਾਰਾਂ ਵਿੱਚੋਂ, ਲਗਭਗ 30% ਕੁੜੀਆਂ ਸਨ। ਇਸ ਤੋਂ ਇਲਾਵਾ, ਦੋਵਾਂ ਸੈਸ਼ਨਾਂ ਲਈ 11,13,325 ਉਮੀਦਵਾਰਾਂ ਨੇ ਪ੍ਰੀਖਿਆ ਦਿੱਤੀ, ਜਿਨ੍ਹਾਂ ਵਿੱਚੋਂ 338963 ਲੜਕੀਆਂ ਦੀ ਪ੍ਰੀਖਿਆ ਦਿੱਤੀ ਗਈ, ਜਦੋਂ ਕਿ ਲੜਕਿਆਂ ਦੀ ਗਿਣਤੀ 774359 ਸੀ। ਕੁੱਲ ਮਿਲਾ ਕੇ, 100 ਪ੍ਰਤੀਸ਼ਤ ਅੰਕ ਪ੍ਰਾਪਤ ਕਰਨ ਵਾਲੇ 43 ਉਮੀਦਵਾਰਾਂ ਵਿੱਚੋਂ ਜੇਈਈ ਮੇਨ 2023 (ਦੋਵੇਂ ਸੈਸ਼ਨ), ਸਿਰਫ਼ ਇੱਕ ਉਮੀਦਵਾਰ, ਕਰਨਾਟਕ ਤੋਂ ਰਿਧੀ ਕੇ ਮਹੇਸ਼ਵਰੀ (ਏਆਈਆਰ 23), ਕੁੜੀਆਂ ਵਿੱਚੋਂ ਆਲ ਇੰਡੀਆ ਟਾਪਰ ਸੀ। ਕਰਨਾਟਕ ਦੀ ਇੱਕ ਲੇਖਾਸ਼੍ਰੀ ਨੇ 99.99 ਪ੍ਰਤੀਸ਼ਤ ਨਾਲ ਇਸੇ ਸ਼੍ਰੇਣੀ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਪਿਛਲੇ ਸਾਲ ਵੀ ਇਸੇ ਤਰ੍ਹਾਂ ਦੇ ਪੈਟਰਨ ਨੂੰ ਦਰਸਾਉਂਦੇ ਹਨ। ਜੇਈਈ ਮੇਨ 2022 ਵਿੱਚ, 100 ਪ੍ਰਤੀਸ਼ਤ ਪ੍ਰਾਪਤ ਕਰਨ ਵਾਲੇ 24 ਉਮੀਦਵਾਰਾਂ ਵਿੱਚੋਂ, ਆਂਧਰਾ ਪ੍ਰਦੇਸ਼ ਦੀ ਪੱਲੀ ਜਲਜਾਕਸ਼ੀ ਅਤੇ ਆਸਾਮ ਤੋਂ ਸਨੇਹਾ ਪਾਰੀਕ ਸਿਰਫ ਦੋ ਲੜਕੀਆਂ ਸਨ, ਜਦੋਂ ਕਿ 2021 ਵਿੱਚ, ਦਿੱਲੀ ਦੀ ਕਾਵਿਆ ਚੋਪੜਾ ਅਤੇ ਮਹਾਰਾਸ਼ਟਰ ਦੀ ਬਖਸ਼ੀ ਗਾਰਗੀ 100 ਪ੍ਰਤੀਸ਼ਤ ਅੰਕ ਪ੍ਰਾਪਤ ਕਰਨ ਵਾਲੇ 13 ਵਿਦਿਆਰਥੀਆਂ ਵਿੱਚੋਂ ਸਨ। ਜਿਵੇਂ ਕਿ ਉਮੀਦਵਾਰ ਜੇਈਈ ਐਡਵਾਂਸਡ 2023 ਲਈ ਰਜਿਸਟ ?ਰੇਸ਼ਨ ਕਰਨ ਵਿੱਚ ਰੁੱਝੇ ਹੋਏ ਹਨ, ਜੇਈਈ ਐਡਵਾਂਸਡ 2023 ਦੇ ਆਯੋਜਨ ਚੇਅਰਮੈਨ, ਆਈਆਈਟੀ ਗੁਹਾਟੀ ਦਾ ਕਹਿਣਾ ਹੈ ਕਿ ਅੰਕੜੇ ਹੈਰਾਨੀਜਨਕ ਨਹੀਂ ਹੋਣੇ ਚਾਹੀਦੇ। ਉਹ ਦੱਸਦਾ ਹੈ, ਕੁੱਲ 2.5 ਲੱਖ ਉਮੀਦਵਾਰਾਂ ਵਿੱਚੋਂ ਜੋ JEE ਐਡਵਾਂਸ 2023 ਲਈ ਯੋਗ ਹਨ, ਲਗਭਗ 1,90,000 ਉਮੀਦਵਾਰ ਪੁਰਸ਼ ਹਨ, ਜਦੋਂ ਕਿ ਲਗਭਗ 60,000 ਉਮੀਦਵਾਰ ਔਰਤਾਂ ਹਨ। "23 ਆਈਆਈਟੀ ਵਿੱਚ ਕੁੱਲ 16,500 ਸੀਟਾਂ ਹਨ, ਜਿਨ੍ਹਾਂ ਵਿੱਚੋਂ 20%



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

(3,300) ਜੇਈਈ ਐਡਵਾਂਸਡ ਕੁਆਲੀਫਾਈ ਕਰਨ ਵਾਲੀਆਂ ਕੁੜੀਆਂ ਲਈ ਅਲੌਕਿਕ ਸੀਟਾਂ ਹਨ। 'ਪਿਛਲੇ ਤਜਰਬੇ ਦਰਸਾਉਂਦੇ ਹਨ, ਇਹਨਾਂ ਵਿੱਚੋਂ ਕੋਈ ਵੀ ਸੀਟ ਖਾਲੀ ਨਹੀਂ ਹੈ ਕਿਉਂਕਿ ਕੁੜੀਆਂ ਕੰਪਿਊਟਰ ਸਾਇੰਸ, ਇੰਜਨੀਅਰਿੰਗ ਭੌਤਿਕ ਵਿਗਿਆਨ, ਬਾਇਓਟੈਕਨਾਲੋਜੀ, ਗਣਿਤ ਅਤੇ ਕੰਪਿਊਟਿੰਗ, ਜਾਂ ਇੱਥੋਂ ਤੱਕ ਕਿ ਡੇਟਾ ਸਾਇੰਸ ਵਿੱਚ ਵੀ ਦਿਲਚਸਪੀ ਦਿਖਾ ਰਹੀਆਂ ਹਨ' ਉਹ ਅੱਗੇ ਕਹਿੰਦਾ ਹੈ, ਇਹ ਇੱਕ ਗਲਤ ਧਾਰਨਾ ਹੈ, ਕਿ ਕੁੜੀਆਂ ਦੀ ਗੁਣਵੱਤਾ ਵਾਲੀ ਕੋਚਿੰਗ ਤੱਕ ਪਹੁੰਚ ਨਹੀਂ ਹੈ ਅਤੇ ਇਸਲਈ ਉਹ ਮੁੰਡਿਆਂ ਨਾਲ ਮੇਲ ਨਹੀਂ ਖਾਂਦੀਆਂ, ਕਿਉਂਕਿ ਔਨਲਾਈਨ ਕੋਚਿੰਗ ਲਈ ਕਾਫੀ ਮੌਕੇ ਹਨ ਜੋ ਸਰੀਰਕ ਕਲਾਸਾਂ ਵਿੱਚ ਜਾਣ ਦੀ ਜ਼ਰੂਰਤ ਨੂੰ ਖਤਮ ਕਰਦੇ ਹਨ। "ਹਾਲਾਂਕਿ, ਜੇਕਰ ਉਹਨਾਂ ਦੀ ਸੰਖਿਆ ਮੁੱਖ ਜਾਂ ਉੱਨਤ ਵਿੱਚ ਘੱਟ ਹੈ, ਤਾਂ ਇਹ ਸਿਰਫ਼ ਇਸ ਲਈ ਹੈ ਕਿਉਂਕਿ ਉਹ ਦੂਜੇ ਐਸਟੀਈਐਮ ਵਿਸ਼ਿਆਂ ਵਿੱਚ ਮੌਕਿਆਂ ਦੀ ਖੋਜ ਕਰਨ ਲਈ ਤਿਆਰ ਹਨ ਅਤੇ ਜ਼ਰੂਰੀ ਨਹੀਂ ਕਿ ਉਹ ਇੰਜਨੀਅਰਿੰਗ ਵੱਲ ਖਿੱਚੇ ਜਾਣ। ਕੁੜੀਆਂ ਦੀ ਇੱਕ ਵੱਡੀ ਪ੍ਰਤੀਸ਼ਤਤਾ ਡਾਕਟਰੀ ਪੇਸ਼ੇ ਵੱਲ ਝੁਕਾਅ ਰੱਖਦੀ ਹੈ, ਅਤੇ ਹਾਲ ਹੀ ਵਿੱਚ ਨੀਟ ਯੂਜੀ 2023 ਦੀਆਂ ਰਜਿਸਟਰੇਸ਼ਨਾਂ ਨੂੰ ਵੇਖਦਿਆਂ, ਰਜਿਸਟਰ ਕਰਨ ਵਾਲੇ ਲਗਭਗ 21 ਲੱਖ ਉਮੀਦਵਾਰਾਂ ਵਿੱਚੋਂ, ਲਗਭਗ 12 ਲੱਖ ਉਮੀਦਵਾਰ ਲੜਕੀਆਂ ਹਨ ਜੋ ਉਨ੍ਹਾਂ ਨੂੰ ਮੁੰਡਿਆਂ ਨਾਲੋਂ ਬਹੁਗਿਣਤੀ ਵਿੱਚ ਰੱਖਦੇ ਹਨ। ਮੇਨ ਅਤੇ ਐਡਵਾਂਸਡ ਵਿੱਚ ਤਿੱਖਾ ਅਨੁਪਾਤ, ਹਾਲਾਂਕਿ, ਕਾਰਕਾਂ ਦੇ ਨਾਲ ਇੱਕ ਵੱਖਰੀ ਕਹਾਣੀ ਵੱਲ ਇਸ਼ਾਰਾ ਕਰਦਾ ਹੈ, ਲਿੰਗਕ ਰੂੜ੍ਹੀਵਾਦ ਤੋਂ ਲੈ ਕੇ ਜਾਗਰੂਕਤਾ ਦੀ ਘਾਟ, ਹਾਣੀਆਂ ਦੇ ਦਬਾਅ ਅਤੇ ਮਾਪਿਆਂ ਦੀਆਂ ਉਮੀਦਾਂ ਤੱਕ। ਜਿਵੇਂ ਕਿ ਰਿਧੀ ਖੁਦ ਪੁਸ਼ਟੀ ਕਰਦੀ ਹੈ, "ਮੁੰਡਿਆਂ ਵਿੱਚ ਇੱਕ ਆਮ ਧਾਰਨਾ ਹੈ ਕਿ ਕੁੜੀਆਂ ਅਲੌਕਿਕ ਸੀਟਾਂ ਦੇ ਕਾਰਨ ਆਪਣੀ ਪਸੰਦ ਦੀਆਂ ਧਾਰਾਵਾਂ ਨੂੰ ਸੁਰੱਖਿਅਤ ਕਰਦੀਆਂ ਹਨ। ਮੈਂ ਉਹਨਾਂ ਨੂੰ ਗਲਤ ਸਾਬਤ ਕਰਨਾ ਚਾਹਾਂਗਾ ਅਤੇ ਜੇਈਈ ਐਡਵਾਂਸਡ ਨਾਲ ਆਪਣੇ ਰੈਂਕ ਵਿੱਚ ਸੁਧਾਰ ਕਰਨ ਦੀ ਉਮੀਦ ਕਰਾਂਗਾ। ਹਾਲਾਂਕਿ, ਭਾਵੇਂ ਕਿ ਅਲੌਕਿਕ ਸੀਟਾਂ ਪੇਂਡੂ ਪੱਟੀਆਂ ਵਿੱਚ ਕੁੜੀਆਂ ਦੀ ਮਦਦ ਕਰ ਸਕਦੀਆਂ ਹਨ, ਇਹ ਉਹਨਾਂ ਮੁੰਡਿਆਂ ਲਈ ਉਚਿਤ ਨਹੀਂ ਹੈ ਜਿਨ੍ਹਾਂ ਕੋਲ ਇਹ ਫਾਇਦਾ ਨਹੀਂ ਹੈ। "ਆਪਣੇ IITian ਭਰਾ ਰਾਘਵ ਦੀ ਮਦਦ ਨਾਲ, ਰਿਧੀ ਨੇ IIT ਬੰਬੇ ਵਿੱਚ ਦਾਖਲਾ ਲੈ ਕੇ ਕੰਪਿਊਟਰ ਇੰਜੀਨੀਅਰ ਬਣਨ ਦਾ ਸੁਪਨਾ ਦੇਖਿਆ,ਮਿੱਥ ਕਿ ਕੁੜੀਆਂ ਗਣਿਤ ਵਿੱਚ ਕਮਜ਼ੋਰ ਹਨ, ਇੱਕ ਵਿਸ਼ਾ ਉਸਦੇ ਦਿਲ ਦੇ ਨੇੜੇ ਹੈ। ਉਹ ਕਹਿੰਦੀ ਹੈ ਕਿ ਕੁੜੀਆਂ, ਮਰਦ ਪ੍ਰਧਾਨ ਖੇਤਰਾਂ ਤੋਂ ਦੂਰ ਹੋ ਜਾਂਦੀਆਂ ਹਨ ਅਤੇ ਇੰਜੀਨੀਅਰਿੰਗ ਉਹਨਾਂ ਵਿੱਚੋਂ ਇੱਕ ਹੋ ਸਕਦੀ ਹੈ। ਉਹਨਾਂ ਨੂੰ ਉਹਨਾਂ ਪੱਖਪਾਤਾਂ ਨੂੰ ਦੂਰ ਕਰਨ ਦੀ ਲੋੜ ਹੈ ਜੋ ਗਣਿਤ ਅਤੇ ਭੌਤਿਕ ਵਿਗਿਆਨ ਵਿੱਚ ਉਹਨਾਂ ਦੇ ਵਿਸ਼ਵਾਸ ਅਤੇ ਯੋਗਤਾਵਾਂ ਨੂੰ ਕਮਜ਼ੋਰ ਕਰਦੇ ਹਨ, ਜੋ ਕਿ ਜੇਈਈ ਲਈ ਮੁੱਖ ਵਿਸ਼ੇ ਹਨ, ਉਹ ਪੁਸ਼ਟੀ ਕਰਦੀ ਹੈ। ਜਦੋਂ ਕਿ ਆਈ.ਆਈ.ਟੀ. ਵਿੱਚ ਲਿੰਗ ਵਿਭਿੰਨਤਾ ਨੂੰ ਵਧਾਉਣ ਲਈ ਅਲੌਕਿਕ ਸੀਟਾਂ ਸਿਰਫ਼ ਇੱਕ ਕਦਮ ਹਨ, ਸੰਸਥਾਵਾਂ, ਆਪਣੇ ਹਿੱਸੇ ਲਈ, ਆਪਣੇ ਕੈਂਪਸ ਨੂੰ ਵਧੇਰੇ ਸੰਮਲਿਤ ਬਣਾਉਣ ਲਈ ਯਤਨ ਕਰ ਰਹੀਆਂ ਹਨ। 'ਉਦਾਹਰਣ ਵਜੋਂ, ਆਈਆਈਟੀ ਦਿੱਲੀ ਵਿਖੇ, ਅਕਾਦਮਿਕ ਆਊਟਰੀਚ ਅਤੇ ਨਵੀਂ ਪਹਿਲਕਦਮੀ ਦੇ ਦਫ਼ਤਰ ਨੇ ਹਾਈ ਸਕੂਲ ਦੀਆਂ ਲੜਕੀਆਂ ਲਈ ਇੱਕ ਐਸਟੀਈਐਮ ਸਲਾਹਕਾਰ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਜੋ ਉਹਨਾਂ ਨੂੰ ਆਪਣੇ ਕੈਰੀਅਰ ਵਜੋਂ ਵਿਗਿਆਨ ਨੂੰ ਚੁਣਨ ਲਈ ਉਤਸ਼ਾਹਿਤ ਕੀਤਾ ਜਾ ਸਕੇ' ਡਾਇਵਰਸਿਟੀ ਐਂਡ ਇਨਕਲੂਸ਼ਨ, ਆਈਆਈਟੀ ਦਿੱਲੀ ਜਿੱਥੇ ਇਹ ਵੀ ਹੈ। ਵਿਭਿੰਨਤਾ ਅਤੇ ਸ਼ਮੂਲੀਅਤ ਦਾ ਇੱਕ ਨਵਾਂ ਦਫ਼ਤਰ ਉਡੀਆਈ), ਇੱਕ ਮਹਿਲਾ ਡੀਨ ਦੀ ਅਗਵਾਈ ਵਿੱਚ ਔਰਤਾਂ ਅਤੇ ਹਾਸ਼ੀਏ 'ਤੇ ਪਏ ਪਿਛੋਕੜ ਵਾਲੇ ਵਿਅਕਤੀਆਂ ਨੂੰ ਉਨ੍ਹਾਂ ਦੀ ਸਿੱਖਿਆ ਅਤੇ ਪੇਸ਼ੇਵਰ ਯਾਤਰਾ ਵਿੱਚ ਦਰਪੇਸ਼ ਰੁਕਾਵਟਾਂ ਨੂੰ ਦੂਰ ਕਰਨ ਲਈ। ਉਡੀਆਈ ਮਹਿਲਾ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਲਈ ਆਈਆਈਟੀ ਈਕੋਸਿਸਟਮ ਦੇ ਅੰਦਰ ਲੜਕੀਆਂ ਨੂੰ ਏਕੀਕ੍ਰਿਤ ਕਰਨ ਲਈ ਜੇਈਈ ਤੋਂ ਬਾਅਦ ਦੀ ਕਾਉਂਸਲਿੰਗ ਦਾ ਆਯੋਜਨ ਕਰਦਾ ਹੈ। ਇਹ, ਅਤੇ ਹੋਰ ਪਹਿਲਕਦਮੀਆਂ, ਕੁੜੀਆਂ ਲਈ ਜੇਈਈ ਨੂੰ ਕ੍ਰੈਕ ਕਰਨ ਅਤੇ ਇੰਜੀਨੀਅਰਿੰਗ ਨੂੰ ਉਨ੍ਹਾਂ ਦੀ ਕਾਲਿੰਗ ਬਣਾਉਣ ਲਈ ਇੱਕ ਅਨੁਕੂਲ ਮਾਹੌਲ ਬਣਾਉਣ ਵਿੱਚ ਮਦਦ ਕਰ ਸਕਦੀਆਂ ਹਨ।



# ਕਰਨਾਟਕ ਦੇ ਲੋਕ ਫ਼ਤਵੇ ਨੇ ਭਾਜਪਾ ਨੂੰ ਦਿੱਤੇ ਕਈ ਸਬਕ

-ਰਾਹੁਲ ਵਰਮਾ

ਕਰਨਾਟਕ ਵਿਧਾਨ ਸਭਾ ਚੋਣ ਨਤੀਜੇ ਇਕ ਤਰ੍ਹਾਂ ਨਾਲ ਉਮੀਦ ਮੁਤਾਬਕ ਹੀ ਰਹੇ। ਚੋਣਾਂ ਦੇ ਪੂਰਵ ਅਨੁਮਾਨ ਤੋਂ ਲੈ ਕੇ ਐਗਜ਼ਿਟ ਪੋਲ ਇਹੋ ਰੁਝਾਨ ਦੱਸ ਰਹੇ ਸਨ ਕਿ ਸੂਬੇ 'ਚ ਭਾਜਪਾ ਖ਼ਿਲਾਫ਼ ਅਸੰਤੁਸ਼ਟੀ ਦਾ ਮਾਹੌਲ ਪੈਦਾ ਹੋ ਰਿਹਾ ਹੈ। ਭਾਜਪਾ ਨੂੰ ਵੀ ਇਸ ਦੀ ਭਿਣਕ ਸੀ ਤੇ ਉਸ ਨੇ ਇਸ ਸੱਤਾ ਵਿਰੋਧੀ ਲਹਿਰ ਵਿਰੁੱਧ ਤੈਰਨ ਦੀਆਂ ਪੂਰੀਆਂ ਕੋਸ਼ਿਸ਼ਾਂ ਵੀ ਕੀਤੀਆਂ ਪਰ ਉਸ ਨੂੰ ਇਸ 'ਚ ਸਫਲਤਾ ਨਹੀਂ ਮਿਲੀ। ਇਕ ਤਰ੍ਹਾਂ ਨਾਲ ਦੇਖਿਆ ਜਾਵੇ ਤਾਂ ਭਾਜਪਾ ਦੀਆਂ ਜੋ ਕਮਜ਼ੋਰੀਆਂ ਦਿਸ ਰਹੀਆਂ ਸਨ, ਉਹੀ ਆਖ਼ਰ ਕਾਂਗਰਸ ਦੀ ਤਾਕਤ ਸਿੱਧ ਹੋਈਆਂ। ਪਹਿਲੀ ਨਜ਼ਰੇ ਹਾਰ-ਜਿੱਤ ਦੇ ਕਾਰਨਾਂ ਦੀ ਪੜਤਾਲ ਕਰੀਏ ਤਾਂ ਇਹ ਸੱਤਾ ਦਾ ਸੁਭਾਵਿਕ ਪਰਿਵਰਤਨ ਹੀ ਕਿਹਾ ਜਾਵੇਗਾ ਕਿਉਂਕਿ ਪਿਛਲੇ ਕੁਝ ਸਮੇਂ ਤੋਂ ਕਰਨਾਟਕ ਉਨ੍ਹਾਂ ਸੂਬਿਆਂ 'ਚ ਰਿਹਾ ਹੈ, ਜਿੱਥੇ ਕੋਈ ਪਾਰਟੀ ਲਗਾਤਾਰ ਦੂਜੀ ਵਾਰ ਸੱਤਾ 'ਚ ਨਹੀਂ ਆਉਂਦੀ ਅਤੇ ਇੱਥੇ ਆਮ ਤੌਰ 'ਤੇ ਸਪੱਸ਼ਟ ਬਹੁਮਤ ਵੀ ਨਹੀਂ ਮਿਲਦਾ। ਇਸ ਵਾਰ ਵੀ ਇਕ ਅਨੁਮਾਨ ਤਾਂ ਸਹੀ ਰਿਹਾ ਕਿ ਸੱਤਾਧਾਰੀ ਪਾਰਟੀ ਹਾਰ ਗਈ ਪਰ ਕਾਂਗਰਸ ਸਪੱਸ਼ਟ ਬਹੁਮਤ ਹਾਸਲ ਕਰਨ 'ਚ ਸਫਲ ਰਹੀ। ਇਨ੍ਹਾਂ ਚੋਣਾਂ 'ਚ ਕਾਂਗਰਸ ਦੀ ਵੋਟ ਫ਼ੀਸਦ 'ਚ ਤਕਰੀਬਨ ਪੰਜ ਤੋਂ ਛੇ ਫ਼ੀਸਦੀ ਦਾ ਵਾਧਾ ਨਿਰਣਾਇਕ ਸਾਬਤ ਹੋਇਆ।

ਲੋਕ ਫ਼ਤਵੇ ਤੋਂ ਸਪੱਸ਼ਟ ਹੈ ਕਿ ਜਨਤਾ ਸੂਬਾ ਸਰਕਾਰ ਦੇ ਕੰਮਕਾਜ ਤੋਂ ਸੰਤੁਸ਼ਟ ਨਹੀਂ ਸੀ। ਸਰਕਾਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਜੂਝ ਰਹੀ ਸੀ। ਕੁਝ ਸਥਾਨਕ ਮੁੱਦਿਆਂ ਅਤੇ ਮਹਿੰਗਾਈ ਨਾਲ ਵਧਦੀ ਪਰੇਸ਼ਾਨੀ ਨੇ ਵੀ ਭਾਜਪਾ ਦੀਆਂ ਮੁਸ਼ਕਲਾਂ ਵਧਾਈਆਂ। ਪਾਰਟੀ ਅੰਦਰੂਨੀ ਕਲੇਸ਼ ਨਾਲ ਵੀ ਜੂਝ ਰਹੀ ਸੀ। ਚੋਣਾਂ ਤੋਂ ਠੀਕ ਪਹਿਲਾਂ ਕਈ ਪੁਰਾਣੇ ਦਿੱਗਜ ਪਾਰਟੀ ਛੱਡ ਕੇ ਚਲੇ ਗਏ। ਮੁੱਖ ਮੰਤਰੀ ਬਾਸਵਰਾਜ ਬੋਮਈ ਦੀ ਲੋਕਪ੍ਰਿਯਤਾ ਵੀ ਸਿਧਰਮੱਈਆ ਜਾਂ ਯੇਦੀਯੁਰੱਪਾ ਜਿਹੀ ਨਹੀਂ ਹੈ। ਭਾਜਪਾ ਦੇ ਖੇਮੇ 'ਚ ਇਸ ਕਮਜ਼ੋਰੀ ਨੂੰ ਭਾਂਪਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਅੰਤ 'ਚ ਭਰਪੂਰ ਕੋਸ਼ਿਸ਼ਾਂ ਕੀਤੀਆਂ ਪਰ ਲੱਗਦਾ ਹੈ ਕਿ ਉਦੋਂ ਤੱਕ ਚੋਣਾਵੀ ਧਾਰਾ ਤੈਅ ਹੋ ਚੁੱਕੀ ਸੀ। ਵਿਆਪਕ ਰੂਪ 'ਚ ਮੰਨਿਆ ਜਾ ਰਿਹਾ ਸੀ ਕਿ ਕਾਂਗਰਸ ਅੱਗੇ ਰਹੇਗੀ ਪਰ ਸਵਾਲ ਇਹੋ ਸੀ ਕਿ ਕੀ ਉਹ ਬਹੁਮਤ ਦੇ ਜਾਦੂਈ ਅੰਕੜੇ ਨੂੰ ਪਾਰ ਕਰੇਗੀ ਜਾਂ ਨਹੀਂ। ਹੁਣ ਲੋਕ ਫ਼ਤਵੇ ਨਾਲ ਇਨ੍ਹਾਂ ਸਾਰੀਆਂ ਅਟਕਲਾਂ 'ਤੇ ਵਿਰਾਮ ਲੱਗ ਗਿਆ ਹੈ।

ਭਾਜਪਾ ਦੀ ਹਾਰ ਦੇ ਉਲਟ ਕਾਂਗਰਸ ਦੀ ਜਿੱਤ 'ਚ ਉਸ ਦੀਆਂ ਕੁਝ ਰਣਨੀਤੀਆਂ ਬੜੀਆਂ ਕਾਰਗਰ ਸਾਬਤ ਹੋਈਆਂ। ਜਿਵੇਂ ਕਿ ਭਾਜਪਾ ਨੇ ਚੋਣਾਂ ਨੂੰ ਰਾਸ਼ਟਰਵਾਦ ਜਾਂ ਰਾਸ਼ਟਰੀ ਮੁੱਦਿਆਂ ਨਾਲ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਪਰ ਕਾਂਗਰਸ ਮੁੱਖ ਤੌਰ 'ਤੇ ਸਥਾਨਕ ਮੁੱਦਿਆਂ 'ਤੇ ਟਿਕੀ ਰਹੀ ਕਿਉਂਕਿ ਉਹ ਆਸਵੰਦ ਸੀ ਕਿ ਵੋਟਰਾਂ ਲਈ ਇਨ੍ਹਾਂ ਚੋਣਾਂ 'ਚ ਕੀ ਜ਼ਿਆਦਾ ਮਾਅਨੇ ਰੱਖਦਾ ਹੈ।

ਕਾਂਗਰਸ ਦੇ ਪੰਜ ਵਾਅਦਿਆਂ ਜਾਂ ਗਾਰੰਟੀ ਨਾਲ ਜੁੜੇ ਹਾਂ-ਪੱਖੀ ਪ੍ਰਚਾਰ ਨੇ ਵੀ ਵੋਟਰਾਂ ਨੂੰ ਪ੍ਰਭਾਵਿਤ ਕੀਤਾ। ਗ਼ਰੀਬ ਤਬਕੇ ਅਤੇ ਪੱਛੜੀਆਂ ਜਾਤੀਆਂ 'ਚ ਪਾਰਟੀ ਨੂੰ ਮਿਲੀ ਹਮਾਇਤ ਨਾਲ ਇਸ ਦੀ ਪੁਸ਼ਟੀ ਵੀ ਹੁੰਦੀ ਦਿਸ ਰਹੀ ਹੈ।

ਹਾਲਾਂਕਿ ਹਾਲੇ ਇਸ ਦੇ ਸਪੱਸ਼ਟ ਸਬੂਤ ਨਹੀਂ ਪਰ ਸ਼ੁਰੂਆਤੀ ਮੁਲਾਂਕਣ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਹਿਜਾਬ ਤੋਂ ਲੈ ਕੇ ਬਜਰੰਗ ਦਲ ਦੇ ਮੁੱਦੇ 'ਤੇ ਭਾਜਪਾ ਨੂੰ ਕੋਈ ਖ਼ਾਸ ਫ਼ਾਇਦਾ ਨਹੀਂ ਹੋਇਆ ਪਰ ਕਾਂਗਰਸ ਦੇ ਪੱਖ 'ਚ ਮੁਸਲਿਮ ਧਰੁਵੀਕਰਨ ਜ਼ਰੂਰ ਹੋਇਆ। ਅੰਦਰੂਨੀ ਧੜੇਬੰਦੀ ਤੋਂ ਕੇਵਲ ਭਾਜਪਾ ਹੀ ਨਹੀਂ ਸਗੋਂ ਕਾਂਗਰਸ ਕਿਤੇ ਜ਼ਿਆਦਾ ਪਰੇਸ਼ਾਨ ਸੀ ਪਰ ਸੂਬੇ 'ਚ ਪਾਰਟੀ ਦੇ ਦੋ ਵੱਡੇ ਚਿਹਰਿਆਂ ਸਾਬਕਾ ਮੁੱਖ ਮੰਤਰੀ ਸਿਧਰਮੱਈਆ ਅਤੇ ਸੂਬਾ ਪ੍ਰਧਾਨ ਡੀਕੇ ਸ਼ਿਵਕੁਮਾਰ ਨੇ ਚੋਣ ਪ੍ਰਚਾਰ ਦੌਰਾਨ ਸਹੀ ਤਾਲਮੇਲ ਦਿਖਾ ਕੇ ਵਰਕਰਾਂ, ਹਮਾਇਤੀਆਂ, ਉਮੀਦਵਾਰਾਂ ਅਤੇ ਵੋਟਰਾਂ ਨੂੰ ਇਹੋ ਸੰਦੇਸ਼ ਦਿੱਤਾ ਕਿ ਉਨ੍ਹਾਂ 'ਚ ਸਭ ਕੁਝ ਠੀਕ ਹੈ।

ਸੂਬੇ ਦੀ ਸੱਤਾ ਤੋਂ ਬੇਦਖ਼ਲ ਹੋਣ ਦੇ ਬਾਵਜੂਦ ਭਾਜਪਾ ਲਈ ਇਹ ਨਤੀਜੇ ਇਕਦਮ ਨਿਰਾਸ਼ਾਜਨਕ ਨਹੀਂ ਹਨ। ਸੀਟਾਂ 'ਚ ਭਾਰੀ ਨੁਕਸਾਨ ਤੋਂ ਬਾਅਦ ਵੀ ਪਾਰਟੀ ਦਾ ਵੋਟ ਫ਼ੀਸਦ ਤਕਰੀਬਨ ਕਾਇਮ ਰਿਹਾ। ਪਿਛਲੀਆਂ ਚੋਣਾਂ 'ਚ ਉਸ ਨੂੰ ਕਰੀਬ 36 ਫ਼ੀਸਦ ਵੋਟ ਮਿਲੇ ਸਨ, ਜੋ ਇਸ ਵਾਰ ਵੀ ਲਗਭਗ ਏਨੇ ਹੀ ਹਨ। ਭਾਵੇਂ ਹੀ ਉਸ ਨੂੰ ਆਪਣੇ ਗੜ੍ਹ ਉੱਤਰੀ ਕਰਨਾਟਕ ਤੋਂ ਇਲਾਵਾ ਮੱਧ ਕਰਨਾਟਕ 'ਚ ਬੜਾ ਭਾਰੀ ਝਟਕਾ ਲੱਗਿਆ ਹੈ ਪਰ ਆਪਣੇ ਲਈ ਮੁਸ਼ਕਲ ਮੈਦਾਨ ਰਹੇ ਮੈਸੂਰ ਯਾਨੀ ਦੱਖਣੀ ਕਰਨਾਟਕ 'ਚ ਪਾਰਟੀ ਨੇ ਆਪਣਾ ਦਬਦਬਾ ਵਧਾਇਆ ਹੈ।

ਉੱਥੇ ਹੀ ਕਾਂਗਰਸ ਨੂੰ ਇਸ ਜਿੱਤ ਨਾਲ ਸਿਆਸੀ ਸੰਜੀਵਨੀ ਮਿਲੀ ਹੈ। ਇਕ ਅਜਿਹੇ ਦੌਰ 'ਚ ਜਦੋਂ ਵਿਰੋਧੀ ਖੇਮੇ 'ਚ ਕਾਂਗਰਸ ਦੀ ਭੂਮਿਕਾ ਕਮਜ਼ੋਰ ਹੋ ਰਹੀ ਸੀ, ਉਦੋਂ ਆਉਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਗ਼ੈਰ-ਭਾਜਪਾਈ ਮੋਰਚੇ ਦੀ ਅਗਵਾਈ ਤੋਂ ਲੈ ਕੇ ਉਸ ਦੇ ਦਾਅਵੇ ਨੂੰ ਨਵੇਂ ਸਿਰੇ ਤੋਂ ਮਜ਼ਬੂਤੀ ਮਿਲੇਗੀ। ਸੰਭਵ ਹੈ ਕਿ ਕਰਨਾਟਕ ਦੇ ਨਤੀਜੇ ਕਾਂਗਰਸ ਲਈ ਸਿਆਸੀ ਕੀਮਤ ਵਧਾਉਣਗੇ। ਹਾਲਾਂਕਿ ਇਹ ਕਾਫ਼ੀ ਕੁਝ ਇਸ ਗੱਲ ਨਾਲ ਤੈਅ ਹੋਵੇਗਾ ਕਿ ਕਾਂਗਰਸ ਇਸ ਬੜ੍ਹਤ ਨੂੰ ਆਉਣ ਵਾਲੇ ਸਮੇਂ 'ਚ ਕਿਵੇਂ ਬਰਕਰਾਰ ਰੱਖੇਗੀ ਕਿਉਂਕਿ ਉਸ ਲਈ ਹੋਰ ਚੁਣੌਤੀਆਂ ਇੰਤਜ਼ਾਰ ਕਰ ਰਹੀਆਂ ਹਨ।

ਇਸੇ ਸਾਲ ਦੇ ਅੰਤ 'ਚ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ 'ਚ ਵੀ ਵਿਧਾਨ ਸਭਾ ਚੋਣਾਂ ਹਨ। ਇਨ੍ਹਾਂ 'ਚੋਂ ਦੋ ਸੂਬਿਆਂ 'ਚ ਕਾਂਗਰਸ ਸੱਤਾ 'ਚ ਹੈ ਤਾਂ ਸੁਭਾਵਿਕ ਹੈ ਕਿ ਇਨ੍ਹਾਂ ਸੂਬਿਆਂ 'ਚ ਵੀ ਉਸ ਨੂੰ ਉਸੇ ਤਰ੍ਹਾਂ ਸੱਤਾ ਵਿਰੋਧੀ ਰੁਝਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿਵੇਂ ਕਰਨਾਟਕ 'ਚ ਭਾਜਪਾ ਨਾਲ ਹੋਇਆ। ਹੁਣ ਇਹ ਕਾਂਗਰਸ 'ਤੇ ਨਿਰਭਰ ਕਰੇਗਾ ਕਿ ਉਹ ਇਨ੍ਹਾਂ ਸੂਬਿਆਂ 'ਚ ਆਪਣੀ ਸੱਤਾ ਨੂੰ ਬਚਾਉਣ ਦੇ ਨਾਲ ਹੀ ਮੱਧ ਪ੍ਰਦੇਸ਼ 'ਚ ਕਿਸ ਤਰ੍ਹਾਂ ਦੀ ਚੁਣੌਤੀ ਪੇਸ਼ ਕਰਨ 'ਚ ਸਫਲ ਹੋਵੇਗੀ। ਉਸ ਤੋਂ ਬਾਅਦ ਹੀ ਆਮ ਚੋਣਾਂ ਤੋਂ ਪਹਿਲਾਂ ਕਿਸੇ ਗ਼ੈਰ-ਭਾਜਪਾਈ ਗਠਜੋੜ ਨੂੰ ਕੋਈ ਠੋਸ ਰੂਪ ਤੇ ਸਰੂਪ ਮਿਲ ਸਕਦਾ ਹੈ ਅਤੇ ਇਹ ਤੈਅ ਹੋਵੇਗਾ ਕਿ ਉਸ 'ਚ ਕਾਂਗਰਸ ਨੂੰ ਕੀ ਭੂਮਿਕਾ ਮਿਲੇਗੀ।

ਕਰਨਾਟਕ ਦੇ ਚੋਣ ਨਤੀਜੇ ਇਸ ਪੱਖੋਂ ਵੀ ਕਾਂਗਰਸ ਲਈ ਬਿਹਤਰ ਹਨ ਕਿ ਉਸ ਨੂੰ ਆਪਣੇ ਬਲਬੂਤੇ ਬਹੁਮਤ ਹਾਸਲ ਹੋ ਗਿਆ। ਤ੍ਰਿਸ਼ੰਕੂ ਵਿਧਾਨ ਸਭਾ ਬਣਨ ਦੇ ਆਸਾਰ ਚੰਗੇ ਨਹੀਂ ਸਨ। ਜਨਤਾ ਦਲ-ਸੈਕੂਲਰ 30-35 ਸੀਟਾਂ ਜਿੱਤ ਕੇ ਕਿੰਗਮੇਕਰ ਬਣਨ ਦੇ ਜੋ ਸੁਪਨੇ ਦੇਖ ਰਿਹਾ ਸੀ, ਉਹ ਪੂਰੇ ਨਹੀਂ ਹੋਏ। ਇਹ ਚੰਗਾ ਹੀ ਹੋਇਆ। ਜੇ ਜਨਤਾ ਦਲ-ਐੱਸ ਦੇ ਸਹਿਯੋਗ ਨਾਲ ਕੋਈ ਸਰਕਾਰ ਬਣਦੀ ਤਾਂ ਉਹ ਸਿਆਸੀ ਅਸਥਿਰਤਾ ਦਾ ਕਾਰਨ ਤਾਂ ਬਣਦੀ ਹੀ, ਜੋੜ-ਤੋੜ ਅਤੇ ਦਬਾਅ ਦੀ ਰਾਜਨੀਤੀ ਨੂੰ ਵੀ ਬਲ ਦਿੰਦੀ। ਨਤੀਜੇ ਦੱਸ ਰਹੇ ਹਨ ਕਿ ਸੂਬੇ ਦੇ ਵੋਟਰ ਤਬਦੀਲੀ ਲਈ ਮਨ ਬਣਾ ਚੁੱਕੇ ਸਨ। ਇਹੋ ਕਾਰਨ ਰਿਹਾ ਕਿ ਭਾਜਪਾ ਨੂੰ ਅਨੁਮਾਨ ਤੋਂ ਵੀ ਘੱਟ ਸੀਟਾਂ ਮਿਲੀਆਂ।

ਚੋਣ ਨਤੀਜਿਆਂ ਤੋਂ ਬਾਅਦ ਭਾਜਪਾ ਨੂੰ ਸਿਰਫ਼ ਖੁੱਲ੍ਹੇ ਮਾਨ ਨਾਲ ਹਾਰ ਸਵੀਕਾਰ ਹੀ ਨਹੀਂ ਕਰਨੀ ਚਾਹੀਦੀ ਸਗੋਂ ਉਨ੍ਹਾਂ ਕਾਰਨਾ 'ਤੇ ਗੰਭੀਰਤਾ ਨਾਲ ਧਿਆਨ ਵੀ ਦੇਣਾ ਚਾਹੀਦਾ ਹੈ, ਜਿਨ੍ਹਾਂ ਕਰਕੇ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਜੇ ਉਹ ਸੱਤਾ ਵਿਰੋਧੀ ਰੁਝਾਨ ਦਾ ਸਾਹਮਣਾ ਨਹੀਂ ਕਰ ਸਕੀ ਤਾਂ ਇਸ ਲਈ ਉਹ ਆਪਣੇ ਤੋਂ ਇਲਾਵਾ ਹੋਰ ਕਿਸੇ ਨੂੰ ਜ਼ਿੰਮੇਵਾਰ ਨਹੀਂ ਠਹਿਰਾ ਸਕਦੀ। ਉਸ ਨੇ ਚੋਣਾਂ 'ਚ ਜੋ ਤਮਾਮ ਵਿਸ਼ੇ ਚੁੱਕੇ, ਉਹ ਜੇ ਕਾਰਗਰ ਸਾਬਤ ਨਹੀਂ ਹੋ ਸਕੇ ਤਾਂ ਇਸ ਦਾ ਇਹੋ ਅਰਥ ਹੈ ਕਿ ਜਨਤਾ ਬੋਮਈ ਸਰਕਾਰ ਦੇ ਕੰਮ ਤੋਂ ਸੰਤੁਸ਼ਟ ਨਹੀਂ ਸੀ।

ਇਸ ਲੋਕ ਫ਼ਤਵੇ ਨੂੰ ਅਗਲੀਆਂ ਲੋਕ ਸਭਾ ਚੋਣਾਂ ਦੇ ਕਿਸੇ ਪੂਰਨ ਸੰਕੇਤਕ ਦੇ ਰੂਪ 'ਚ ਨਹੀਂ ਦੇਖਿਆ ਜਾਣਾ ਚਾਹੀਦਾ। ਇਕ ਤਾਂ ਹਾਲੇ ਲੋਕ ਸਭਾ ਚੋਣਾਂ 'ਚ ਕਾਫ਼ੀ ਸਮਾਂ ਹੈ ਅਤੇ ਦੂਜਾ ਇਹ ਕਿ ਵਿਧਾਨ ਸਭਾ ਚੋਣਾਂ 'ਚ ਲੋਕ ਸਭਾ ਦੇ ਮੁਕਾਬਲੇ ਮੁੱਦੇ ਅਤੇ ਵੋਟਰਾਂ ਦੀਆਂ ਤਰਜੀਹਾਂ ਵੱਖ-ਵੱਖ ਹੁੰਦੀਆਂ ਹਨ। ਪਿਛਲੀਆਂ ਕੁਝ ਵਿਧਾਨ ਸਭਾ ਚੋਣਾਂ ਇਸ ਦੀ ਉਦਾਹਰਨ ਹਨ ਕਿ ਉੱਥੇ ਸੂਬੇ 'ਚ ਤਾਂ ਭਾਜਪਾ ਨੂੰ ਸਫਲਤਾ ਨਹੀਂ ਮਿਲੀ ਪਰ ਸੰਸਦੀ ਚੋਣਾਂ 'ਚ ਉਸੇ ਸੂਬੇ ਨੇ ਲੋਕ ਸਭਾ ਸੀਟਾਂ 'ਚ ਉਸ ਦੀ ਝੋਲੀ ਭਰ ਦਿੱਤੀ। ਕਰਨਾਟਕ ਇਕ ਵੱਡਾ ਸੂਬਾ ਹੈ, ਜਿੱਥੇ ਲੋਕ ਸਭਾ ਦੀਆਂ 28 ਸੀਟਾਂ ਹਨ।

ਇਸ ਲਈ ਸੂਬੇ ਦੀ ਕਾਂਗਰਸ ਸਰਕਾਰ ਦਾ ਅਗਲੇ ਇਕ ਸਾਲ ਦਾ ਪ੍ਰਦਰਸ਼ਨ ਇਨ੍ਹਾਂ ਸੀਟਾਂ ਦੀ ਦਸ਼ਾ ਤੇ ਦਿਸ਼ਾ ਤੈਅ ਕਰਨ 'ਚ ਅਹਿਮ ਭੂਮਿਕਾ ਨਿਭਾਵੇਗਾ ਅਤੇ ਭਾਜਪਾ ਇਸ ਦੌਰਾਨ ਕਾਂਗਰਸ ਦੀਆਂ ਕਮਜ਼ੋਰੀਆਂ ਨੂੰ ਨਿਸ਼ਾਨਾ ਬਣਾ ਕੇ ਪਿਛਲੀਆਂ ਲੋਕ ਸਭਾ ਚੋਣਾਂ 'ਚ ਆਪਣੇ ਪ੍ਰਦਰਸ਼ਨ ਨੂੰ ਦੁਹਰਾਉਣਾ ਚਾਹੇਗੀ, ਜਿੱਥੇ ਉਹ ਕਾਂਗਰਸ ਅਤੇ ਜੇਡੀ-ਐੱਸ ਦੇ ਗਠਜੋੜ ਦੇ ਬਾਵਜੂਦ ਜ਼ਿਆਦਾਤਰ ਸੀਟਾਂ ਜਿੱਤਣ 'ਚ ਸਫਲ ਰਹੀ ਸੀ। ਕੁੱਲ ਮਿਲਾ ਕੇ ਕਰਨਾਟਕ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਲੋਕ ਸਭਾ ਚੋਣਾਂ ਦੀ ਬਿਸਾਤ ਵਿਛਾਉਣੀ ਸ਼ੁਰੂ ਕਰ ਦਿੱਤੀ ਹੈ।

# ਨਰਸਾਂ (ਦਾਈਆਂ) ਹਨ-ਸਾਡਾ ਭਵਿੱਖ

*''ਅੰਤਰਰਾਸ਼ਟਰੀ 2023 ਨਰਸ ਦਿਵਸ ਦਾ ਥੀਮ ਹੈ- 'ਸਾਡੀਆਂ ਨਰਸਾਂ, ਸਾਡਾ ਭਵਿੱਖ'। ਬੱਚੇ ਦੇ ਜਨਮ ਤੋਂ ਲੈ ਕੇ ਹਰ ਆਮ-ਖਤਰਨਾਕ ਬਿਮਾਰੀ ਦੇ ਇਲਾਜ਼ ਵਿੱਚ ਮਦਦ 'ਤੇ ਐਕਸੀਡੈਂਟ ਦੇ ਸ਼ਿਕਾਰ ਲੋਕਾਂ ਦੀ ਤੁਰੰਤ ਦੇਖਭਾਲ ਕੇਵਲ ਨਰਸਾਂ ਹੀ ਡਾਕਟਰਾਂ ਦੇ ਸਹਿਯੋਗ ਨਾਲ ਦਿਨ-ਰਾਤ ਇੱਕ ਕਰ ਰਹੀਆਂ ਹਨ। ਵਿਸ਼ਵ ਭਰ ਦੀ ਨਰਸ-ਦਾਈਆਂ ਤਾਰੀਫ ਤੇ ਧੰਨਵਾਦ ਦੇ ਪਾਤਰ ਹਨ''- ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਸੋਸ਼ਲ ਐਕਟੀਵਿਸਟ*




ਅੰਤਰਰਾਸ਼ਟਰੀ ਪੱਧਰ 'ਤੇ ਨਰਸ ਦਿਵਸ 2023 ਮਨਾਇਆ ਜਾ ਰਿਹਾ ਹੈ। ਵਿਸ਼ਵ ਸਿਹਤ ਅਸੈਂਬਲੀ ਵੱਲੋਂ 2020 ਨੂੰ ਨਰਸ ਅਤੇ ਦਾਈ ਦਾ ਅੰਤਰਰਾਸ਼ਟਰੀ ਸਾਲ ਐਲਾਨ ਕੀਤਾ ਸੀ। ਨਰਸ ਅਤੇ ਦਾਈਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਖਾਸ ਰੋਲ ਅਦਾ ਕਰਦੀਆਂ ਹਨ। ਮਹਾਂਮਾਰੀ ਕੋਵਿਡ 19 ਦੌਰਾਨ ਆਪਣੀ ਜ਼ਿੰਦਗੀ ਦੀ ਪਰਵਾਹ ਨਾ ਕਰਦੇ ਹੋਏ ਵਾਇਰਸ ਨਾਲ ਪੀੜਿਤ ਲੋਕਾਂ ਦੀ ਜ਼ਿੰਦਗੀ ਬਚਾਓਣ ਲਈ ਦਿਨ-ਰਾਤ ਇੱਕ ਕੀਤਾ। ਵਿਸ਼ਵ ਭਰ ਵਿਚ ਨਰਸਾਂ, ਦਾਈਆਂ ਅਤੇ ਸੋਸ਼ਲ ਵਰਕਰਜ਼ ਵਿਚ 80% ਔਰਤਾਂ ਐਕਟਿਵ ਹਨ। ਇਹ ਉਹ ਲੋਕ ਹਨ ਜੋ ਆਪਣੀ ਜ਼ਿੰਦਗੀ ਡਿਲੀਵਰੀ ਦੌਰਾਨ ਮਾਂ ਅਤੇ ਬੱਚੇ ਦੀ ਜਾਨ ਬਚਾਉਣ ਦੇ ਨਾਲ ਪੂਰੀ ਦੇਖਭਾਲ, ਕਮਿਉਨਿਟੀ ਲਈ ਜੀਵਨ-ਰਕਸ਼ਕ ਵੈਕਸੀਨ, ਸਿਹਤ ਸਲਾਹ ਦੇਣੀ, ਸੀਨੀਅਰਜ਼ ਦੀ ਦੇਖਭਾਲ ਅਤੇ ਰੋਜ਼ਾਨਾ ਦੀਆਂ ਸਿਹਤ ਲੋੜਾਂ ਨੂੰ ਪੂਰਾ ਵੀ ਕਰ ਰਹੀਆਂ ਹਨ।

ਵਿਸ਼ਵ ਪੱਧਰ 'ਤੇ 2030 ਤੱਕ ਸਿਹਤ ਟੀਚਾ ਪੂਰਾ ਕਰਨ ਲਈ ਦੁਨੀਆ ਨੂੰ 9 ਮਿਲੀਅਨ ਨਰਸਾਂ ਤੇ ਦਾਈਆਂ ਦੀ ਲੋੜ ਹੈ। ਨਰਸਾਂ ਅਤੇ ਦਾਈਆਂ ਦੇ ਕੰਮ ਨੂੰ ਮਨਾਉਣ ਦੇ ਇੱਕ ਸਾਲ ਦੇ ਯਤਨਾਂ ਵਿੱਚ ਸੰਸਥਾਵਾਂ ਆਈ. ਸੀ. ਐਮ; ਆਈ. ਸੀ. ਐਨ; ਯੂ. ਐਨ. ਐਫ. ਪੀ. ਓ.; ਡਬਲਿਓ. ਐਚ. ਓ. ਦੇ ਸਹਿਯੋਗ ਨਾਲ ਹਰ ਚੁਣੌਤੀ ਦਾ ਸਾਹਮਣਾ ਕਰਨਗੀਆਂ। ਪੂਰੀ ਦੂਨੀਆ ਹਰ ਸਾਲ W.H.O ਦੁਆਰਾ ਚਲਾਈ ਹਰ ਮੁਹਿਮ ਤੇ ਫੋਕਸ ਰੱਖਦੀ ਹੈ। ਹੈਲਥ ਫਾਰ ਆਲ ਦੁਨੀਆ ਭਰ ਦੇ ਸਹਿਯੋਗ ਨਾਲ ਹੀ ਮੁਮਕਿਨ ਹੈ।



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਸਿਹਤ-ਸੰਭਾਲ ਦੇ ਖੇਤਰ ਵਿੱਚ ਬੱਚੇ ਦੇ ਜਨਮ ਵੇਲੇ ਦਾਈਆਂ ਦਾ ਅਤੇ ਬਿਮਾਰੀ ਵਿੱਚ ਹਸਪਤਾਲ, ਨਰਸਿੰਗ ਹੋਮ, ਹੈਲਥ ਸੈਂਟਰ ਅੰਦਰ ਮਨੁੱਖ ਦੇ ਆਖਰੀ ਸਾਹ ਤੱਕ ਨਰਸਾਂ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰ ਰਹੀਆਂ ਹਨ। ਹਸਪਤਾਲ, ਮੈਡੀਕਲ ਸੈਂਟਰਾਂ ਵਿੱਚ ਨਰਸਾਂ ਡਾਕਟਰ ਤੋਂ ਪਹਿਲਾਂ ਰੋਗੀਆਂ ਦੀ ਮਦਦ ਕਰਨ ਦੇ ਨਾਲ ਨਰਸਿੰਗ ਦੇਖਭਾਲ ਕਰਦੀਆਂ ਹਨ। ਸਰਜਰੀ ਤੋਂ ਪਹਿਲਾਂ ਆਪ੍ਰੇਸ਼ਨ ਥੀਏਟਰ ਵਿੱਚ ਤਿਆਰੀ ਨਰਸਾਂ ਹੀ ਕਰਦੀਆਂ ਹਨ। ਨਰਸਾਂ ਦਾਈਆਂ ਲੈਵ ਵਿੱਚ ਬਲੱਡ ਵਰਕ, ਮਰੀਜ਼ਾਂ ਦੀ ਮੁਢਲੀ ਜਾਂਚ, ਆਈ.ਵੀ ਤਰਲ ਪਦਾਰਥ, ਰੋਗੀ ਨੂੰ ਦਵਾਈ ਦੇਣਾ ਤੇ ਜਖਮਾਂ ਦੀ ਡਰੈਸਿੰਗ ਵਗੈਰਾ ਫਰਜ ਅਦਾ ਕਰਦੀਆਂ ਹਨ। ਨਰਸਾਂ ਦਾਈਆਂ 24 ਘੰਟੇ ਰੋਗੀਆਂ ਦੀ ਮਦਦ ਲਈ ਤਿਆਰ ਰਹਿੰਦੀਆਂ ਹਨ।

ਪਹਿਲੇ ਵਿਸ਼ਵ ਯੁੱਧ ਵਿੱਚ ਦੁਨੀਆ ਭਰ ਵਿੱਚ ਕੈਨੇਡਾ ਪਹਿਲਾ ਮੁਲਕ ਸੀ ਜਿਸਨੇ ਔਰਤਾਂ ਨੂੰ ਫੌਜ ਵਿੱਚ ਸ਼ਾਮਲ ਕਰਕੇ ਸਨਮਾਨ ਦਿੱਤਾ ਸੀ। ਯੁੱਧ ਦੇ ਸ਼ੁਰੂ ਵਿੱਚ ਨਰਸਾਂ ਨੂੰ ਅਗਲੀਆਂ ਲਾਈਨਾਂ ਦੇ ਨੇੜੇ ਹਾਦਸਾ ਪੀੜਤ ਕਲੀਅਰਿੰਗ ਸਟੇਸ਼ਨਾਂ ਤੇ ਨਹੀਂ ਭੇਜਿਆ ਗਿਆ, ਜਿਥੇ ਗੋਲੀਬਾਰੀ ਦਾ ਸਾਹਮਣਾ ਕਰਨਾ ਪੈ ਸਕਦਾ ਸੀ। ਸੁਰੱਖਿਅਤ ਦੂਰੀ ਤੇ ਹਸਪਤਾਲਾਂ ਵਿੱਚ ਭਰਤੀ ਕੀਤਾ ਗਿਆ ਸੀ। ਜਿੱਥੇ ਜਖਮੀ ਸੈਨਿਕਾਂ ਦਾ ਇਲਾਜ ਕਰਕੇ ਬਚਾਇਆ ਗਿਆ। ਯੁੱਧ ਵੇਲੇ ਹਸਪਤਾਲ ਵਾਲੇ ਜਹਾਜ਼ ਨੂੰ ਦੁਸ਼ਮਣਾਂ ਨੇ ਨਿਸ਼ਾਨਾ ਬਣਾਇਆ, ਸੈਨਿਕਾਂ ਦੇ ਨਾਲ-ਨਾਲ ਨਰਸਾਂ ਵੀ ਮੌਤ ਦਾ ਸ਼ਿਕਾਰ ਹੋ ਗਈਆਂ। ਕੈਨੇਡੀਅਨ ਆਰਮੀ ਮੈਡੀਕਲ ਕੋਰ ਵਿੱਚ ਤਿੰਨ ਹਜਾਰ ਤੋਂ ਵੱਧ "ਨਰਸਿੰਗ ਭੈਣਾਂ ਨੇ ਸੇਵਾ ਕੀਤੀ। ਪਹਿਲੇ ਵਿਸ਼ਵ ਯੁੱਧ ਦੇ ਅੰਤ ਤੱਕ 46 ਕੈਨੇਡੀਅਨ ਭੈਣਾਂ ਦੀ ਮੌਤ ਹੋ ਗਈ ਸੀ। ਡਬਲਿਊ. ਐਚ. ਓ. ਦੇ ਮੁਤਾਬਕ ਨਰਸ ਅਤੇ ਦਾਈਆਂ ਹਰ ਸਿਹਤ ਪ੍ਰਣਾਲੀ ਦੀ ਰੀੜ ਦੀ ਹੱਡੀ ਹਨ; ਸਾਲ 2020 ਵਿਚ ਅਸੀਂ ਸਾਰਿਆਂ ਦੀ ਸਿਹਤ ਪ੍ਰਤੀ ਆਪਣੀ ਵਚਨਬੱਧਤਾ ਦੇ ਹਿੱਸੇ ਵੱਜੋਂ ਨਰਸਾਂ ਅਤੇ ਦਾਈਆਂ ਵਿਚ ਨਿਵੇਸ਼ ਕਰਨ ਲਈ ਕਹਿ ਰਹੇ ਹਾਂ। ਹਰ ਆਦਮੀ ਨੂੰ ਨਰਸ ਤੇ ਦਾਈਆਂ ਦਾ ਸਨਮਾਨ ਅਤੇ ਧੰਨਵਾਦ ਕਰਨਾ ਚਾਹੀਦਾ ਹੈ ਕਿਓਂਕਿ 'ਹੈਲਥ ਫਾਰ ਆਲ' ਲਈ ਨਰਸਾਂ-ਦਾਈਆਂ ਦਾ ਸਹਿਯੋਗ ਹੀ ਜ਼ਰੂਰੀ ਹੈ।

---

# ਆਓ ਡੇਂਗੂ ਦੇ ਡੰਗ ਤੋਂ ਬਚੀਏ



ਜਗਤਾਰ ਸਿੰਘ ਸਿੱਧੂ
ਪਿੰਡ ਰੁਲਦੂ ਸਿੰਘ ਵਾਲਾ (ਧੂਰੀ)

16 ਮਈ ਨੂੰ ਰਾਸ਼ਟਰੀ ਡੇਂਗੂ ਦਿਨ 'ਤੇ ਵਿਸ਼ੇਸ਼ ਡੇਂਗੂ ਇੱਕ ਵਾਇਰਲ ਬੁਖਾਰ ਹੈ ਜੋ ਆਪਣੇ ਦੇਸ਼ ਵਿੱਚ ਹੀ ਨਹੀਂ ਸਗੋਂ ਸੰਸਾਰ ਪੱਧਰ ਤੇ ਆਪਣਾ ਜਲਵਾ ਵਿਖਾ ਚੁੱਕਿਆ ਹੈ। ਸੰਸਾਰ ਸਿਹਤ ਸੰਸਥਾ ਵੱਲੋਂ ਡੇਂਗੂ ਦੀ ਗੰਭੀਰਤਾ ਨੂੰ ਦੇਖਦੇ ਹੋਏ ਕਾਫੀ ਕੰਮ ਕੀਤਾ ਹੈ। ਹਰ ਸਾਲ 16 ਮਈ ਨੂੰ ਮਨਾਏ ਜਾਂਦੇ ਰਾਸ਼ਟਰੀ ਡੇਂਗੂ ਦਿਵਸ ਲਈ ਇੱਕ ਥੀਮ (ਇੱਕ ਵਿਸ਼ੇਸ਼ ਸਲੋਗਨ ਜਾਂ ਨਾਹਰਾ ) ਦਿੱਤਾ ਜਾਂਦਾਂ ਹੈ ਜੋ ਇਸ ਸਾਲ (2022) ਲਈ 'ਡੇਂਗੂ ਰੋਕਥਾਮ ਯੋਗ ਹੈ ਆਓ ਹੱਥ ਮਿਲਾਈਏ'। ਮਾਦਾ ਮੱਛਰ ਏਡੀਜ ਏਜਿਪਟੀ ਨਾਂਅ ਨਾਲ ਫੈਲਣ ਵਾਲੇ ਇਸ ਰੋਗ ਦੇ ਮਰੀਜ਼ਾਂ ਦੀ ਗਿਣਤੀ ਹਜਾਰਾਂ ਤੋਂ ਲੱਖਾਂ ਹੁੰਦੀ ਗਈ । ਮੁਲਕ ਵਿੱਚ ਹਰ ਸਾਲ 390 ਮਿਲੀਅਨ ਕੇਸ ਪਾਏ ਜਾਂਦੇ ਹਨ ।2014 ਤੋ 2017 ਤੱਕ ਇਸ 3 ਸਾਲ ਦੇ ਸਮੇਂ ਦਰਮਿਆਨ ਅਮਰੀਕਾ, ਟੌਂਗਾ, ਫਰਾਂਸ, ਬਰਾਜੀਲ,ਫਿਲਪਾਈਨਜ਼, ਥਾਈਲੈਂਡ, ਮਲੇਸ਼ੀਆ, ਪਨਾਮਾ, ਪੀਰੂ,ਅਰੂਬਾ, ਅਸਟ ?ਰੇਲੀਆ, ਕੋਲੰਬੀਆ, ਚੀਨ, ਸਿੰਘਾਪੁਰ, ਵੀਅਤਨਾਮ, ਤਨਜ਼ਾਨੀਆ ਜਿਹੇ ਦੇਸ਼ਾਂ ਵਿੱਚ ਡੇਂਗੂ ਦੀਆਂ ਵੱਖ ਵੱਖ ਕਿਸਮਾਂ ਦੇ ਵਾਇਰਸ ਪਾਏ ਗਏ । ਇੱਕਲੇ ਅਮਰੀਕਾ ਵਿੱਚ 2015 ਵਿੱਚ 10200 ਡੇਂਗੂ ਦੇ ਮਰੀਜ਼ ਪਾਏ ਗਏ ਜਿਹਨਾਂ ਵਿੱਚੋਂ 1181 ਮਰੀਜ਼ਾਂ ਦੀ ਮੌਤ ਹੋ ਗਈ ਸੀ ਭਾਰਤ ਵਿੱਚ ਸਿਹਤ ਵਿਭਾਗ ਵੱਲੋਂ ਹਰ ਸਾਲ 16 ਮਈ ਨੂੰ ਨੈਸ਼ਨਲ ਡੇਂਗੂ ਦਿਹਾੜੇ ਵੱਜੋਂ ਮਨਾਇਆ ਜਾਂਦਾ ਹੈ। ਇਸ ਮੌਕੇ ਦੇਸ਼ ਅਤੇ ਪ੍ਰਾਤਕ ਸਰਕਾਰਾਂ ਵੱਲੋਂ ਸਰਕਾਰੀ ਸਿਹਤ ਸੰਸਥਾਵਾਂ, ਅਰਧ ਸਰਕਾਰੀ, ਗੈਰ ਸਰਕਾਰੀ ਸੰਸਥਾਵਾਂ, ਸਿੱਖਿਆ ਸੰਸਥਾਵਾਂ, ਸਹਿਰਾਂ,ਪਿੰਡਾਂ, ਕਸਬਿਆਂ, ਝੁੱਗੀਆਂ ਝੌਂਪੜੀਆਂ ਆਦਿ ਤੱਕ ਪਹੁੰਚ ਕਰਕੇ ਡੇਂਗੂ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ। ਜਿੱਥੇ ਦੇਸ਼ ਵਿੱਚ 2009 ਵਿੱਚ 60000 ਲੋਕ ਡੇਂਗੂ ਦੀ ਲਪੇਟ ਚ ਆਏ ਉੱਥੇ 2017 ਵਿੱਚ ਇਹ ਗਿਣਤੀ 188401 ਹੋ ਗਈ। ਡੇਂਗੂ ਹੈਮੋਰੈਜਿਕ ਬੁਖਾਰ ਦਾ ਪਹਿਲਾ ਕੇਸ 1953 ਵਿੱਚ ਮਨੀਲਾ ਵਿੱਚ ਦਰਜ ਕੀਤਾ ਗਿਆ ਭਾਰਤ ਵਿੱਚ 1963 ਵਿੱਚ ਕਲਕੱਤਾ ਵਿਖੇ ਪਹਿਲੀ ਵਾਰੀ ਹੰਗਾਮੀ ਰੂਪ ਵਿੱਚ ਸਾਹਮਣੇ ਆਇਆ। 1996 ਵਿੱਚ ਡੇਂਗੂ ਨੇ ਦਿੱਲੀ ਵਿੱਚ ਕਾਫੀ ਜਾਨੀ ਨੁਕਸਾਨ ਕੀਤਾ। 2018 ਵਿੱਚ ਦਿੱਲੀ ਵਿੱਚ



ਇਸਦੇ 2406 ਮਾਮਲੇ ਦਰਜ ਕੀਤੇ ਗਏ। ਨੈਸ਼ਨਲ ਵੈਕਟਰ ਬੌਰਨ ਡਿਜੀਜਜ ਕੰਟਰੋਲ ਪ੍ਰੋਗਰਾਮ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ 9143 ਕੇਸ ਪਾਏ ਗਏ। ਸਭ ਤੋਂ ਵੱਧ ਮਰੀਜ਼ ਪਟਿਆਲਾ ਜਿਲੇ 'ਚ ਰਿਪੋਰਟ ਕੀਤੇ ਗਏ। ਪੰਜਾਬ ਵਿੱਚ ਸ਼ੁਰੂ ਕੀਤੇ ਨੈਸ਼ਨਲ ਵੈਕਟਰ ਬੌਰਨ ਡਿਜੀਜਜ ਕੰਟਰੋਲ ਪ੍ਰੋਗਰਾਮ ਵਿੱਚ ਸ਼ਾਮਿਲ ਕੀਤੀਆਂ 6 ਬੀਮਾਰੀਆਂ ਵਿੱਚ ਡੇਂਗੂ ਨੂੰ ਵਿਸ਼ੇਸ਼ ਥਾਂ ਦਿੱਤੀ ਗਈ ਹੈ । 'ਡੇਂਗੂ ਦੇ ਲੱਛਣ' ਡੇਂਗੂ ਜਿਸਨੂੰ ਹੱਡੀ ਤੋੜ ਬੁਖਾਰ (Break Bone Fever) ਵੀ ਕਿਹਾ ਜਾਂਦਾ ਹੈ ਦੀਆਂ ਵੱਖ ਵੱਖ ਨਿਸ਼ਾਨੀਆਂ ਵਿੱਚ ਤੇਜ ਬੁਖਾਰ, ਸਿਰ ਦਰਦ, ਅੱਖਾਂ ਦੇ ਪਿਛਲੇ ਪਾਸੇ ਦਰਦ, ਮਾਸ ਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ, ਜੀਅ ਕੱਚਾ ਅਤੇ ਉਲਟੀਆਂ, ਥਕਾਵਟ, ਚਮੜੀ ਤੇ ਦਾਣੇ ਅਤੇ ਜ਼ਿਆਦਾ ਹਾਲਤ ਖਰਾਬ ਹੋਣ ਤੇ ਨੱਕ ਮੂੰਹ ਅਤੇ ਮਸੂੜਿਆਂ ਵਿੱਚੋਂ ਖੂਨ ਵਗਣਾ ਸ਼ਾਮਲ ਹਨ। ਡੇਂਗੂ ਹੋਣ ਦੀ ਸੂਰਤ ਵਿੱਚ ਸਾਡੇ ਸਰੀਰ ਵਿਚਲੇ ਲਾਲ ਲਹੂ ਕਣ (ਪਲੇਟਲੈੱਟਸ) ਆਮ ਤੌਰ ਤੇ ਘੱਟ ਜਾਂਦੇ ਹਨ। ਇਹਨਾਂ ਦੀ ਗਿਣਤੀ ਇੱਕ ਤੰਦਰੁਸਤ ਵਿਅਕਤੀ ਵਿਚ ਡੇਢ ਲੱਖ ਤੋਂ ਸਾਢੇ ਚਾਰ ਲੱਖ ਤੱਕ ਹੁੰਦੀ ਹੈ। ਮਰੀਜ਼ ਨੂੰ ਹਸਪਤਾਲ ਦਾਖਲ ਕਰਨ ਦੀ ਲੋੜ ਉੱਦੋ ਪੈਂਦੀ ਹੈ ਜਦੋਂ ਪਲੇਟਲੈੱਟਸ ਦੀ ਗਿਣਤੀ ਘਟ ਕੇ ਵੀਹ ਹਜ਼ਾਰ ਰਹਿ ਜਾਂਦੀ ਹੈ। ਵੈਸੇ ਡੇਂਗੂ ਤੋਂ ਡਰਨ ਦੀ ਲੋੜ ਨਹੀਂ ਹੈ । ਬੁਖਾਰ ਠੀਕ ਕਰਨ ਲਈ ਸਿਰਫ ਪੇਰਾਸੀਟਾਮੋਲ ਦੀ ਗੋਲੀ ਹੀ ਲਈ ਜਾਵੇ। 'ਬਚਾਓ ਦੇ ਤਰੀਕੇ' ਡੇਂਗੂ ਫੈਲਾਉਣ ਵਾਲੇ ਮੱਛਰ ਸਾਫ ਅਤੇ ਖੜ੍ਹੇ ਪਾਣੀ ਵਿੱਚ ਪਲਦੇ ਹਨ। ਇਹ ਸੁਵਖਤੇ ਅਤੇ ਸ਼ਾਮ ਵੇਲੇ ਕੱਟਦੇ ਹਨ। ਸਾਨੂੰ ਸੌਣ ਵੇਲੇ ਮੱਛਰਦਾਨੀ ਦੀ ਵਰਤੋਂ, ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਕੂਲਰਾਂ, ਫਰਿੱਜਾਂ, ਗਮਲਿਆਂ, ਪੰਛੀਆਂ ਲਈ ਰੱਖੇ ਭਾਂਡਿਆਂ ਆਦਿ ਦੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰੀ ਜਰੂਰ ਬਦਲੋ। ਛੱਤਾਂ ਉਪਰ ਰੱਖੀਆਂ ਪਾਣੀ ਵਾਲੀਆਂ ਟੈਂਕੀਆਂ ਦੇ ਢੱਕਣ ਚੰਗੀ ਤਰ੍ਹਾਂ ਬੰਦ ਰੱਖੋ। ਬਰਸਾਤੀ ਸਮਿਆਂ ਦੌਰਾਨ ਛੱਤਾਂ ਤੇ ਪਏ ਕਬਾੜ, ਟੁੱਟੇ ਫੁੱਟੇ ਬਰਤਨਾਂ ਵਿੱਚ ਅਕਸਰ ਪਾਣੀ ਭਰ ਜਾਂਦਾ ਹੈ। ਉਹਨਾਂ ਨੂੰ ਨਸਟ ਕਰੋ। ਨੀਵੀਆਂ ਥਾਵਾਂ ਜਾ ਘਰਾਂ ਦੇ ਆਲੇ ਦੁਆਲੇ ਪਾਣੀ ਇਕੱਠਾ ਨਾ ਹੋਣ ਦਿਓ ਜਾਂ ਇਸ ਵਿੱਚ ਕਾਲਾ ਤੇਲ ਪਾਇਆ ਜਾਵੇ। ਇਹ ਮੱਛਰ ਅਕਸਰ ਦਿਨ ਵੇਲੇ ਕੱਟਦਾ ਹੈ ਇਸ ਲਈ ਅਜਿਹੇ ਕੱਪੜੇ ਪਹਿਨੋ ਜਿਸ ਨਾਲ ਪੂਰਾ ਸਰੀਰ ਢੱਕਿਆ ਰਹੇ। ਡੇਂਗੂ ਦੇ ਲੱਛਣ ਪਾਏ ਜਾਣ ਤੇ ਨੇੜੇ ਦੀ ਸਰਕਾਰੀ ਸਿਹਤ ਸੰਸਥਾ ਨਾਲ ਸੰਪਰਕ ਕਰੋ। ਇਸ ਦੀ ਜਾਂਚ ਅਤੇ ਇਲਾਜ ਹਰ ਤਹਿਸੀਲ ਅਤੇ ਜਿਲਾ ਪੱਧਰੀ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਹੁੰਦਾ ਹੈ। ਜਦੋਂ ਮਰੀਜ ਦਾ ਬੁਖਾਰ ਠੀਕ ਹੋ ਜਾਂਦਾ ਹੈ ਤਾਂ ਪਲੇਟਲੈੱਟਸ ਦੀ ਗਿਣਤੀ ਆਪਣੇ ਆਪ ਹੀ ਵਧ ਜਾਂਦੀ ਹੈ ਬਸ਼ਰਤੇ ਵਾਰ ਵਾਰ ਬੁਖਾਰ ਨਾ ਚੜ੍ਹੇ। ਸਿਹਤ ਵਿਭਾਗ ਦੀ ਰੀੜ ਹੱਡੀ ਸਮਝੇ ਜਾਂਦੇ ਮਲਟੀਪਰਪਜ ਹੈਲਥ ਵਰਕਰ ਅਤੇ ਸੁਪਰਵਾਈਜਰ ਘਰ ਘਰ ਜਾ ਕੇ ਡੇਂਗੂ ਗਤੀਵਿਧੀਆਂ ਕਰਦੇ ਹੋਏ ਲੋਕਾਂ ਨੂੰ ਜਾਗਰੂਕ ਕਰਦੇ ਹਨ। ਇਹਨਾਂ ਬਹੁਮੰਤਵੀ ਸਿਹਤ ਕਾਮਿਆਂ ਨੂੰ ਘਰ ਘਰ ਜਾਣ ਦਾ ਜੋ ਬੱਝਵਾਂ ਸਫ਼ਰੀ ਭੱਤਾ ਮਿਲਦਾ ਸੀ ਪਿਛਲੀ ਚੰਨੀ ਸਰਕਾਰ ਨੇ ਬੰਦ ਕਰ ਦਿੱਤਾ ਹੈ ਪਰ ਇਹ ਸਿਹਤ ਕਾਮਿਆਂ ਨੇ ਘਰ ਘਰ ਜਾਣ ਦਾ ਕੰਮ ਬੰਦ ਨਹੀਂ ਕੀਤਾ ਅਤੇ ਭੱਤਾ ਬੰਦ ਕਰਨ ਦੀ ਬਾਵਜੂਦ ਵੀ ਟੂਰ ਕਰ ਰਹੇ ਹਨ। ਪਿੰਡਾਂ ਵਿੱਚ ਜਾਣਕਾਰੀ ਕੈਂਪ ਲਗਾਉਣ ਦੇ ਨਾਲ ਘਰ ਘਰ ਟੂਰ ਕਰਕੇ ਡੇਂਗੂ ਜਾਣਕਾਰੀ ਦੇ ਪਰਚੇ ਵੰਡਦੇ ਹਨ। ਖੂਨ ਦੀ ਜਾਂਚ ਕਰਦੇ ਹਨ। ਪਰ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਪਦਾਰਥ ਵਾਦੀ ਇਸ ਸਮਾਜ ਦੇ ਕੁੱਝ ਝੋਲਾਛਾਪ ਅਖੌਤੀ ਡਾਕਟਰ ਅਤੇ ਆਪੂੰ ਬਣੇ ਵੈਦ ਆਪਣੀਆਂ ਜੇਬਾਂ ਭਰਨ ਨੂੰ ਮੁੱਖ ਰੱਖ ਕੇ ਭੋਲੇ ਭਾਲੇ ਲੋਕਾਂ ਨੂੰ ਹਥੌਲਾ ਪਾ ਕੇ ਅਤੇ ਡੇਂਗੂ ਦੇ ਸ਼ਰਤੀਆ ਇਲਾਜ ਦੀਆਂ ਪੁੜੀਆਂ ਅਤੇ ਕਿਸੇ ਖਾਸ ਪਸ਼ੂ ਦਾ ਦੁੱਧ ਅਤੇ ਖਾਸ ਫਲ ਦਾ ਜੂਸ ਪੀਣ ਦੀਆਂ ਸਲਾਹਾਂ ਦੇ ਕੇ ਸਮਾਜ ਨੂੰ ਗੁੰਮਰਾਹ ਕਰਦੇ ਹਨ। ਥਾਂ ਥਾਂ ਤੇ ਮੈਂ ਫੱਟੇ ਲੱਗੇ ਵੇਖੇ ਹਨ ਕਿ ਇੱਕ ਪੁੜੀ ਨਾਲ ਪੰਜ ਹਜ਼ਾਰ ਤੱਕ ਸੈੱਲ ਵਧਾਓ। ਸਿਹਤ ਵਿਭਾਗ ਨੂੰ ਅਜਿਹੇ ਅਨਸਰਾਂ ਖਿਲਾਫ਼ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਜਨਤਾ ਦੀ ਲੁੱਟ ਬੰਦ ਹੋ ਸਕੇ।

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜ਼ਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ


- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

## .ਗ਼ਜ਼ਲ

ਉਮਰ ਵਡੇਰੀ ਹੋ ਗਈ ਜੇ, ਕੰਮ ਰੁਕਦੇ ਰੁਕਦੇ ਕਰਿਆ ਕਰ।
ਹੁਣ ਫੱਟੇ ਜਿੱਥੇ ਪਏ ਰਹਿਣ ਦੇ, ਨਾ ਚੁੱਕਦੇ ਚੁੱਕਦੇ ਕਰਿਆ ਕਰ।

ਮਿੱਠੇ ਨੂੰ ਬਹੁਤਾ ਖਾਈਂ ਨਾ, ਤੂੰ ਜੀਅ ਐਵੇਂ ਲਲਚਾਈਂ ਨਾ,
ਘੱਟ ਲੂਣ ਦੀ ਵਰਤੋਂ ਚੰਗੀ ਏ, ਨਾ ਭੁੱਕਦੇ ਭੁੱਕਦੇ ਕਰਿਆ ਕਰ।

ਤਨ ਜਿੰਨਾ ਕੁ ਝੱਲ ਸਕਦਾ ਏ, ਤੂੰ ਬੋਝ ਓਨਾ ਹੀ ਪਾਇਆ ਕਰ,
ਵੱਧ ਵਜ਼ਨ ਉਠਾ ਕੇ ਗੋਡਿਆਂ ਨੂੰ ਨਾ ਦੁੱਖਦੇ ਦੁੱਖਦੇ ਕਰਿਆ ਕਰ।

ਮਿਲ ਵਰਤ ਕੇ ਵਕਤ ਗੁਜ਼ਾਰ ਲਵੀਂ, ਹਮਸਫ਼ਰਾਂ ਦੀ ਵੀ ਸਾਰ ਲਵੀਂ,
ਖ਼ੁਸ਼ਦਿਲ ਬਣ ਕਾਰਜ ਕਰਨੇ ਆਂ, ਨਾ ਰੁੱਸਦੇ ਰੁੱਸਦੇ ਕਰਿਆ ਕਰ।

ਪਾਣੀ ਬਿਨ ਪੌਦੇ ਮਰ ਜਾਂਦੇ, ਧੁੱਪ ਤੇਜ਼ ਪਵੇ ਤਾਂ ਸੜ ਜਾਂਦੇ,
ਬਿਨ ਖ਼ਾਦ ਕਦੇ ਲਹਿਰਾਉਂਦੇ ਨਹੀਂ, ਨਾ ਸੁੱਕਦੇ ਸੁੱਕਦੇ ਕਰਿਆ ਕਰ।

ਸਿੱਖ ਕੌਮ ਬਹਾਦਰ ਦੁਨੀਆਂ ’ਤੇ ਜੋ ਮਾਨਵਤਾ ਲਈ ਲੜਦੀ ਏ,
ਘੱਟ ਗਿਣਤੀ ਬਰਕਤ ਰੱਬ ਦੀ ਏ, ਨਾ ਮੁੱਕਦੇ ਮੁੱਕਦੇ ਕਰਿਆ ਕਰ।

ਜੋ ਚੜ੍ਹਦੀ ਕਲਾ ’ਚ ਰਹਿੰਦੇ ਨੇ, ਕਦੇ ਢਹਿੰਦੀ ਦੇ ਵੱਲ ਜਾਂਦੇ ਨਹੀਂ,
ਮੈਦਾਨੇ ਜੰਗ ਦੇਖ ‘ਲਾਂਬੜਾ’ ਸਿੰਘ ਬੁੱਕਦੇ ਬੁੱਕਦੇ ਕਰਿਆ ਕਰ।



**ਸੁਰਜੀਤ ਸਿੰਘ ਲਾਂਬੜਾ**
**92177-90689**

## ਅਜੀਬ ਮਾਨਸਿਕਤਾ

ਮਾਂ ਦੇ ਦਿਨ ਤੇ ਮਦਰ ਡੇ ਮਨਾਉਂਦੇ ਹਾਂ,
ਸਾਰਾ ਦਿਨ ਫਿਰ ਮਾਂ ਦੇ ਹੀ ਗੁਣ ਗਾਉਂਦੇ ਹਾਂ।

ਚੰਗੀ ਲੱਗੇ ਪਤਨੀ ਤੇ ਸਾਲੀ ਲੱਗੇ ਘੱਟ ਨਾ,
ਰੱਖੜੀ ਦੇ ਦਿਨ ਤੇ ਭੈਣਾਂ ਤਾਈਂ ਸਰਾਹੁੰਦੇ ਹਾਂ।

ਭਾਬੀਆਂ ਵੀ ਆ ਵੀਰਾਂ ਘਰ ਚਾਰ ਚੰਦ ਲਾਉਂਦੀਆਂ,
ਰਲ ਭਾਵੇਂ ਸਾਰੇ ਕਦੇ ਭਾਬੀਆਂ ਤਾਈਂ ਸਤਾਉਂਦੇ ਹਾਂ।

ਸੱਸ ਬਣਾ ਲੈਂਦੀ ਦੂਜੇ ਘਰੋਂ ਆਈ ਧੀ ਨੂੰਹ ਰਾਣੀ ਨੂੰ,
ਇਹੋ ਜਿਹਾ ਪਿਆਰ ਅਸੀਂ ਟੱਬਰਾਂ ’ਚ ਚਾਹੁੰਦੇ ਹਾਂ।

ਤਾਈ, ਚਾਚੀ, ਮਾਮੀ, ਭੂਆ, ਮਾਸੀ ਅਤੇ ਦਾਦੀ,
ਸਾਰੇ ਰਿਸ਼ਤਿਆਂ ਨੂੰ ਕਹਿੰਦੇ ਬਹੁਤ ਮਨਭਾਉਂਦੇ ਹਾਂ।

ਗੱਲ ਇਹੋ ਮੈਨੂੰ ਬਿਲਕੁਲ ਸਮਝ ਨਾ ਲੱਗੇ,
ਕੁੜੀਆਂ ਕੁੱਖ ਵਿੱਚ ਫਿਰ ਕਿਉਂ ਕਤਲ ਕਰਾਉਂਦੇ ਹਾਂ?

ਜੀਵ ਹੱਤਿਆ ਪਾਪ ਦਾ ਹੋਕਾ ਭਾਵੇਂ ਦੇਈ ਜਾਈਏ,
ਕਈ ਵਾਰੀ ਜਾਨਵਰ ਛੱਡ ਇਨਸਾਨ ਮਰਾਉਂਦੇ ਹਾਂ।

ਮਨੁੱਖਤਾ ਦੀ ਸਾਰੀ ਜਾਤ ਭਾਵੇਂ ਹੈਗੀ ਇੱਕ ਆ,
ਮਨੁੱਖ ਦੀ ਜਾਤ ਪਰ ਦੇਖ ਕੇ ਹੀ ਗਲ ਲਾਉਂਦੇ ਹਾਂ।

ਧੰਨਵਾਨ ਪਤਵੰਤਿਆਂ ਨੂੰ ਅੱਗੇ ਕਰਕੇ ਬਿਠਾਉਂਦੇ ਹਾਂ।
ਮਾੜੇ ਹਲਾਤਾਂ ਵੇਲੇ ਪਿੱਛੇ ਕਰਕੇ ਔਕਾਤ ਦਿਖਾਉਂਦੇ ਹਾਂ।

ਪੁੱਤ ਜੰਮੇ ਤੇ ਸਿਰ ਸਾਡਾ ਮਾਣ ਨਾਲ ਉੱਚਾ ਹੋਈ ਜਾਵੇ,
ਸਾਰੀ ਉਮਰ ਭਾਵੇਂ ਕੁੜੀਆਂ ਦੇ ਕਾਤਲ ਕਹਾਉਂਦੇ ਹਾਂ।

ਖੁਰਦਪੁਰੀਆ ਸਭ ਕੁੱਝ ਕਰ ਨਾ ਰਤਾ ਪਛਤਾਉਂਦੇ ਹਾਂ,
ਅਵਤਾਰ ਨਾਗਾ ਪਾਏ ਬਿਨਾਂ ਰੱਬ ਵੀ ਧਿਆਉਂਦੇ ਹਾਂ।



**ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ (ਜਲੰਧਰ)**
**006421392147**

## .ਗ਼ਜ਼ਲ

ਜੀਅ ਰਹੇ ਨੇ ਸਹਿਮ ਵਿਚ ਲੋਕੀ, ਅੰਧੇਰੇ ਦੀ ਤਰ੍ਹਾਂ ।
ਦੀਪ ਕੋਈ, ਕੋਈ ਜਗਦਾ ਹੈ, ਸਵੇਰੇ ਦੀ ਤਰ੍ਹਾਂ।

ਉਹ ਬੜਾ ਚਾਤੁਰ ਮਦਾਰੀ, ਜੋ ਵਜਾਉਂਦਾ ਵੰਝਲੀ,
ਕੀਲ ਕੇ ਪਾਉਂਦਾ ਪਟਾਰੀ ਵਿਚ, ਸਪੇਰੇ ਦੀ ਤਰ੍ਹਾਂ।

ਦਾਤਰੀ ਪਾਉਂਦਾ ਜੜ੍ਹਾਂ ਵਿਚ ਛਾਂ ਦਿੰਦੇ ਨੇ ਰੁੱਖ ਜੋ,
ਫੁੱਲ ਕਾਗਜ਼ ਦੇ ਸਜਾਉਂਦਾ ਹੈ, ਬਨੇਰੇ ਦੀ ਤਰ੍ਹਾਂ।

ਪਰਦਿਆਂ ਵਿਚ ਹੈ ਛੁਪਾਉਂਦਾ ਭੇਤ ਅਪਨੇ ਸ਼ਖ਼ਸ ਉਹ,
ਫ਼ਖ਼ਰ ਅਪਣੇ ਆਪ ਤੇ ਕਰਦਾ, ਚੰਗੇਰੇ ਦੀ ਤਰ੍ਹਾਂ।

ਖੋਰਦਾ ਕੰਢੇ ਸਮੁੰਦਰ ਉਠ ਰਹੇ ਨੇ ਜ਼ਲਜ਼ਲੇ ,
ਜਾਲ ਲਾਉਂਦਾ, ਮਛਲੀਆਂ ਨੂੰ, ਉਹ ਮਛੇਰੇ ਦੀ ਤਰ੍ਹਾਂ।

ਵੰਡਣੀ ਆਪਾਂ ਮੁਹੱਬਤ, ਮਹਿਕ ਝਲਕੇ, ਪਿਆਰ ਦੀ,
ਰਾਤ ਰਾਣੀ ਮਹਿਕਦੀ ਜੀਕਣ, ਚੁਫੇਰੇ ਦੀ ਤਰ੍ਹਾਂ ।

ਫੁੱਲ ਟੁੱਟੇ ਨਾ ਕੋਈ ਵੀ, ਬਾਗ਼ ਵਿੱਚੋਂ ਮਹਿਕਦਾ,
ਰੱਖਣਾ ਪਹਿਰਾ, ਹਨ੍ਹੇਰੇ ਵਿਚ, ਸਵੇਰੇ ਦੀ ਤਰ੍ਹਾਂ ।



**ਮੇਜਰ ਸਿੰਘ ਰਾਜਗੜ੍ਹ**

## ਕੱਢੀ ਜਾਨਾਂ ਏਂ

ਖ਼ੂਨ ਦਾ ਰਿਸ਼ਤਾ ਬਣਾ ਕੇ ਯਾਰਾ,ਅੱਜ ਕੀ ਘੁੰਣਸਾਂ ਕੱਢੀ ਜਾਨਾਂ ਏਂ।
ਕਾਹਤੋਂ ਵਿਗਾੜ ਪਾ ਰਿਹੈਂ ਖੁਦ ਤੂੰ,ਸਾਰੇ ਇਕਰਾਰ ਰੱਦੀ ਜਾਨਾ ਏਂ।

ਜਿੰਦਗੀ ਨੂੰ ਸਰਪਟ ਲੀਹੇ ਪਾਉਣ ਲਈ ਸਮਝ ਬਰੀਕੀ ਚਾਹੀਦੀ,
ਬੰਦਾ ਹੁੰਦੈ ਬੰਦੇ ਲਈ ਦਾਰੂ ਤਾਂ ਦੁਪਾਸਿਓਂ ਲੋੜ ਹਕੀਕੀ ਚਾਹੀਦੀ,
ਪੈਰ ਪੈਰ ਪਿੱਛੇ ਮੁੜਦਾ ਜਾਵੇਂ, ਕਿਸ ਜਿਦ ਵਿੱਚ ਛੱਡੀ ਜਾਨਾ ਏਂ....

ਧਨ ਦੇ ਨਾਲ ਨਹੀਂ ਨਾਪੇ ਜਾਂਦੇ ਕਦੇ ਮੁਹੱਬਤਾਂ ਦੇ ਦਸਤੂਰ ਬਈ,
ਲਾਲਚ, ਅੜੀਆਂ, ਨਿੱਜੀ ਖੋਹਾਂ ਕਰ ਦਿੰਦੀਆਂ ਦਿਲਾਂ ਨੂੰ ਦੂਰ ਬਈ,
ਸਮਾਜੀ ਰਿਸ਼ਤਿਆਂ ਦੇ ਚਾਅ ਮਲਾਰ ਫੜ ਫੜ ਦੱਬੀ ਜਾਨਾ ਏਂ ....

ਬਾਗ ਬਗੀਚੇ ਮਹਿਕ ਰਹੇ ਨੇ ਏਥੇ,ਇੱਥੋਂ ਹੀ ਕੁੱਝ ਸਿੱਖ ਲਈਏ,
ਦੋਸਤੀਆਂ ਦੇ ਰੰਗਲੇ ਟੱਪੇ,ਭਰ ਉਮਰਾਂ ਤੱਕ ਲਈ ਲਿਖ ਲਈਏ,
ਅਜੇ ਵੀ ਪੂਰਾ ਯਾਕੀਨ ਨਾ ਆਵੇ ਸੇਹ ਦੇ ਤੱਕਲੇ ਗੱਡੀ ਜਾਨਾ ਏਂ....

ਬੋਲੀ ਤੇ ਵਰਤਾਰਾ ਵੱਡ-ਅਕਾਰੀ ਹੋਣਾ ਸੱਭ ਤੋਂ ਬੜਾ ਜਰੂਰੀ ਹੈ,
ਜਜਬਾਤਾਂ ਦੇ ਖੁੱਲ੍ਹੇ ਵਹਾਅ ਬਿਨਾਂ ਰਹਿ ਜਾਂਦੀ ਮੰਜ਼ਿਲ ਅਧੂਰੀ ਹੈ,
ਲਗਦੈ ਜਿਵੇਂ ਰਾਜਸੱਤਾ ਨਾਲ ਮਿਲਕੇ, ਜੁਬਾਨ ਨੂੰ ਉਲੱਦੀ ਜਾਨਾਂ ਏਂ ....

ਯਾਰੀ ਦੋਸਤੀ ਜੋ ਬਿਨਾਂ ਮਿਆਰੋਂ, ਨਿਰੀ ਹੀ ਤਿਲਕਣਬਾਜ਼ੀ ਰਹੇ,
ਤਣ ਪੱਤਣਾ ਨੂੰ ਛੂਹ ਲੈਂਦੇ ਨੇ ਜੋ ਆਪਸ ਵਿੱਚ ਬਣੇ ਨਿਆਜ਼ੀ ਰਹੇ,
ਕਿਸ ਹੈਰਾਨੀ ਦੇ ਉੱਪਰੋਂ ਨਜ਼ਰਾਂ ਅਜੀਬ ਹੀ ਟੱਡੀ ਜਾਨਾਂ ਜਾਨਾ ਏਂ ....

**ਸੁਖਦੇਵ ਸਿੱਧੂ**

## ਮਾਂ ! ਤੂੰ

ਮਾਂ! ਤੂੰ ਸਾਨੂੰ ਇੱਕਲੇ ਛੱਡ ਕੇ, ਤੁਰ ਗਈ ਕਿਹੜੇ ਦੇਸ਼
ਜਿੱਥੋਂ ਕੋਈ ਵੀ ਮਿਲੇ ਨਾ ਤੇਰਾ ਦੁਖ-ਸੁਖ ਦਾ ਸੰਦੇਸ਼

ਤੇਰੇ ਕਰਕੇ ਜ਼ਿੰਦਗੀ ਦੇ ਹਰ ਦੁੱਖ ਭੁੱਲ ਭਲਾ ਗਏ ਸੀ
ਪਤਾ ਨਾ ਲੱਗਿਆ ਕਿਵੇਂ ਐਨੇ ਸਾਲ ਲੰਘਾ ਗਏ ਸੀ

ਤੇਰੇ ਨਾਲ ਹੀ ਮਾਂ! ਸਾਡੀ ਸ਼ੁਭ ਸਵੇਰ ਤੇ ਸ਼ਾਮ ਹੁੰਦੀ ਸੀ
ਪਤਾ ਨਾ ਲਗਦਾ ਕਦ ਦੁਪਿਹਰ ਤੇ ਕਦ ਰਾਤ ਹੁੰਦੀ ਸੀ

ਤੂੰ ਛਡ ਕੇ ਚਲੀ ਗਈ, ਬੱਸ ਹੌਂਸਲਾ ਹੀ ਟੁੱਟ ਗਿਆ
ਇੰਝ ਲਗਦਾ ਜਿਵੇਂ ਹਰ ਵਗਦਾ ਸਾਹ ਹੀ ਰੁਕ ਗਿਆ

ਤੇਰੇ ਪੋਤੇ-ਪੋਤਰੀਆਂ ਨੂੰ ਅਸੀਂ ਕਿੱਦਾਂ ਸਮਝਾਂਵਾਗੇ
ਤੇਰੇ ਵਰਗੀ ਦਾਦੀ ਉਨ੍ਹਾਂ ਲਈ, ਕਿੱਥੋਂ ਲਿਆਵਾਂਗੇ



**ਕੁਲਵਿੰਦਰ ਕੁਮਾਰ ਬਹਾਦਰਗੜ੍ਹ**
**9914481924**

## ਜੱਟ ਨੇ

ਹੱਕ ਕਿਸੇ ਕੋਲ ਛੱਡਿਆ ਨਹੀਓਂ
ਕਰਿਆ ਨਾ ਕਦੇ ਧੋਖਾ
ਵਕਤ ਗੁਜਰ ਗਿਆ ਹਸਦਿਆਂ ਹਸਦਿਆਂ
ਕੰਮ ਭਾਵੇਂ ਸੀ ਔਖਾ
ਜਿੱਥੇ ਲਾਈ ਦਿਲ ਤੋਂ ਲਾਈ ਮਿੱਤਰੋ ਪੱਕੀ ਯਾਰੀ
ਜੱਟ ਨੇ ਮੋਢਿਆਂ ਤੇ ਚੁੱਕ ਲਈ ਜਿੰਮੇਵਾਰੀ
ਓ ਜੱਟ ਨੇ ਮੋਢਿਆਂ ਤੇ

ਗਿਣਤੀ ਦੇ ਹੀ ਯਾਰ ਬਣਾਏ
ਅੜਗੇ ਵਾਂਗ ਸਤੀਰਾਂ
ਤੱਤੀ ਵਾਅ ਕਦੇ ਲੱਗਣ ਨਾ ਦਿੱਤੀ
ਮੈਨੂੰ ਮੇਰਿਆਂ ਵੀਰਾਂ
ਭੰਗੂਆਂ ਗਰੇਵਾਲਾਂ ਕਰਕੇ ਕੈਮ ਪੂਰੀ ਸਰਦਾਰੀ
ਜੱਟ ਨੇ ਮੋਢਿਆਂ ਤੇ ਚੁੱਕ ਲਈ ਜਿੰਮੇਵਾਰੀ
ਓ ਜੱਟ ਨੇ ਮੋਢਿਆਂ ਤੇ

ਜਿਲ੍ਹਾ ਮੁਹਾਲੀ ਪੈਂਦਾ ਸਾਨੂੰ
ਜਿੰਮੀਦਾਰ ਹਾਂ ਛੋਟੇ
ਬੰਦੇ ਮੇਰੇ ਪਿੰਡ ਦੇ ਸਾਊ
ਨਾ ਦਿਲਾਂ ਦੇ ਖੋਟੇ
ਢਿਲੋਂਆਂ ਧਾਲੀਵਾਲਾਂ ਦੀ ਉਂਝ ਫਸੀ ਰਹਿੰਦੀ ਗਰਾਰੀ
ਜੱਟ ਨੇ ਮੋਢਿਆਂ ਤੇ ਚੁੱਕ ਲਈ ਜਿੰਮੇਵਾਰੀ
ਓ ਜੱਟ ਨੇ ਮੋਢਿਆਂ ਤੇ

ਪਿੰਡ ਹੰਸਾਲੇ ਰਹਿੰਦਾ ਸੁੱਖ ਨਾਲ
ਧਾਲੀਵਾਲਾਂ ਦਾ ਲਾਣਾ
ਬੱਚਿਆਂ ਨੂੰ ਪੜ੍ਹਾ ਲੈ ਧੰਨਿਆਂ
ਜੇ ਚੰਗਾ ਰਹਿ ਜਾਣਾ
ਪੜ੍ਹ ਲੈਂਦਾ ਜੇ ਚਾਰ ਜਮਾਤਾਂ ਨਾ ਚਲਾਉਂਦਾ ਲਾਰੀ
ਜੱਟ ਨੇ ਮੋਢਿਆਂ ਤੇ ਚੁੱਕ ਲਈ ਜਿੰਮੇਵਾਰੀ
ਓ ਜੱਟ ਨੇ ਮੋਢਿਆਂ ਤੇ



**ਧੰਨਾ ਧਾਲੀਵਾਲ**

## ਮਾਵਾਂ

ਜੰਨਤ ਦੇ ਵੱਲ ਜਾਂਦੀਆਂ ਇਹਨਾਂ ਰਾਹਵਾਂ ਨੂੰ।
ਲੋਕੋ ਭੁੱਲ ਨਾ ਜਾਇਓ ਆਪਣੀਆਂ ਮਾਵਾਂ ਨੂੰ।

ਦੁੱਖਾਂ ਦਰਦਾਂ ਵਾਲੀਆਂ ਭਾਰੀਆਂ ਪੰਡਾਂ ਇਹ।
ਦਿਲ ਨੂੰ ਦੇ ਕੇ ਰੱਖਣ ਪੱਕੀਆਂ ਗੰਡਾਂ ਇਹ।
ਤਰਸਣ ਧੀਆਂ ਪੁੱਤਰ ਭੈਣ ਭਰਾਵਾਂ ਨੂੰ।
ਲੋਕੋ ਭੁੱਲ ਨਾ ਜਾਇਓ ਆਪਣੀਆਂ ਮਾਵਾਂ ਨੂੰ।

ਬੇਸ਼ੱਕ ਬਿਰਧ ਆਸ਼ਰਮ ਦੇ ਵਿਚ ਛੱਡ ਦਿੱਤਾ।
ਆਪਣੇ ਵੱਲੋਂ ਮਾਂ ਦਾ ਫਾਹਾ ਵੱਢ ਦਿੱਤਾ।
ਝੂਰੋਗੇ ਇਹਨਾਂ ਹੱਥੀਂ ਕਰੇ ਗੁਨਾਹਵਾਂ ਨੂੰ।
ਲੋਕੋ ਭੁੱਲ ਨਾ ਜਾਇਓ ਆਪਣੀਆਂ ਮਾਵਾਂ ਨੂੰ।

ਪੁੱਤ ਜਵਾਨ ਜੇ ਤੋਰਨੇ ਪੈਂਦੇ ਮਾਵਾਂ ਨੂੰ।
ਹੱਥੀਂ ਲਾਂਬੂ ਲਾਉਂਦੀਆਂ ਆਪਣੇ ਚਾਵਾਂ ਨੂੰ।
ਬੇਦੋਸ਼ੇ ਹੀ ਮਿਲੀਆਂ ਸਖ਼ਤ ਸਜ਼ਾਵਾਂ ਨੂੰ।
ਲੋਕੋ ਭੁੱਲ ਨਾ ਜਾਇਓ ਆਪਣੀਆਂ ਮਾਵਾਂ ਨੂੰ।



**- ਡਾ. ਆਤਮਾ ਸਿੰਘ ਗਿੱਲ**
**9878883680**

## ਮਾਂ-ਦਿਵਸ

ਮਾਂ ਦਾ ਰੁਤਬਾ ਹੈ ਸਭ ਤੋਂ ਉੱਚਾ ਰਿਸ਼ਤਿਆਂ ਵਿੱਚ,
ਜਿਸ ਨੂੰ ਭੁੱਲ ਕੇ ਵੀ ਭੁਲਾਇਆ ਨ੍ਹੀਂ ਜਾ ਸਕਦਾ।
ਅਰਸ਼ਾਂ ਵਿੱਚ ਸਭ ਤੋਂ ਉੱਚਾ ਚਮਕੇ,
ਦਿਖਾਵਿਆਂ ਵਿੱਚ ਇਸਨੂੰ ਦਿਖਾਇਆ ਨ੍ਹੀਂ ਜਾ ਸਕਦਾ।

ਸੁੱਚਾ ਪਿਆਰ ਆਪਣੇ ਬੱਚਿਆਂ ਤਾਂਈਂ,
ਹੋਰ ਕੋਈ ਰਿਸ਼ਤਾ ਨਿਭੇ ਨਾ ਇਹਦੇ ਵਾਂਗਰਾਂ।
ਹੋਂਦ ਤੋਂ ਲੈ ਕੇ ਬੱਚੇ ਦੇ ਜਨਮ ਤੇ ਉਸ ਤੋਂ ਬਾਅਦ,
ਜੋੜ ਕੇ ਰੱਖਦੀਆਂ ਨਾਲ ਅਪਣੇ, ਮਾਂ ਦੀਆਂ ਆਂਦਰਾਂ।

ਮਾਂ ਚਾਹੇ ਉਸਨੂੰ ਸ਼ੇਰ ਬਣਾਵੇ ਜਾਂ ਸ਼ੇਰ ਦਾ ਬਾਪ,
ਭਾਵੇਂ ਇਸ ਵਿੱਚ ਪੁੰਨ ਮਿਲਦਾ ਹੋਵੇ ਜਾਂ ਪਾਪ।
ਮਾਂ ਬੱਚੇ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ,
ਚਾਹੇ ਖੋਣਾ ਪਵੇ ਆਪਣਾ ਮੂਲ ਜਾਂ ਅਪਣਾ ਆਪ

ਆਂਚ ਬੱਚੇ ਨੂੰ ਆਉਣ ਨਾ ਦੇਵੇ ਭਾਵੇਂ,
ਅੱਗ ਵਿੱਚ ਸੜ- ਭੁੱਜ ਰਹੀ ਹੋਵੇ ਆਪ।
ਬਾਬੇ ਨਾਨਕ ਵੀ ਹੋਕਾ ਦਿੱਤਾ ਨਹੀਂ ਲੱਭਣਾ ਇਹ ਰਿਸ਼ਤਾ,
ਜਿਹੜੀ ਰਾਜਿਆਂ ਨੂੰ ਦੇਵੇ ਜਨਮ, ਭੂੰਜੇ ਸੌਂਕੇ ਕੱਟੇ ਰਾਤ।



**ਅਮਰਜੀਤ ਸਿੰਘ ਤੂਰ**
**9878469639**

## ਮਾਂ ਮੇਰੀ ਨੇ

ਮਾਂ ਮੇਰੀ ਨੇ ਦਿਨ ਕੱਟ ਲੈ, ਪਾ ਕੇ ਘਸਿਆਂ ਸੂਟਾਂ ਨੂੰ
ਸੀ ਚੁੰਨੀ ਦਾ ਰੰਗ ਉੱਡਿਆ, ਸਿਓਂਕੇ ਉਧੜੀਆਂ ਚੂਕਾਂ ਨੂੰ
ਮਾਂ ਮੇਰੀ ਨੇ ਦਿਨ ਕੱਟ ਲੈ, ਪਾ ਕੇ ਘਸਿਆ ਸੂਟਾਂ ਨੂੰ

ਬੜੀ ਗਰੀਬੀ ਵੇਖੀ ਮਾਂ ਨੇ, ਮੈਥੋਂ ਬਿਆਨੀ ਜਾਵੇ ਨਾ
ਸਬਰ ਸਿਦਕ ਦੀ ਮੂਰਤ ਨੇ, ਕੀਤੇ ਲੋਕ ਵਿਖਾਵੇ ਨਾ
ਕਈ ਸਿਆਲ ਕੱਢ ਲੈਂਦੀ, ਧੋਅ ਕੇ ਪੁਰਾਣੇ ਬੂਟਾਂ ਨੂੰ
ਮਾਂ ਮੇਰੀ ਨੇ ਦਿਨ ਕੱਟ ਲੈ, ਪਾ ਕੇ ਘਸਿਆਂ ਸੂਟਾਂ ਨੂੰ

ਅਜੇ ਤੀਕ,ਮੈਨੂੰ ਯਾਦ ਆ, ਜਦ ਮੈ ਛੋਟਾ ਹੁੰਦਾ ਸੀ
ਹਾਏ ਮਾਂ ਮਰ'ਜੇ ਕਹਿ ਗਲ ਲਾਉਂਦੀ,ਜਦ ਮੈ ਰੋਂਦਾ ਸੀ
ਵਿਅਰਥ ਜਾਣ ਨਾ ਦਿੰਦੀ ਸੀ, ਮੇਰੇ ਦਿਲ ਦੀਆਂ ਹੂਕਾਂ ਨੂੰ
ਮਾਂ ਮੇਰੀ ਨੇ ਦਿਨ ਕੱਟ ਲੈ, ਪਾ ਕੇ ਘਸਿਆਂ ਸੂਟਾਂ ਨੂੰ

ਲੱਖ ਮੁਸੀਬਤਾਂ ਝੱਲਦੀ ਰਹੀ ਮਾਂ, ਮੈਨੂੰ ਪਾਲਣ ਲਈ
ਅੱਜ ਦੋ ਵਕਤ ਦੀ ਰੋਟੀ ਸਰੇ ਨਾ, ਮਾਂ ਨੂੰ ਖੁਵਾਲਣ ਲਈ
ਬਿਰਧ ਆਸ਼ਰਮ ਛੱਡ ਆਵਾਂ, ਕਿਵੇਂ ਰੱਬ ਦਿਆਂ ਦੂਤਾਂ ਨੂੰ
ਮਾਂ ਮੇਰੀ ਨੇ ਦਿਨ ਕੱਟ ਲੈ, ਪਾ ਕੇ ਘਸਿਆਂ ਸੂਟਾਂ ਨੂੰ

ਕਈ ਜਨਮ, ਨਈ ਦੇ ਹੋਣਾ, ਸਾਥੋਂ ਕਰਜ਼ਾ ਮਾਵਾਂ ਦਾ
ਕਾਹਤੋਂ ਉਜਾੜੇ ਬਾਗ ਦਵਿੰਦਰ, ਮਮਤਾ ਦੀਆਂ ਛਾਵਾਂ ਦਾ
ਮੇਰੇ ਦੇਵਣ ਗੀਤ ਸੁਨੇਹਾ, ਬੇ-ਮੁੱਖ ਹੋਇ ਸਪੂਤਾਂ ਨੂੰ
ਮਾਂ ਮੇਰੀ ਨੇ ਦਿਨ ਕੱਟ ਲੈ, ਪਾ ਕੇ ਘਸਿਆਂ ਸੂਟਾਂ ਨੂੰ



**ਰਾਜ ਦਵਿੰਦਰ ਬਿਆਸ**
**81461-27393**

## ਮਦਰ ਡੇ ਤੇ ਮਾਂ

ਮਾਂ
ਮਾਂ ਦਾ ਪਿਆਰ ਮਿਲਦਾ ਹੈ।
ਨਸੀਬ ਵਾਲਿਆਂ ਨੂੰ
ਦੁਨੀਆਂ ਵਿੱਚ ਇਸ ਦਾ ਕੋਈ
ਬਾਜ਼ਾਰ ਨਹੀਂ ਹੁੰਦਾ।
ਇਹ ਰਿਸ਼ਤਾ ਹੈ ਰੱਬ ਦੀਆ
ਰਹਿਮਤਾਂ ਦਾ।
ਹਰ ਰਿਸ਼ਤਾ ਨਹੀਂ ਇਨ੍ਹਾਂ
ਵਫਾਦਾਰ ਹੁੰਦਾ।
ਮਾਂ ਨਾਲੋਂ ਵੱਧ ਕੇ ਕੋਈ ਲਾਡ ਲਡੋਂਦਾ ਨਹੀਂ

ਚਾਚੀ, ਤਾਈ, ਮਾਸੀ, ਮਾਮੀ
ਕੋਈ ਮਾਂ ਵਾਂਗ ਚਾਹੁੰਦਾ ਨਹੀਂ।
ਡੋਰ ਮੁੜ ਕੇ ਹੱਥ ਨਹੀਂ ਆਉਂਦੀ।
ਵਰਤ ਚੁੱਕੇ ਭਾਣਿਆਂ ਦੀ
ਮਾਵਾਂ ਠੰਡੀਆਂ ਛਾਵਾਂ
ਇਹ ਗੱਲ ਸਿਆਣਿਆਂ ਦੀ ਸੱਚ ਹੈ।
ਮਾਂ ਦੀ ਆਵਾਜ਼ ਸੁਕੂਨ ਦਿੰਦੀ ਹੈ।
ਮਾਂ ਸਭ ਦੀ ਜਗ੍ਹਾ ਲੈ ਸਕਦੀ ਹੈ।
ਪਰ ਮਾਂ ਦੀ ਮਮਤਾ ਦੀ ਜਗ੍ਹਾ
ਰੱਬ ਵੀ ਨਹੀਂ ਲੈ ਸਕਦਾ।
ਮਾਂ, ਮਾਂ ਪਿਆਰੀ ਮਾਂ।



ਸੁਰਜੀਤ ਸਾਰੰਗ

## ਮਮਤਾ ਦੀ ਮੂਰਤ...

ਮਾਂ ਮੇਰੀ ਮਮਤਾ ਦੀ ਮੂਰਤ,
ਪਿਆਰ ਬੜਾ ਮੈਨੂੰ ਕਰਦੀ ਹੈ।
ਦੁੱਖ ਹੋਵੇ ਜਦੋਂ ਮੈਨੂੰ ਕੋਈ,
ਉਹ ਵੀ ਅੱਖੀਆਂ ਭਰਦੀ ਹੈ।
ਮਾਂ ਮੇਰੀ....
ਹਰ ਮੋੜ ਤੇ ਭੀੜ ਦੇ ਵਿੱਚ,
ਹੱਥ ਮੇਰਾ ਉਹ ਫੜਦੀ ਹੈ।
ਜਿੱਤਣ ਵਾਲੀ ਹਰ ਮੁਸ਼ਕਿਲ ਨੂੰ,
ਕਦੇ ਵੀ ਨਾ ਹਰਦੀ ਹੈ।
ਮਾਂ ਮੇਰੀ....
ਦੁਨੀਆਂ ਦੇ ਤਾਹਨੇ-ਮਿਹਣੇ ਉਹ,
ਆਪਣੇ ਲਈ ਤਾਂ ਜਰਦੀ ਹੈ।
ਪਰ ਕਹੇ ਕੋਈ ਮੈਨੂੰ ਮਾੜਾ ਜੇ,
ਫਿਰ ਮਰੇ ਜਾਂ ਮਰਦੀ ਹੈ।
ਮਾਂ ਮੇਰੀ....
ਧੁੱਪੇ ਸੜਨ ਨਾ ਦੇਵੇ ਕਦੀ,
ਛਾਂ ਬਣ ਕੇ ਉਹ ਖੜ੍ਹਦੀ ਹੈ।
ਉਹ ਨੀਂਹ ਮਕਾਨ ਦੀ 'ਮਨਜੀਤ',
ਓਹਦੇ ਨਾਲ ਹੀ ਸ਼ੋਭਾ ਘਰਦੀ ਹੈ।
ਮਾਂ ਮੇਰੀ ਮਮਤਾ ਦੀ ਮੂਰਤ,
ਪਿਆਰ ਬੜਾ ਮੈਨੂੰ ਕਰਦੀ ਹੈ।



ਮਨਜੀਤ ਕੌਰ ਧੀਮਾਨ
9464633059

## ਕਾਸ਼ !

ਕਾਸ਼! ਮੇਰੀ ਵੀ ਮਾਂ ਹੁੰਦੀ
ਮੈਂ ਮਾਂ ਵੇਖੀ ਹੀ ਨਹੀਂ
ਉਹ ਮੈਨੂੰ ਚਿੱਠੀ ਲਿਖਦੀ
ਕਦੇ ਕਹਿੰਦੀ, ਮੈਂ ਬਹੁਤ ਉਦਾਸ ਹਾਂ
ਮਿਲਣ ਹੀ ਆ ਜਾ

ਕਾਸ਼! ਮੇਰੀ ਵੀ ਮਾਂ ਹੁੰਦੀ
ਮੈਨੂੰ ਤੁਰਨ ਵੇਲੇ
ਚੋਰੀ ਛੁਪੇ ਕੁੱਝ ਨਾ ਕੁੱਝ ਫੜਾਉਂਦੀ
ਤੇ ਮੇਰੀ ਮੁੱਠੀ ਬੰਦ ਕਰ ਦਿੰਦੀ

ਕਾਸ਼! ਮੇਰੀ ਵੀ ਮਾਂ ਹੁੰਦੀ
ਮੈਨੂੰ ਬਾਰ ਬਾਰ ਰੁਕਣ ਨੂੰ ਕਹਿੰਦੀ
ਮੇਰਾ ਦਹਿਲੀਜ਼ ਤੇ ਖੜ੍ਹ ਕੇ ਇੰਤਜ਼ਾਰ ਕਰਦੀ
ਮੈਨੂੰ ਆਉਂਦੀ ਨੂੰ ਵੇਖ
ਖੁਸ਼ੀ ਵਿਚ ਲੋਟ-ਪੋਟ ਹੋ ਜਾਂਦੀ

ਕਾਸ਼! ਮੇਰੀ ਵੀ ਮਾਂ ਹੁੰਦੀ
ਜੇ ਮੇਰੀ ਮਾਂ ਹੁੰਦੀ
ਉਹ ਕਿਵੇਂ ਦੀ ਹੁੰਦੀ
ਕੀ ਉਹ ਰੱਬ ਵਰਗੀ ਹੁੰਦੀ
ਜਾਂ ਰੱਬ ਉਹਦੇ ਵਰਗਾ ਹੁੰਦਾ
ਕਾਸ਼! ਮੇਰੀ ਵੀ ਮਾਂ ਹੁੰਦੀ
ਕਾਸ਼! ਮੇਰੀ ਵੀ ਮਾਂ ਹੁੰਦੀ।



ਕੰਵਲਜੀਤ ਕੌਰ ਜੁਨੇਜਾ

## ਬਿਆਈਆਂ ਦੀ ਟੀਸ

ਪੈਰਾਂ ਦੀਆਂ ਪਾਟੀਆਂ
ਬਿਆਈਆਂ ਦੀ ਟੀਸ ਨੂੰ
ਜੀ ਚਾਹੁੰਦਾ ਹੈ ਕਹਾਂ,
'ਐਵੇਂ ਨਾ ਰੌਲਾ ਪਾਇਆ ਕਰ।
ਪਤਾ ਹੈ ਮੈਨੂੰ ਵੀ,
ਜਦ ਵੀ ਪਿਛਾਂਹ ਝਾਤੀ ਮਾਰਦਾ ਹਾਂ,
ਤੇਰੀਆਂ ਪੈੜਾਂ ਦਾ ਸਫਰ
ਦੂਰ ਅਤੀਤ ਚੋਂ
ਬੰਜਰਾਂ, ਵੱਤਰਾਂ ਤੋਂ
ਕੱਚੇ ਪਹਿਆਂ ਤੇ
ਤਾਰਕੋਲੀ ਸੜਕਾਂ ਨੂੰ ਗਾਹੁੰਦਾ
ਮਹਾਂ ਨਗਰਾਂ ਦੀਆਂ ਸੀਮਾਵਾਂ ਵੀ
ਸਰ ਕਰਦਾ ਹੈ।
ਵਕਤ ਦੇ ਹਰ ਸਿਤਮ ਨੂੰ ਜਰਦਾ ਹੈ।'

ਫਿਰ ਅੰਦਰਲਾ ਹਾਉਕਾ
ਕਰਵਟ ਲੈਂਦਾ ਹੈ
'ਯਾ ਮੌਲਾ
ਕਦੀ ਤਾਂ ਇਧਰ ਵੀ ਨਜ਼ਰ ਕਰ
ਮੈਂ ਕਿੱਥੇ ਕਿੱਥੇ ਥਾਹ ਪਾਵਾਂ,
ਪੁਸ਼ਤ ਦਰ ਪੁਸ਼ਤ
ਸਫ਼ਰ ਇਸ ਟੀਸ ਦਾ ਹੈ ਕਿ
ਮੁੱਕਦਾ ਹੀ ਨਹੀਂ।
ਜੇ ਕਿਸਮਤ ਦੀ ਪੋਤਰੀ ਖੁੱਲ੍ਹਾਂ,
ਘਰ ਦੇ ਕੱਚੇ,
ਕਦੀ ਸੁਲਘਦੇ,
ਕਦੀ ਫਾਕੇ ਕੱਟਦੇ,
ਚੁੱਲ੍ਹੇ ਨੂੰ ਪੁੱਛਾਂ,
ਹਉਕਾ ਜਿਹਾ ਭਰਦਾ
ਉਹ ਵੀ ਕਹਿੰਦਾ ਹੈ
'ਤੂੰ ਵੀ ਤਾਂ
ਕੁੱਝ ਕਰ ਨਹੀਂ ਪਾਇਆ
ਉੱਥੇ ਹੀ ਖਲੋਤਾ ਹੈਂ
ਜਿੱਥੇ
ਤੇਰੇ ਬਾਪ ਦੇ ਬਾਪ ਦਾ ਬਾਪ
ਖੜ੍ਹਾ ਸੀ।
ਤੂੰ ਵੀ ਕਿਹੜਾ ਛੱਡੀ ਹੈ
ਸਮੇਂ ਤੇ ਕੋਈ ਛਾਪ।
ਨਾ ਤੇਰੀ ਕਿਸਮਤ ਬਦਲੀ ਹੈ,
ਨਾ ਮੇਰਾ ਮੂੰਹ-ਮੱਥਾ ਸੰਵਰਿਆ ਹੈ।'
ਤੇ ਮੈਂ ਨਿੰਮੋਝੂਣਾ ਜਿਹਾ ਹੋ
ਕਹਿੰਦਾ ਹਾਂ
ਨਹੀਂ, ਨਹੀਂ
ਹੁਣ ਵਕਤ ਬਦਲ ਗਿਆ ਹੈ,
ਅੰਬਰ ਦੀ ਤਾਸੀਰ ਬਦਲੀ ਹੈ।
ਮੈਂ ਤੁਰਾਂਗਾ,
ਵਕਤ ਤੇ ਹਵਾ ਦੇ
ਥਪੇੜਿਆਂ ਨਾਲ ਲੜਾਂਗਾ
ਦੂਰ ਦੁਮੇਲ ਤੇ ਉੱਗਦੀ ਲਾਲੀ
ਦੇ ਬੂਹੇ ਤੇ ਦਸਤਕ ਦਿਆਂਗਾ।
ਮੇਰਾ ਬੇਟਾ ਕਦੀ ਵੀ ਤੇਰਾ
ਇਹ ਉਲਾਂਭਾ ਨਹੀਂ ਸੁਣੇਗਾ
ਕਿ ਤੂੰ ਵੀ ਉੱਥੇ ਹੀ ਖੜ੍ਹਾ ਹੈਂ
ਜਿੱਥੇ ਤੇਰਾ ਬਾਪ ਖੜ੍ਹਾ ਸੀ।



ਜਗਤਾਰ ਸਿੰਘ ਹਿੱਸੋਵਾਲ
98783-30324

## ਬੂਟੇ ਤੇ ਪੰਛੀ

ਗਰਮੀ ਗਈ ਹੈ ਹੁਣ ਆ ਮੱਖਣਾ,
ਬੂਟੇ ਤੇ ਪੰਛੀਆਂ ਦਾ ਖਿਆਲ ਰੱਖਣਾ।
ਛੋਟੇ ਛੋਟੇ ਬੂਟਿਆਂ ਨੂੰ ਛਾਂ ਚਾਹੀਦੀ,
ਪੰਛੀਆਂ ਨੂੰ ਬਹਿਣ ਲਈ ਥਾਂ ਚਾਹੀਦੀ।
ਇਹਨਾਂ ਬਿਨਾਂ ਸਾਡਾ ਹੈ ਸਮਾਜ ਸੱਖਣਾ,
ਗਰਮੀ ਗਈ ਹੈ...........
ਪਾਣੀ ਤੇ ਦਾਣੇ ਛੱਤ ਉੱਤੇ ਪਾਉਣੇ ਨੇ,
ਫਿਰ ਚੋਗਾ ਚੁਗਣ ਲਈ ਪੰਛੀ ਆਉਣੇ ਨੇ।
ਇੱਕ ਇੱਕ ਦਾਣਾ ਹੈ ਉਹਨਾਂ ਨੇ ਚੱਖਣਾ,
ਗਰਮੀ ਗਈ ਹੈ...........
ਬੂਟਿਆਂ ਨੂੰ ਪਾਣੀ ਪਾਉਣਾ ਨਹੀਂ ਭੁੱਲਣਾ,
ਏਦੂ ਵੱਡਾ ਪੁੰਨ ਕੋਈ ਇਸ ਦੇ ਤੁੱਲ ਨਾ।
ਰਹੇ ਨਾ ਜੇ ਇਹ, ਪੱਟੀ ਜਾਊ ਜੱਖਣਾ।
ਗਰਮੀ ਗਈ ਹੈ...........
ਹਰਪ੍ਰੀਤ ਪੱਤੋ, ਸਭ ਤਾਂਈ ਆਖਦਾ,
ਚਾਹੀਦਾ ਭਰੋਸਾ ਤੇ ਸਾਥ ਆਪ ਦਾ।
ਇਹਨਾਂ ਨੇ ਬੋਲ ਕੇ ਕਦੇ ਨਾ ਦੱਸਣਾ।
ਗਰਮੀ ਗਈ ਹੈ ਹੁਣ ਆ ਮੱਖਣਾ,
ਬੂਟੇ ਤੇ ਪੰਛੀਆਂ ਦਾ ਖਿਆਲ ਰੱਖਣਾ।

ਹਰਪ੍ਰੀਤ ਪੱਤੋ
94658-21417

## ਪਹਿਲੀ ਪਾਤਸ਼ਾਹੀ

ਥਾਵਾਂ, ਹਵਾਵਾਂ ਟਹਿਕੀਆਂ ਨੇ
ਸਭ ਰਸਤੇ ਰੁਸ਼ਨਾ ਗਏ ਨੇ
ਦਰਵਾਜ਼ੇ ਖੁੱਲ੍ਹੇ ਬਹਿਸ਼ਤ ਦੇ
ਧਰਤ ਨੂੰ ਭਾਗ ਲਗਾ ਗਏ ਨੇ।

ਹਰ ਕਿਣਕੇ 'ਚ ਮਹਿਕਾਂ ਸੱਚ ਦੀਆਂ
ਝੂਠ ਨੂੰ ਰਾਹ ਨਾ ਲੱਭਦੇ ਨੇ
ਸੀ ਦੱਬੇ ਕੁਚਲੇ ਜੋ ਜ਼ੁਲਮਾਂ ਦੇ
ਹੁਣ ਵਾਂਗ ਘੰਡੇ ਦੇ ਗੱਜਦੇ ਨੇ।

ਮਿੱਟੀ ਵਿੱਚ ਵਿਸਮਾਦ ਮਹਿਕੇ
ਵਹਿ ਤੁਰੇ ਨੇ ਝਰਨੇ ਨੂਰ ਦੇ
ਉਹ ਵੰਡਦਾ ਬਾਣੀ ਸ਼ਹਿਦ ਜਿਹੀ
ਭਰ -ਭਰ ਕੇ ਬਾਟੇ ਸਰੂਰ ਦੇ।

ਕਿਰਤ ਦੀ ਬਾਤ ਪਾਂਵਦਾ ਉਹ
ਕਰਤਾਰਪੁਰ ਚ ਹੱਲ ਚਲਾਂਵਦਾ
ਬਾਬਰ ਨੂੰ ਸ਼ਬਦੀਂ ਲਲਕਾਰ ਕੇ
ਮਾਨਵਤਾ ਦੀ ਜੜ੍ਹ ਉਹ ਲਾਂਵਦਾ।

ਭਲਾ ਸਰਬੱਤ ਦਾ ਮੰਗੇ ਉਹ
ਪੈਗੰਬਰੀ ਝੋਲਾ ਪਾਇਆ ਏ
ਮਿਟ ਧੁੰਦ ਸਭ ਹਨੇਰ ਗਏ
ਸੂਹੇ ਸੂਰਜਾਂ ਦਾ ਜਾਇਆ ਏ।



ਦਿਲਬਾਗ ਰਿਉਂਦ
ਜ਼ਿਲ੍ਹਾ ਮਾਨਸਾ (ਪੰਜਾਬ)

## ਜਿੰਦੇ !

ਫੁੱਲਾਂ ਭਰੀ ਕਿਆਰੀ ਜਿੰਦੇ,
ਕੰਡਿਆਂ ਦੀ ਹੈ ਖਾਰੀ ਜਿੰਦੇ!
ਮਹਿਕਾਂ ਵੰਡਦੀ ਸਾਰੀ ਜਿੰਦੇ,
ਕਾਦਰ ਦੀ ਫਨਕਾਰੀ ਜਿੰਦੇ!
ਸਭ ਜੱਗ ਤੋਂ ਨਿਆਰੀ ਜਿੰਦੇ,
ਜ਼ਿੰਦਗੀ ਹੈ ਪਿਆਰੀ ਜਿੰਦੇ।

ਚੁਗਕੇ ਚੋਗ ਖਿਲਾਰੀ ਜਿੰਦੇ,
ਕਰ ਕੇ ਰੱਖ ਤਿਆਰੀ ਜਿੰਦੇ।
ਮੌਤ ਨ ਮਨੋ ਵਿਸਾਰੀ ਜਿੰਦੇ,
(ਪਰ)
ਤੁਰ ਜਾਣਾ ਵਾਰੋ ਵਾਰੀ ਜਿੰਦੇ।
ਨਿੱਤ ਹੁੰਦੀ ਮਾਰੋ ਮਾਰੀ ਜਿੰਦੇ,
ਲੱਗੇ ਦੁਨੀਆਂ ਦੋਧਾਰੀ ਜਿੰਦੇ।

ਤੱਕ ਤੱਕ ਰੋਜ਼ ਖੁਆਰੀ ਜਿੰਦੇ,
ਜਾਪੇ ਮੱਤ ਗਈ ਮਾਰੀ ਜਿੰਦੇ।
ਦੁੱਖ ਨੇ ਭੁਗਤ ਸੰਵਾਰੀ ਜਿੰਦੇ,
ਨਾ ਕਰ ਤੂੰ ਹੁਸ਼ਿਆਰੀ ਜਿੰਦੇ।
ਜ਼ਿਆਦਾ ਚੋਰ ਚਕਾਰੀ ਜਿੰਦੇ,
ਹੋਣੀ ਫਿਰੇ ਹੈਂਸਿਆਰੀ ਜਿੰਦੇ।

ਬਣ ਬਣ ਲੱਖ ਬਪਾਰੀ ਜਿੰਦੇ,
ਅੰਤ ਸਮੇਂ ਬਾਜ਼ੀ ਹਾਰੀ ਜਿੰਦੇ।
ਬਣ ਨਾ ਕਦੀ ਹੰਕਾਰੀ ਜਿੰਦੇ,
ਬਾਣੀ ਦਾ ਅਧਿਕਾਰੀ ਜਿੰਦੇ।
ਚੜ੍ਹ ਜੇ ਨਾਮੁ ਖੁਮਾਰੀ ਜਿੰਦੇ,
ਤਾਂ ਹੋਏ ਪਾਰ ਉਤਾਰੀ ਜਿੰਦੇ।



ਸੇਵਾ ਸਿੰਘ 'ਨੂਰਪੁਰੀ'

## ਹੋਵੇ ਜੇ ਗਿਆਨ

ਹੋਵੇ ਜੇ ਗਿਆਨ, ਵੰਡ ਦੇਈਏ ਸਭ ਨੂੰ
ਟਿੱਚਰ ਨਾ ਕਰੀਏ, ਕਿਸੇ ਦੇ ਰੱਬ ਨੂੰ ।
ਹਰਾਮ ਦੀ ਕਮਾਈ ਦਾ ਨਹੀਂ ਮਾਣ ਕਰੀਦਾ ,
ਕੌਲੀ ਚੱਟਾ ਪਿਛੇ, ਕਦੇ ਨਹੀਂ ਲੜੀਦਾ,
ਆਪਣੇ ਨਾ ਗਲ , ਪਾਈਏ ਕਿਸੇ ਦੇ ਚੱਬ ਨੂੰ ।
ਹੋਵੇ ਜੇ...
ਜਣੇ ਖਣੇ ਨਾਲ ਨਹੀਂ, ਰਿਸ਼ਤਾ ਗੰਢੀਦਾ,
ਆਪਣੇ ਸਕੇ ਨੂੰ, ਨਹੀਂ ਕਿਸੇ ਕੋਲੇ ਭੰਡੀਦਾ,
ਗੰਦੀ ਮੰਦੀ ਥਾਂ ਤੋਂ ਬਚਾ, ਪੈਰ ਪੱਬ ਨੂੰ।
ਹੋਵੇ ਜੇ ...
ਜ਼ਿੰਦਗੀ ਨੂੰ ਜਿੱਤਣ ਦੀ ਗੱਲ ਕੋਈ ਨਾ ,
ਵਹਿਮ ਤੇ ਭਰਮ ਦਾ ਹੱਲ ਕੋਈ ਨਾ ,
ਥਾਂ ਨਾ ਟਿਕਾਣਾ, ਮਿਲੇ ਕਦੇ ਰੌਸੇ ਚੱਬ ਨੂੰ ।
ਹੋਵੇ ਜੇ ...
ਕਰਮਾਂ ਤੋਂ ਬਿਨਾਂ, ਚੰਗੇ ਨਾ ਭੈਣ ਭਰਾ ਮਿਲਦੇ,
ਨਾ ਹਰ ਘਰ, ਖੁਸ਼ੀਆਂ ਦੇ ਫੁੱਲ ਖਿਲਦੇ,
'ਦਰਦੀ' ਕਰੇ ਅਰਦਾਸ, ਭਰ ਸ਼ਬਦਾਂ ਦੇ ਟੱਬ ਨੂੰ ।
ਹੋਵੇ ਜੇ ...

ਸ਼ਿਵਨਾਥ ਦਰਦੀ
9855155392

## ਫੁਲਕਾਰੀ

ਮੈਂ ਤੇਰੀ ਸਹੇਲੀ ਆਂ, ਫੁਲਕਾਰੀ ਨੀ ਸਹੇਲੀਏ,
ਜਿਹੜੀ ਕਦੀ ਤੈਨੂੰ ਹੁੰਦੀ ਸੀ,
ਜਾਨ ਤੋਂ ਪਿਆਰੀ ਨੀ ਸਹੇਲੀਏ।

ਮੈਂ ਤਾਂ ਰਹਿਣਾ ਚਹੁੰਦੀ ਸੀ ਬਣ ਪਰਛਾਵਾਂ ਤੇਰਾ,
ਬੇਬੱਸ ਫਿਰ ਮੈਂ ਕੀ ਕਰਦੀ,
ਜਦ ਤੂੰ ਹੀ ਤੋੜ ਗਈ ਯਾਰੀ ਨੀਂ ਸਹੇਲੀਏ।
ਕਰ ਗ਼ੌਰ, ਮੈਂ ਤੇਰੀ ਸਹੇਲੀ ਆਂ,
ਫੁਲਕਾਰੀ ਨੀ ਸਹੇਲੀਏ।

ਕਿਉਂ ਹੋ ਗਈ ਬੇਗਾਨੀ ਦੱਸ ਨੀਂ ਅੜੀਏ,
ਕਿਉਂ ਬਦਲ ਲਏ ਤੇ ਰਾਹ ਆਪਣੇ,
ਮੈਂ ਤੇ ਕਦੀ ਤੈਨੂੰ ਕਹੀ ਨਾ,
ਚੰਗੀ ਮਾੜੀ ਨੀਂ ਸਹੇਲੀਏ,
ਕਰ ਗ਼ੌਰ, ਮੈਂ ਤੇਰੀ ਸਹੇਲੀ ਆਂ,
ਫੁਲਕਾਰੀ ਨੀ ਸਹੇਲੀਏ।

ਨਿਰਾਸ਼ ਕਿਉਂ ਕੁਝ ਦਸ ਤਾਂ ਸਹੀ,
ਮੇਰਾ ਤਰਲੇ ਪਾਉਂਦੀ ਦਾ ਮਾ ਰੱਖ ਤਾ ਸਹੀ,
ਹੁਣ ਹੁਣ ਸਾਂਭ ਲੈ ਮੌਕਾ ਕਿਤੇ,
ਹੋ ਨਾ ਜਾਵੇ ਨੁਕਸਾਨ ਭਾਰੀ ਨੀਂ ਸਹੇਲੀਏ,
ਕਰ ਗ਼ੌਰ, ਮੈਂ ਤੇਰੀ ਸਹੇਲੀ ਆਂ,
ਫੁਲਕਾਰੀ ਨੀ ਸਹੇਲੀਏ।

'ਰਾਜ ਹੰਬੜਾਂ' ਅੱਜ ਵੀ ਉਡੀਕ ਤੇਰੀ,
ਮੋੜ ਪੈਰ ਪਿੱਛਾਂਹ ਨੂੰ ਤੂੰ ਮੰਨ ਕੇ ਮੇਰੀ,
ਨਿੱਕੀ ਨਿੱਕੀ ਗਲ ਉੱਤੇ ਰੁਸ ਕੇ,
ਛੱਡੀ ਪਾ ਨਾ ਰੂਹਾਂ ਦੀ ਰਿਸ਼ਤੇਦਾਰੀ ਨੀਂ,
ਕਰ ਗ਼ੌਰ ਮੈਂ ਤੇਰੀ ਸਹੇਲੀ ਆਂ
ਫੁਲਕਾਰੀ ਨੀ ਸਹੇਲੀਏ।



ਗੀਤਕਾਰ ਹਰਵਿੰਦਰ ਸਿੰਘ 'ਸੱਲ੍ਹਣ'
09550-86146

## ਮਾਂ

ਬਣਦੇ ਫ਼ਰਜ਼ ਨਿਭਾਵਾਂ ਕਿਵੇਂ
ਮਾਂ ਦਾ ਕਰਜ਼ ਚੁਕਾਵਾਂ ਕਿਵੇ

ਰੂਹ ਦਾ ਪੰਛੀ ਉੱਡ ਗਿਆ ਏ
ਹੁਣ ਮੈ ਦੁੱਖ ਵੰਡਾਵਾਂ ਕਿਵੇ

ਵਿਤ ਤੋਂ ਵੱਧ ਛਾਲ ਜੋ ਮਾਰੀ
ਪਿਛੇ ਹੁਣ ਮੁੜ ਜਾਵਾਂ ਕਿਵੇ

ਮਾਂ ਦੀ ਗੋਦ ਜਨਤੋਂ ਪਿਆਰੀ
ਬਚਪਨ ਫਿਰ ਤੋਂ ਪਾਵਾਂ ਕਿਵੇ

ਦੇਸੀ ਘਿਉ ਨਾਲ ਕੁੱਟੀ ਚੂਰੀ
ਮਾਂ ਦੇ ਹੱਥ ਦੀ ਖਾਵਾਂ ਕਿਵੇਂ

ਦੂਰ ਦੁਰਾਡੇ ਕਿਧਰੇ ਖੋਇਆਂ
ਲੱਭਾਂ ਹੁਣ ਉਹ ਰਾਹਵਾਂ ਕਿਵੇਂ

ਜਿਹੜੇ ਹੱਥ ਸੀ ਚੁਮਦੇ ਮੱਥਾ
ਸਿਰ ਦੇ ਉਤੇ ਟਿਕਾਵਾਂ ਕਿਵੇ

ਜਨਤ ਸੀ ਜੋ ਮਾਂ ਦੀ ਗੋਦ ਚ
ਗਲੇ ਮੈ ਪਾਵਾਂ ਬਾਹਵਾਂ ਕਿਵੇ

ਵਾਪਸ ਆਜਾ ਨਿੱਤ ਆਖਦੀ
ਮਾਂ ਦੇ ਬੋਲ ਪੁਗਾਵਾਂ ਕਿਵੇ

ਚਿੱਤ ਕਰੇ ਮੇਰਾ ਵੇਖਲਾਂ ਤੈਨੂੰ
ਛਾਲ ਮਾਰ ਕੇ ਆਵਾਂ ਕਿਵੇਂ

ਜਿਥੋਂ ਕੋਈ ਨਾ ਵਾਪਸ ਆਵੇ
ਉਥੋਂ ਮੋੜ ਲਿਆਵਾਂ ਕਿਵੇਂ

ਮਾਂ ਵਾਂਗੂ ਮੇਰਾ ਮੱਥਾ ਚੁੰਮਣ
ਉਹ ਕਵਿਤਾਵਾਂ ਗਾਵਾਂ ਕਿਵੇਂ

ਤਪ ਰਹੀ ਏ ਧਰਤੀ ਬਿੰਦਰਾ
ਮਾਣਾ ਠੰਢੀਆਂ ਛਾਵਾਂ ਕਿਵੇਂ



ਬਿੰਦਰ ਸਾਹਿਤ ਇਟਲੀ.....

## ਸਿਆਸਤ

ਕਿੰਝ ਮੱਘੇਗਾ, ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ?
ਜਿਥੇ ਵਗਦੀ ਰਹੀ ਹੈ ਹਮੇਸ਼ਾ
ਸਿਆਸਤ ਦੀ ਗੰਧਲੀ ਹਵਾ।
ਟਿਕਟਾਂ ਦਾ ਵਿਕਣਾ ਸ਼ਰਿਆਮ ਹੈ ਜਿਥੇ
ਜਿੱਤ ਕੇ ਵੀ ਵਿਕ ਜਾਣਾ ਆਮ ਹੈ ਜਿਥੇ,
ਹਰ ਪਾਰਟੀ ਚੰਦੇ ਤੇ ਖੜੀ ਹੈ ਜਿਥੇ
ਰਾਜਨੀਤੀ ਧੰਦੇ ਤੇ ਖੜੀ ਹੈ ਜਿਥੇ,
ਵਿਕਦੀਆਂ ਨੇ ਵੋਟਾਂ ਜਿਥੇ
ਕੌਡੀਆਂ ਦੇ ਭਾਅ।
ਕਿੰਝ ਮੱਘੇਗਾ, ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ?
ਜਹਾਜ਼ਾਂ ਦੇ ਘੁਟਾਲੇ ਨੇ ਜਿਥੇ
ਤੋਪਾਂ ਤੇ ਟੈਂਕਾ ਦੇ ਘੁਟਾਲੇ ਨੇ ਜਿਥੇ,
ਰੇਲਾਂ ਤੇ ਬੈਂਕਾਂ ਦੇ ਘੁਟਾਲੇ ਨੇ ਜਿਥੇ
ਕਾਲਾ ਧੰਨ ਰਿਹਾ ਵਿਦੇਸ਼ਾਂ ਚ ਜਾ
ਕਿੰਝ ਮੱਘੇਗਾ, ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ?
ਜਿਥੇ ਵਗਦੀ ਰਹੀ ਹੈ ਹਮੇਸ਼ਾ
ਸਿਆਸਤ ਦੀ ਗੰਧਲੀ ਹਵਾ।
ਸਰਮਾਏਦਾਰੀ ਅਤੇ ਹਾਕਮਾਂ ਦੀ
ਸਾਂਝ ਹੈ ਬੜੀ ਪੁਰਾਣੀ ਜਿਥੇ,
ਆਮ ਨੂੰ ਸਮਝ ਨਹੀਂ ਆਉਣੀ
ਇਹ ਸਭ ਰਾਮ ਕਹਾਣੀ ਜਿਥੇ,
ਕਿਰਤੀਆਂ ਤੇਰੇ ਹੱਕ ਸੀ ਜਿਹੜੇ
ਕੌਣ ਰਿਹਾ ਏ ਖਾ,
ਕਿੰਝ ਮੱਘੇਗਾ, ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ?
ਜਿਥੇ ਵਗਦੀ ਰਹੀ ਹੈ ਹਮੇਸ਼ਾ
ਸਿਆਸਤ ਦੀ ਗੰਧਲੀ ਹਵਾ।



ਕੁਲਦੀਪ ਸਾਹਿਲ
9417990040

## ਕਵਿਤਾ

ਬੁਢਾਪਾ ਸਭ ਤੇ ਆਣਾ ਹੈ
ਇਹ ਇੱਕ ਅਟੱਲ ਸਚਾਈ ਹੈ।
ਸੋਚ ਕੇ ਆਣ ਵਾਲੇ ਬੁਢਾਪੇ ਬਾਰੇ
ਤੂੰ ਕਿਉਂ ਜ਼ਿੰਦ ਫਿਕਰਾਂ 'ਚ ਪਾਈ ਹੈ?
ਬੁਢਾਪੇ ਦੇ ਆਣ ਤੋਂ ਪਹਿਲਾਂ
ਕੁੱਝ ਗੱਲਾਂ ਧਿਆਨ 'ਚ ਰੱਖੀਂ।
ਬੁਢਾਪਾ ਚੰਗਾ ਲੰਘਾਣ ਲਈ
ਕੁੱਝ ਮਾਇਆ ਬੈਂਕ 'ਚ ਪਾ ਛੱਡੀਂ।
ਫੇਰ ਸਭ ਨੇ ਤੇਰੇ ਕੋਲ ਆਣਾ ਏਦਾਂ
ਜਿੱਦਾਂ ਲੋਹਾ ਚੁੰਬਕ ਵੱਲ ਜਾਵੇ ਨੱਸ ਕੇ।
ਬੁਢਾਪਾ ਤੈਨੂੰ ਮਹਿਸੂਸ ਨਹੀਂ ਹੋਣਾ
ਜਦ ਨੂੰਹ ਨੇ ਤੈਨੂੰ ਰੋਟੀ ਦੇਣੀ ਹੱਸ ਕੇ।
ਤੂੰ ਸਵੇਰੇ ਸਮੇਂ ਸਿਰ ਉੱਠ ਕੇ
ਹੌਲੀ, ਹੌਲੀ ਸੈਰ ਕਰ ਲਿਆ ਕਰੀਂ।
ਖਾਲੀ ਪੇਟ ਪਾਣੀ ਦਾ ਗਲਾਸ ਪੀ ਕੇ
ਹਾਜ਼ਮਾ ਦਰੁਸਤ ਕਰ ਲਿਆ ਕਰੀਂ।
ਲਾਲਚ ਕਰੀਂ ਨਾ ਮਿੱਠੀਆਂ ਚੀਜ਼ਾਂ ਦਾ
ਇਹ ਸਿਹਤ ਲਈ ਮਾੜੀਆਂ ਨੇ।
ਬੁਢਾਪੇ ਦੇ ਵਿੱਚ ਲੱਗ ਜਾਂਦੀਆਂ
ਕਈ ਚੰਦਰੀਆਂ ਬੀਮਾਰੀਆਂ ਨੇ।
ਨੂੰਹ, ਪੁੱਤ ਦੇ ਕੰਮਾਂ ਦੇ ਵਿੱਚ
ਨਾ ਬੇਲੋੜਾ ਤੂੰ ਦਖ਼ਲ ਦੇਵੀਂ।
ਸਮਝਣ ਇਹ ਖ਼ੁਦ ਨੂੰ ਸਿਆਣੇ
ਭੁੱਲ ਕੇ ਵੀ ਨਾ ਇਨ੍ਹਾਂ ਨੂੰ
ਅਕਲ ਦੇਵੀਂ।



ਮਹਿੰਦਰ ਸਿੰਘ ਮਾਨ
9915803554

## ਨਫਰਤ

ਨਫ਼ਰਤ ਬੀਜੇਂਗਾ, ਨਫ਼ਰਤ ਹੀ ਪਊ ਵੱਢਣੀ
ਪਿਆਰ ਵੰਡੇਂਗਾ ਤਾਂ, ਮਿਲੇਗਾ ਪਿਆਰ ਮੀਆਂ

ਟੋਇਆ ਪੁੱਟਦੈਂ ਜੋ, ਦੂਜੇ ਦੇ ਡੇਗਣੇ ਲਈ
ਡਿੱਗਣਾ ਖ਼ੁਦ ਹੀ ਤੂੰ ਆ ਵਿਚਕਾਰ ਮੀਆਂ

ਇੱਕੋ ਜਿਹਾ ਹਮੇਸ਼ਾਂ ਨਹੀਂ ਵਕਤ ਰਹਿੰਦਾ
ਹੁੰਦੀ ਸਦਾ ਈ ਨਹੀਂ, ਜੈ-ਜੈ ਕਾਰ ਮੀਆਂ

ਮਾਇਆ, ਹੁਸਨ ਤੇ ਰੁਤਬੇ ਦਾ 'ਖ਼ੁਸ਼ੀ ਮੁਹੰਮਦਾ'
ਬਹੁਤਾ ਕਰੀਦਾ ਨਹੀਓਂ, ਅਹੰਕਾਰ ਮੀਆਂ

ਖੁਸ਼ੀ ਮੁਹੰਮਦ "ਚੱਠਾ"
ਸੰਪਰਕ - 9779025356

Dosanjh Family
AUTO GROUP

Cadillac
CHEVROLET
INFINITI
KIA
NISSAN
BUICK
GMC
CHRYSLER
Jeep®
DODGE
RAM
TOYOTA
Ford
ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD